# ਲੀਰੋਂ ਲੱਥੇ



ਸਾਧੂ ਬਿਨਿੰਗ

# ਲੀਹੋਂ ਲੱਥੇ

ਕਹਾਣੀ ਸੰਗ੍ਰਹਿ

## ਸਾਧੂ ਬਿਨਿੰਗ

ਰਵੀ ਸਾਹਿਤ ਪ੍ਰਕਾਸ਼ਨ
ਹਾਲ ਬਾਜ਼ਾਰ, ਅੰਮ੍ਰਿਤਸਰ

**ਲੇਖਕ ਦੀਆਂ ਹੋਰ ਕਿਤਾਬਾਂ:**

2025 **ਨਾਸਤਿਕ ਹੋਣਾ** (ਕਾਵਿ-ਸੰਗ੍ਰਹਿ)

2023 **ਨਾਸਤਿਕ ਬਾਣੀ** (ਦੂਸਰਾ ਐਡੀਸ਼ਨ 2013 ਵਿੱਚ। ਪਹਿਲਾ 2012 ਵਿੱਚ)

2017 **ਬੇਇੱਜ਼ਤ** (ਸਰਬਜੀਤ ਕੌਰ ਅਠਵਾਲ ਦੀ ਪੁਸਤਕ Shamed ਦਾ ਅਨੁਵਾਦ - ਸੁਖਵੰਤ ਹੁੰਦਲ ਤੇ ਗੁਰਮੇਲ ਰਾਏ ਨਾਲ ਸਾਂਝਾ)

2016 **ਕਨੇਡਾ ਵਿਚ ਪੰਜਾਬੀ ਬੋਲੀ:** ਕਨੇਡਾ ਅਤੇ ਖਾਸ ਕਰ ਬਿਟ੍ਰਿਸ਼ ਕੋਲੰਬੀਆ ਵਿੱਚ ਪੰਜਾਬੀ ਬੋਲੀ ਦੇ ਵਿਕਾਸ ਹਿੱਤ ਹੋਈਆਂ ਸਰਗਰਮੀਆਂ ਦਾ ਦਸਤਾਵੇਜ

2015 **ਜੁਗਤੂ** (ਨਾਵਲ) (ਪਹਿਲਾ ਐਡੀਸ਼ਨ 2002 ਵਿਚ)

2014 **Fauji Banta Singh and Other Stories** (Short Fiction in English) **ਫੌਜੀ ਬੰਤਾ ਸਿੰਘ ਐਂਡ ਅਦਰ ਸਟੋਰੀਜ਼**

2001 **ਬੱਢ ਢਿੱਲੋਂ ਅਤੇ ਤੋਤੇ ਦੀ ਚੁੰਝ** (ਕਰਤਾਰ ਢਿੱਲੋਂ ਦੀ ਲਿਖਤ ਦਾ ਅਨੁਵਾਦ)

2001 **ਲੱਤਾਂ ਦੇ ਭੂਤ** (ਨਾਟਕ ਸੰਗ੍ਰਹਿ - ਸੁਖਵੰਤ ਹੁੰਦਲ ਨਾਲ ਸਾਂਝਾ)

2001 **ਲੀਹੋਂ ਲੱਥੇ** (ਕਹਾਣੀ ਸੰਗ੍ਰਹਿ) (ਪਹਿਲਾ-1994 ਵਿੱਚ)

2001 **ਯਾਰ ਮੇਰਾ ਦਰਿਆ** (ਕਾਵਿ-ਸੰਗ੍ਰਹਿ)

2001 **ਕਿਸ ਦਾ ਕਸੂਰ** (ਕਹਾਣੀ-ਸੰਗ੍ਰਹਿ) (ਪਹਿਲਾ 1982 ਵਿੱਚ)

2000 **ਸੰਘਰਸ਼ ਦੇ ਸੌ ਵਰ੍ਹੇ: ਕਨੇਡਾ ਵਿੱਚ ਪੰਜਾਬੀ ਪ੍ਰਗਤੀਸ਼ੀਲ ਲਹਿਰ** (ਸੁਖਵੰਤ ਹੁੰਦਲ ਨਾਲ ਸਾਂਝੀ ਖੋਜ)

2000 **ਕਥਾ ਕਨੇਡਾ** (ਸਹਿ-ਸੰਪਾਦਿਤ (ਸੁਖਵੰਤ ਹੁੰਦਲ ਨਾਲ) ਕਹਾਣੀ ਸੰਗ੍ਰਹਿ)

1997 **ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਵੇਂ ਲਿਆ** (ਸੁਖਵੰਤ ਹੁੰਦਲ ਨਾਲ ਸਾਂਝੀ ਖੋਜ)

1995 **ਪਿਕਟ ਲਾਈਨ** (ਨਾਟਕ ਸੰਗ੍ਰਹਿ - ਸੁਖਵੰਤ ਹੁੰਦਲ ਨਾਲ ਸਾਂਝਾ)

1994 **No More Watno Dur** (Bilingual Poetry Collection) **ਵਤਨੋਂ ਦੂਰ ਨਹੀਂ** (ਦੋਭਾਸ਼ੀ ਕਾਵਿ-ਸੰਗ੍ਰਹਿ)

1990 **ਰਿਸ਼ਤੇ ਦਰਿਆਵਾਂ ਦੇ** (ਕਾਵਿ-ਸੰਗ੍ਰਹਿ)

1988 **ਮਲੂਕਾ** (ਸਾਧੂ ਸਿੰਘ ਧਾਮੀ ਦਾ ਨਾਵਲ - ਸੁਖਵੰਤ ਹੁੰਦਲ ਤੇ ਗੁਰਮੇਲ ਰਾਏ ਨਾਲ ਸਾਂਝਾ ਅਨੁਵਾਦ)

1986 **ਜੰਗਲ ਦੇ ਵਿਰੁੱਧ** (ਸਹਿ-ਸੰਪਾਦਿਤ (ਸੁਖਪਾਲ ਨਾਲ) ਕਾਵਿ-ਸੰਗ੍ਰਹਿ)

1976 **ਸੋਨੇ ਰੰਗੀ ਸੜਕ** (ਕਾਵਿ-ਸੰਗ੍ਰਹਿ)

ਸਾਧੂ ਬਿਨਿੰਗ ਦੀਆਂ ਰਚਨਾਵਾਂ ਪੰਜਾਬੀ ਅਤੇ ਅੰਗਰੇਜ਼ੀ ਦੇ ਸੱਠ ਤੋਂ ਉੱਪਰ ਸੰਗ੍ਰਹਿਆਂ ਵਿੱਚ ਸ਼ਾਮਲ ਹਨ। ਉੱਪਰਲੀ ਸੂਚੀ ਵਿੱਚ ਦਰਜ ਕੁਝ ਕਿਤਾਬਾਂ ਸਾਧੂ ਦੇ ਨਾਮ ਥੱਲੇ ਛਪੀਆਂ ਹਨ। ਬ੍ਰਿਟਿਸ਼ ਕੋਲੰਬੀਆ, ਕਨੇਡਾ ਵਿੱਚ ਪੰਜਾਬੀ ਦੂਜੀ ਭਾਸ਼ਾ ਵਜੋਂ ਪੜ੍ਹਾਉਣ ਲਈ ਸਾਧੂ ਬਿਨਿੰਗ ਵਲੋਂ ਚਾਰ ਪੁਸਤਕਾਂ ਲਿਖੀਆਂ ਗਈਆਂ ਹਨ।

**Lihon Lathey** (Short Stories)
by Sadhu Binning

**© ਸਾਧੂ ਬਿਨਿੰਗ ਡੀ ਲਿੱਟ**

**Sadhu Binning D. Litt.**
4333 Portland Street
Burnaby, BC, Canada, V5J 2N5
Email: sadhu.binning@gmail.com

ISBN - 81-7143-305-7

ਪਹਿਲੀ ਵਾਰ: 1994
ਦੂਜੀ ਵਾਰ : 2001

ਪ੍ਰਕਾਸ਼ਕ:
ਰਵੀ ਸਾਹਿਤ ਪ੍ਰਕਾਸ਼ਨ
ਹਾਲ ਬਾਜ਼ਾਰ, ਅੰਮ੍ਰਿਤਸਰ (ਭਾਰਤ) 143006

ਛਾਪਕ:
ਪ੍ਰਿੰਟਵੈੱਲ, 146 ਫੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਤ

**ਆਪਣੇ ਛੋਟੇ ਵੀਰ**

**ਪਾਲ (ਭੋਲੂ) ਬਿਨਿੰਗ ਲਈ**

# ਤਤਕਰਾ


| | |
|---|---|
| ਲੀਹੋਂ ਲੱਥੇ | 7 |
| ਪਿਓ ਪੁੱਤਰ | 20 |
| ਦਿਨ-ਕਟੀ | 31 |
| ਬਰਫ ਦਾ ਗੀਤ | 43 |
| ਜਗੀਰੂ ਲੰਬੜ | 65 |
| ਬਾਰਾਂ ਤੋਂ ਪਹਿਲਾਂ | 71 |
| ਮੇਰਾ ਸ਼ੀਸ਼ਾ | 89 |
| ਫਾਰਮਰ ਜੈਰੀ | 93 |
| ਚੱਕਰ | 109 |
| ਲੇਖਕ ਬਾਰੇ | 117 |

# ਲੀਹੋਂ ਲੱਥੇ

...ਅੱਜ ਫੇਰ ਨੀਂਦ ਨਹੀਂ ਆ ਰਹੀ। ਜੇ ਮੈਂ ਅੱਖਾਂ ਬੰਦ ਕਰਦਾ ਹਾਂ ਤਾਂ ਫੇਰ ਉਹੀ ਭਿਆਨਕ ਸੀਨ ਮੇਰੀਆਂ ਅੱਖਾਂ ਅੱਗੇ ਆ ਜਾਂਦਾ ਹੈ। ਭਾਵੇਂ ਘਟਨਾ ਵਾਪਰੀ ਨੂੰ ਕਾਫੀ ਅਰਸਾ ਹੋ ਗਿਆ ਹੈ ਤੇ ਹੁਣ ਏਦਾਂ ਬਹੁਤ ਘੱਟ ਹੁੰਦਾ ਹੈ। ਪਰ ਫੇਰ ਵੀ ਕਦੇ ਕਦੇ ਉਸੇ ਭਿਆਨਕ ਸੀਨ ਦੀ ਯਾਦ ਮੈਨੂੰ ਤੰਗ ਕਰਨ ਲਗਦੀ ਹੈ। ਖਾਸ ਤੌਰ'ਤੇਐਤਵਾਰ ਵਾਲੇ ਦਿਨ। ਕਈ ਵਾਰੀ ਆਪਣੇ ਆਪ ਨੂੰ ਭੁਲੇਖਾ ਪਾਉਣ ਲਈ ਮੈਂ ਸੋਚਦਾ ਹਾਂ ਕਿ ਸ਼ਾਇਦ ਕੰਮ 'ਤੇ ਜਾਣ ਡਰੋਂ ਏਦਾਂ ਹੁੰਦਾ ਹੋਵੇ ਪਰ ਫੇਰ ਆਪ ਹੀ ਆਪਣੀ ਚਲਾਕੀ ਫੜ ਲੈਂਦਾ ਹਾਂ। ਡਾਕਟਰ ਦਾ ਕਹਿਣਾ ਹੈ ਕਿ ਇਹੋ ਜਿਹੇ ਹਾਦਸੇ ਦੇ ਅਸਰ ਨੂੰ ਖਤਮ ਹੁੰਦਿਆਂ ਦੇਰ ਲੱਗ ਜਾਂਦੀ ਹੈ।

... ਸਾਡੇ ਘਰ ਦੇ ਲਾਗੇ ਹੀ ਰਹਿੰਦੀ ਉਹ ਸਿਆਣੀ ਉਮਰ ਦੀ ਔਰਤ, ਜਿਹਨੂੰ ਮੇਰੀ ਮਾਂ ਮਾਸੀ ਕਹਿ ਕੇ ਬੁਲਾਉਂਦੀ ਹੈ, ਮੇਰੇ ਵੱਲ ਦੇਖ ਕੇ ਬੜੀ ਫਿਕਰਮੰਦ ਹੁੰਦੀ ਹੈ। ਉਹ ਔਰਤ ਹੁਣੇ ਹੁਣੇ ਦੇਸੋਂ ਆਈ ਹੈ। ਮੇਰੀ ਮਾਂ ਨੂੰ ਉਸ ਦਾ ਸੁਭਾਅ ਆਪਣੀ ਮਾਂ ਦੇ ਸੁਭਾਅ ਨਾਲ ਮਿਲਦਾ-ਜੁਲਦਾ ਲਗਦਾ ਹੈ, ਇਸ ਕਰਕੇ ਉਸ ਨੂੰ ਮਾਸੀ ਕਹਿਣ ਲੱਗ ਪਈ ਹੈ। ਮੈਂ ਤੇ ਮੇਰੀ ਭੈਣ ਰੇਸ਼ੀ ਉਸ ਨੂੰ ਮਾਂ ਜੀ ਸੱਦਦੇ ਹਾਂ। ਮਾਂ ਜੀ ਨੂੰ ਸਾਡੇ ਨਾਲ ਹੋਏ ਹਾਦਸੇ ਦਾ ਪਤਾ ਨਹੀਂ ਹੈ। ਸਾਨੂੰ ਜਾਨਣ ਵਾਲਾ ਇੱਥੇ ਹੋਰ ਕੋਈ ਨਹੀਂ ਹੈ ਤੇ ਨਾ ਹੀ ਅਸੀਂ ਕਿਸੇ ਨਾਲ ਜਾਣਕਾਰੀ ਪਾਈ ਹੈ। ਟਰਾਂਟੋ ਦਾ ਇਲਾਕਾ ਛੱਡ ਆਉਣ ਦਾ ਵੀ ਸਾਡਾ ਇਹੀ ਕਾਰਨ ਸੀ ਕਿ ਜਾਣ-ਪਛਾਣ ਵਾਲੇ ਲੋਕਾਂ ਦਰਮਿਆਨ ਰਹਿਣਾ ਸਾਡੇ ਲਈ ਬਹੁਤ ਮੁਸ਼ਕਿਲ ਹੋ ਗਿਆ ਸੀ।

... ਸ਼ੁਕਰ ਹੈ ਕਿ ਇੱਥੇ ਸਾਡੇ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਹੈ। ਉਂਝ ਮਾਂ ਜੀ ਤਾਂ ਏਨਾ ਪਿਆਰ ਕਰਦੀ ਹੈ ਕਿ ਲਗਦਾ ਹੈ ਜੇ ਉਹਨੂੰ ਪਤਾ ਲੱਗ ਹੀ ਜਾਵੇ ਤਾਂ ਵੀ ਸ਼ਾਇਦ ਕੋਈ ਫਰਕ ਨਾ ਪਵੇ। ਸਾਡੇ ਬਾਰੇ ਕੁਝ ਨਾ ਵੀ ਜਾਣਦੀ ਹੋਈ ਉਹ ਪੂਰੀ ਤਰ੍ਹਾਂ ਸਮਝਦੀ ਹੈ ਕਿ ਅਸੀਂ ਕਿਸੇ ਮੁਸੀਬਤ ਦੇ ਮਾਰੇ ਹੋਏ ਹਾਂ। ਉਹ ਇਸ ਬਾਰੇ ਬਹੁਤੇ ਸਵਾਲ ਨਈ ਪੁੱਛਦੀ, ਉਂਝ ਹਰ ਵਕਤ ਸਾਨੂੰ ਸਾਰਿਆਂ ਨੂੰ ਹੌਂਸਲਾ ਦਿੰਦੀ ਰਹਿੰਦੀ ਹੈ। ਕਦੀ ਕਦੀ ਉਹ ਆ ਕੇ ਸਾਡੇ ਵਾਂਗ ਹੀ ਚੁੱਪ-ਚਾਪ ਬੈਠੀ ਰਹਿੰਦੀ ਹੈ। ਤੇ ਕਦੀ ਕਦੀ ਉਹ ਬਹੁਤ ਸੋਹਣੀਆਂ ਗੱਲਾਂ ਕਰਦੀ ਹੈ ਤੇ ਗੱਲਾਂ ਕਰਨ ਦਾ ਉਹਦਾ

ਆਪਣਾ ਈ ਇਕ ਤਰੀਕਾ ਹੈ। ਉਹ ਹਰ ਗੱਲ ਨਾਲ ਕਹੇਗੀ "ਸਿਆਣਿਆਂ ਨੇ ਕਿਹਾ ਹੈ", ਤੇ ਫੇਰ ਕੋਈ ਨਾ ਕੋਈ ਕਹਾਣਾ ਜੋੜ ਦੇਵੇਗੀ। ਮੈਨੂੰ ਤਾਂ ਕਈ ਵਾਰੀ ਕਈਆਂ ਗੱਲਾਂ ਦੀ ਸਮਝ ਵੀ ਨਹੀਂ ਲਗਦੀ ਪਰ ਫੇਰ ਵੀ ਮੈਨੂੰ ਉਹਦੀਆਂ ਗੱਲਾਂ ਬਹੁਤ ਸੋਹਣੀਆਂ ਲਗਦੀਆਂ ਹਨ। ਇਕ ਦਿਨ ਮੈਨੂੰ ਕਹਿੰਦੀ "ਦੀਸ਼ ਪੁੱਤ ਜੀਵਨ ਵਿਚ ਨਿਰਾਸ਼ ਨਹੀਂ ਹੋਈ ਦਾ, ਸਿਆਣਿਆਂ ਨੇ ਕਿਹਾ ਔੜ ਝਾਗਦਿਆਂ ਨੂੰ ਈ ਰੱਬ ਸਾਵਣ ਲਾਉਂਦਾ ਏ। ਤੇ ਨਾ ਹੀ ਪੁੱਤ ਕਿਸੇ ਹੋਰ 'ਤੇ ਝਾਕਾ ਰੱਖੀ ਦੀ ਆ, ਸਿਆਣਿਆਂ ਨੇ ਕਿਹਾ, "ਤਰ ਓਏ ਸੂਰਮਿਆਂ ਆਪਣੀ ਬਾਹੀਂ"। ਉਹਦੀਆਂ ਏਸ ਤਰ੍ਹਾਂ ਦੀਆਂ ਗੱਲਾਂ ਫੇਰ ਮੈਂ ਆਪਣੇ ਮਨ 'ਚ ਦੁਹਰਾਉਂਦਾ ਰਹਿੰਦਾ ਹਾਂ। ਮੇਰੀ ਮਾਂ ਵਾਂਗ ਹੀ ਉਹ ਮੈਨੂੰ ਵੀ ਬਹੁਤ ਆਪਣੀ ਆਪਣੀ ਲੱਗਣ ਲੱਗ ਪਈ ਹੈ। ਮੇਰੀ ਮਾਂ ਤੋਂ ਬਿਨਾਂ ਮੇਰੇ ਬਾਰੇ ਕੋਈ ਫਿਕਰ ਕਰਨ ਵਾਲ਼ੀ ਸ਼ਾਇਦ ਉਹ ਹੀ ਇਕ ਹੋਰ ਔਰਤ ਹੈ। ਅਜੇ ਕੱਲ੍ਹ ਹੀ ਉਹ ਮੇਰੀ ਮਾਂ ਨੂੰ ਕਹਿ ਰਹੀ ਸੀ, "ਨਿੰਮੀਏ ਤੇਰਾ ਮੁੰਡਾ ਤਾਂ ਧੀਏ ਹੁਣੇ ਈ ਕਬੀਲਦਾਰੀ ਨੇ ਦੱਬ ਲਿਆ ਲੱਗਦੈ, ਇਹਦੇ 'ਚ ਤਾਂ ਇਹਦੀ ਉਮਰ ਦੇ ਮੁੰਡਿਆਂ ਵਾਲ਼ੀ ਕੋਈ ਗੱਲ ਈ ਨਹੀਂ।" ਮੇਰੀ ਮਾਂ ਨੇ ਜਵਾਬ ਵਿਚ ਕੁਝ ਕਿਹਾ ਨਹੀਂ, ਬੱਸ ਹੋਰ ਡੂੰਘੀਂ ਸੋਚੀਂ ਪੈ ਗਈ।

...ਬੱਸ ਮੇਰੀ ਮਾਂ ਇਹੀ ਕਰਦੀ ਹੈ: ਹਰ ਗੱਲ ਦੇ ਜਵਾਬ ਵਿਚ ਹੋਰ ਉਦਾਸ ਹੋ ਜਾਂਦੀ ਹੈ ਤੇ ਹੋਰ ਸੋਚਣ ਲਗਦੀ ਹੈ। ਤੇ ਮੈਂ ਵੀ ਮਾਂ ਵਾਂਗ ਹਰ ਵਕਤ ਸੋਚਦਾ ਹੀ ਰਹਿੰਦਾ ਹਾਂ। ਕੰਮ ਤੋਂ ਸਿੱਧਾ ਘਰ ਆ ਜਾਂਦਾ ਹਾਂ। ਕਦੀ ਵੀ ਕਿਤੇ ਨਹੀਂ ਜਾਂਦਾ, ਛੁੱਟ ਨੇੜੇ ਦੀ ਲਾਇਬਰੇਰੀ ਦੇ। ਬੱਸ ਸੋਚਦਾ ਰਹਿੰਦਾ ਹਾਂ ਜਾਂ ਪੜ੍ਹਦਾ ਰਹਿੰਦਾ ਹਾਂ। ਪੰਜਾਬੀ ਦੇ ਜਿੰਨੇ ਵੀ ਨਾਵਲ ਲਾਇਬਰੇਰੀ ਤੋਂ ਮਿਲਦੇ ਹਨ, ਪੜ੍ਹ ਚੁੱਕਾ ਹਾਂ। ਹੁਣ ਤਾਂ ਅੰਗਰੇਜ਼ੀ ਦੇ ਵੀ ਕਈ ਨਾਵਲ ਪੜ੍ਹੇ ਹਨ। ਭਾਵੇਂ ਪੂਰੀ ਸਮਝ ਨਹੀਂ ਲਗਦੀ ਪਰ ਇਸ ਨਾਲ ਮੈਨੂੰ ਕੋਈ ਫਰਕ ਨਹੀਂ ਪੈਂਦਾ। ਮੈਂ ਤਾਂ ਸਿਰਫ ਆਪਣੀਆਂ ਸੋਚਾਂ ਤੋਂ ਪਿੱਛਾ ਛੁਡਾਉਣ ਲਈ ਪੜ੍ਹਦਾ ਹਾਂ। ਹੁਣ ਤਾਂ ਜਦੋਂ ਨੀਂਦ ਨਾ ਆਵੇ ਤੇ ਜਦੋਂ ਟੀ. ਵੀ. ਤੋਂ ਮਨ ਅੱਕ ਜਾਵੇ, ਮੈਂ ਕਦੀ ਕਦੀ ਆਪਣੇ ਅੰਦਰ ਦੀਆਂ ਸੋਚਾਂ ਲਿਖਦਾ ਵੀ ਹਾਂ, ਜਿਵੇਂ ਹੁਣ ਕਰ ਰਿਹਾ ਹਾਂ।

... ਪਰ ਮੇਰੇ ਇਸ ਤਰ੍ਹਾਂ ਆਪਣੇ ਆਪ ਵਿਚ ਰਹਿਣ ਬਾਰੇ ਵੀ ਹੁਣ ਮੇਰੀ ਮਾਂ ਫਿਕਰ ਕਰਨ ਲੱਗ ਪਈ ਹੈ ਤੇ ਉਹਦੀ ਸੋਚ ਤੇ ਫਿਕਰ ਵਿਚ ਹੋਰ ਵਾਧਾ ਹੋ ਗਿਆ ਹੈ। ਜਦ ਕਿ ਮੇਰਾ ਅਜਿਹਾ ਕਰਨ ਦਾ ਕੋਈ ਇਰਾਦਾ ਨਹੀਂ ਸੀ। ਅੱਜ ਇਕ ਹੋਰ ਘਟਨਾ ਵਾਪਰੀ ਹੈ, ਜਿਹਦੇ ਕਰਕੇ ਮੇਰੀਆਂ ਸੋਚਾਂ ਉਲਝ ਗਈਆਂ ਹਨ ਤੇ ਮੈਨੂੰ ਨੀਂਦ ਨਹੀਂ ਆ ਰਹੀ। ਮੈਂ ਆਪਣੀ ਛੋਟੀ ਭੈਣ ਰੇਸ਼ੀ ਨਾਲ ਲੜਿਆਂ ਤਾਂ ਬਹੁਤ ਵਾਰੀ ਹਾਂ ਪਰ ਕਦੀ ਵੀ ਅੱਜ ਵਾਂਗ ਗੁੱਸੇ ਵਿਚ ਆ ਕੇ ਉਹਨੂੰ ਕੁੱਟਿਆ ਨਹੀਂ। ਅੱਜ ਪਤਾ ਨਹੀਂ ਕਿਉਂ ਮੈਨੂੰ ਅਚਾਨਕ ਉਹਦੇ 'ਤੇ ਗੁੱਸਾ ਆ ਗਿਆ। ਮੈਂ ਤਾਂ ਉਹਨੂੰ ਪਾਗਲਾਂ ਵਾਂਗ ਕੁੱਟਣ ਲੱਗ ਪਿਆ। ਮੇਰੀ ਮਾਂ ਰੇਸ਼ੀ ਨੂੰ ਛਡਾਉਂਦੀ ਹੋਈ ਰੋ ਰਹੀ ਸੀ ਤੇ ਕਹਿ

ਰਹੀ ਸੀ ਕਿ ਸਾਰੇ ਜਹਾਨ ਦਾ ਗੁੱਸਾ ਵਿਚਾਰੀ ਆਪਣੀ ਭੈਣ ’ਤੇ ਹੀ ਕੱਢਣਾ ਆਂ। ਮੈਂ ਹੁਣ ਬੜਾ ਪਛਤਾ ਰਿਹਾਂ ਕਿ ਇਹ ਕਿਸ ਤਰ੍ਹਾਂ ਹੋ ਗਿਆ। ਮੈਂ ਕਿਉਂ ਅਚਾਨਕ ਬਿਨਾਂ ਕੁਝ ਸੋਚੇ-ਸਮਝੇ ਏਨਾ ਗੁੱਸੇ ਵਿਚ ਆ ਗਿਆ ਤੇ ਮੈਂ ਤਾਂ ਉਸ ਵਿਚਾਰੀ ਨੂੰ ਇਸ ਤਰ੍ਹਾਂ ਕੁੱਟ ਰਿਹਾ ਸੀ ਜਿਵੇਂ ਉਹਨੂੰ ਮਾਰ ਹੀ ਦੇਣਾ ਹੋਵੇ। ਪਿੱਛੋਂ ਮਾਂ ਜੀ ਨੇ ਮੈਨੂੰ ਬੜਾ ਸਮਝਾਇਆ। ਉਹ ਕਹਿ ਰਹੀ ਸੀ ਕਿ ਮੈਂ ਹੀ ਤਾਂ ਇਹਨਾਂ ਮਾਂਵਾਂ ਧੀਆਂ ਦੀ ਇਕੋ ਇਕ ਆਸ ਹਾਂ। ਮੇਰਾ ਫਰਜ਼ ਤਾਂ ਇਹਨਾਂ ਦੀ ਰਾਖੀ ਕਰਨਾ ਹੈ। ਮਾਂ ਜੀ ਦੀਆਂ ਗੱਲਾਂ ਸਾਰੀਆਂ ਠੀਕ ਹੀ ਤਾਂ ਸਨ। ਮੈਂ ਤਾਂ ਖੁਦ ਹਰ ਵਕਤ ਇਹੀ ਚਾਹੁੰਦਾ ਹਾਂ ਕਿ ਕਦੀ ਮਾਂ ਦੇ ਚਿਹਰੇ ’ਤੇ ਮੁਸਕਾਨ ਦੇਖ ਸਕਾਂ। ਬਿਲਕੁਲ ਉਸ ਕਿਸਮ ਦੀ ਖੁਸ਼ੀ ਜੋ ਆਪਣੇ ਬਚਪਨ ਵੇਲੇ ਮੈਂ ਕਦੀ ਕਦੀ ਉਹਦੇ ਚਿਹਰੇ ’ਤੇ ਦੇਖਦਾ ਹੁੰਦਾ ਸਾਂ। ਜਿਸ ਤਰ੍ਹਾਂ ਦੀ ਖੁਸ਼ੀ ਸਾਡੇ ਟੈਲੀਵੀਟਨ ’ਤੇ ਪਈ ਤਸਵੀਰ ਵਿਚੋਂ ਡੁੱਲ੍ਹ ਡੁੱਲ੍ਹ ਪੈਂਦੀ ਹੈ। ਇਸ ਤਸਵੀਰ ਵਿਚ ਮੈਂ ਆਪਣੀ ਮਾਂ ਤੇ ਡੈਡੀ ਦੇ ਵਿਚਾਲੇ ਬੈਠਾ ਹਾਂ। ਇਹ ਤਸਵੀਰ ਰੇਸ਼ੀ ਦੇ ਜੰਮਣ ਤੋਂ ਪਹਿਲਾਂ ਦੀ ਹੈ। ਇਹ ਤਸਵੀਰ ਹੁਣ ਕਿਸੇ ਤਰ੍ਹਾਂ ਵੀ ਸਾਡੇ ਘਰ ਦਾ ਹਿੱਸਾ ਨਹੀਂ ਜਾਪਦੀ। ਇਹ ਬੀਤ ਚੁੱਕੇ ਘਰ ਦੀ ਤਸਵੀਰ ਹੈ ਜੋ ਹੁਣ ਮੁੜ ਕਦੀ ਵੀ ਸੰਭਵ ਨਹੀਂ ਹੋਵੇਗਾ।

... ਪਰ ਖੁਸ਼ੀ ਭਰੇ ਉਹਨਾਂ ਦਿਨਾਂ ਦਾ ਚੇਤਾ ਹੁਣ ਮੈਨੂੰ ਬਹੁਤ ਵਾਰੀ ਆਉਂਦਾ ਹੈ। ਸ਼ਾਇਦ ਇਸ ਕਰਕੇ ਕਿ ਹੁਣ ਉਹਨਾਂ ਹੱਸਦੇ ਪਲਾਂ ਦੇ ਮੁੜ ਆਉਣ ਦੀ ਕੋਈ ਆਸ ਨਹੀਂ ਬਚੀ। ਸਾਡੇ ਛੋਟੇ ਜਿਹੇ ਟੱਬਰ ਦੀ ਹਾਲਤ ਸੱਚਮੁੱਚ ਖਰਾਬ ਹੈ: ਸਾਡੇ ਕੋਲ ਤਾਂ ਕੋਈ ਵੀ ਆਸ ਬਾਕੀ ਨਹੀਂ ਰਹੀ। ਮੇਰੀ ਮਾਂ ਦੀ ਉਦਾਸੀ ਸਦੀਵੀ ਹੋ ਗਈ ਹੈ। ਇੱਥੇ ਤਕ ਕਿ ਮੇਰੀ ਗਿਆਰਾਂ ਸਾਲਾਂ ਦੀ ਭੈਣ ਰੇਸ਼ੀ ਵੀ ਘਰ ਵਿਚ ਕਦੀ ਉੱਚਾ ਹੱਸਦੀ ਜਾਂ ਬੋਲਦੀ ਨਹੀਂ ਹੈ। ਪਤਾ ਨਹੀਂ ਉਹ ਸਕੂਲੇ ਵੀ ਹੱਸਦੀ ਹੋਵੇਗੀ ਕਿ ਨਹੀਂ?

... ਸਕੂਲੇ ਹੱਸਣਾ ਰੇਸ਼ੀ ਤਾਂ ਭਾਵੇਂ ਸਿੱਖ ਲਵੇ ਪਰ ਮੈਨੂੰ ਤਾਂ ਕਦੀ ਨਹੀਂ ਆਇਆ। ਮੈਂ ਤਾਂ ਹੁਣ ਇਸ ਗੱਲੋਂ ਖੁਸ਼ ਹਾਂ ਕਿ ਮੈਨੂੰ ਹੁਣ ਸਕੂਲ ਨਹੀਂ ਜਾਣਾ ਪੈਂਦਾ। ਅੰਗਰੇਜ਼ੀ ਨਾ ਆਉਣ ਕਰਕੇ ਗੋਰੇ ਮੁੰਡਿਆਂ ਨਾਲ ਮੇਰੀ ਕੋਈ ਨੇੜਤਾ ਨਾ ਹੋ ਸਕੀ। ਤੇ ਪੰਜਾਬੀ ਮੁੰਡਿਆਂ ਨਾਲ ਫਿਰਨਾ-ਤੁਰਨਾ ਵੀ ਮੈਨੂੰ ਰਾਸ ਨਾ ਆਇਆ। ਮੇਰੇ ਸਰੀਰੋਂ ਹਲਕੇ ਹੋਣ ਕਰਕੇ ਤੇ ਦੇਸੋਂ ਨਵਾਂ ਨਵਾਂ ਆਇਆ ਹੋਣ ਕਰਕੇ ਸਾਰੇ ਮੇਰੇ ’ਤੇ ਹੱਸਦੇ ਹੀ ਸਨ। ਮੈਂ ਆਪਣੀ ਭੈਣ ਨਾਲੋਂ ਸੱਤ ਅੱਠ ਸਾਲ ਵੱਡਾ ਹਾਂ ਪਰ ਮੈਨੂੰ ਲਗਦਾ ਹੈ ਕਿ ਉਹਨੇ ਸਾਲ ਕੁ ਤਕ ਮੇਰੇ ਨਾਲੋਂ ਤਕੜੀ ਹੋ ਜਾਣਾ ਹੈ। ਉਹ ਤਾਂ ਹੁਣੇ ਹੀ ਦੇਖਣ ਨੂੰ ਮੇਰੇ ਜਿੱਡੀ ਲਗਦੀ ਹੈ। ਪਰ ਜੇ ਮੈਂ ਸਰੀਰ ਦਾ ਤਕੜਾ ਨਹੀਂ, ਉੱਚਾ-ਲੰਮਾ ਨਹੀਂ ਤਾਂ ਇਸ ਵਿਚ ਮੇਰਾ ਕੀ ਕਸੂਰ ਹੈ? ਪਰ ਮੈਂ ਇਹ ਗੱਲ ਕਿਹਨੂੰ ਦੱਸਾਂ? ਸਕੂਲੇ ਮੁੰਡਿਆਂ ਨੂੰ ਤਾਂ ਜਦ ਵੀ ਮੌਕਾ ਮਿਲਦਾ ਉਹ ਮੇਰਾ ਮਖੌਲ ਉਡਾਉਂਦੇ, ਮੈਨੂੰ ਕੁੜੀਆਂ ਦੇ ਨਾਂ ਲੈ ਕੇ ਬੁਲਾਉਂਦੇ। ਕੀ ਕਰਦਾ ਮੈਂ? ਕਿਹਦੇ ਕਿਹਦੇ ਨਾਲ ਲੜਦਾ? ਬੱਸ ਚੁੱਪ ਕਰ ਰਹਿੰਦਾ ਸੀ। ਤੇ ਜਦੋਂ ਸਾਡੇ ਨਾਲ ਇਹ ਭਿਆਨਕ ਹਾਦਸਾ ਵਾਪਰਿਆ

ਤਾਂ ਹਮਦਰਦੀ ਦੀ ਥਾਂ ਸਕੂਲ ਦੇ ਪੰਜਾਬੀ ਮੁੰਡਿਆਂ ਨੇ ਮੇਰੀ ਹੋਰ ਵੀ ਖਿੱਲ੍ਹੀ ਉਡਾਣੀ ਸ਼ੁਰੂ ਕਰ ਦਿੱਤੀ। ਅੰਗਰੇਜ਼ੀ ਅਖਬਾਰਾਂ ਵਿਚ ਖਬਰਾਂ ਆਉਣ ਕਰਕੇ ਸਕੂਲ ਦੇ ਕਈ ਗੈਰ-ਪੰਜਾਬੀਆਂ ਨੂੰ ਵੀ ਪਤਾ ਲੱਗ ਗਿਆ ਕਿ ਖਬਰਾਂ ਵਿਚਲਾ ਕਾਤਲ ਮੇਰਾ ਡੈਡੀ ਸੀ ਤਾਂ ਬਾਕੀ ਦਾ ਸਕੂਲ ਵੀ ਮੇਰੀ ਵੱਲਾਂ ਹੋਰ ਨਜ਼ਰਾਂ ਨਾਲ ਦੇਖਦਾ, ਘੱਟੋ ਘੱਟ ਮੈਨੂੰ ਤਾਂ ਹਰ ਨਜ਼ਰ ਮੇਰੀ ਵੱਲਾਂ ਸ਼ੱਕ ਨਾਲ ਘੂਰਦੀ ਲਗਦੀ। ਮੇਰੀ ਮਾਂ ਆਪਣੇ ਹਾਲਾਤ ਬਾਰੇ ਗੱਲ ਕਰਦੀ ਹਰ ਵਾਰ ਹਉਕਾ ਭਰਦੀ ਤੇ ਕਹਿੰਦੀ: "ਸਭ ਕਿਸਮਤ ਦੀਆਂ ਗੱਲਾਂ ਹਨ।" ਪਤਾ ਨਹੀਂ ਸ਼ਾਇਦ ਉਹ ਠੀਕ ਹੀ ਹੋਵੇ। ਤੇ ਮੈਂ ਤਾਂ ਬੱਸ ਸਭ ਕਾਸੇ ਅੱਗੇ ਚੁੱਪ ਧਾਰ ਲਈ। ਤੇ ਜਿੰਨਾ ਮੈਂ ਬਾਹਰੋਂ ਚੁੱਪ ਹੋ ਗਿਆ ਓਨਾ ਹੀ ਮੇਰੇ ਅੰਦਰ ਤੂਫਾਨ ਮੱਚਿਆ ਰਹਿੰਦਾ।

... ਏਸ ਤਰ੍ਹਾਂ ਚੁੱਪ ਕਰ ਰਹਿਣਾ ਮੈਂ ਕੈਨੇਡਾ ਆਉਣ ਤੋਂ ਪਹਿਲਾਂ ਹੀ ਸਿੱਖ ਲਿਆ ਸੀ ਜਾਂ ਕਹਿ ਲਓ ਕਿ ਮੈਨੂੰ ਇਸ ਤਰ੍ਹਾਂ ਚੁੱਪ ਰਹਿਣ ਦੀ ਆਦਤ ਪੈ ਗਈ ਸੀ। ਉਦੋਂ ਮੈਨੂੰ ਚੁੱਪ ਦੇਖ ਕੇ ਮੇਰੀ ਮਾਂ ਕਹਿੰਦੀ ਹੁੰਦੀ ਸੀ, "ਤੂੰ ਵੀ ਆਪਣੇ ਡੈਡੀ ਵਾਂਗ ਹੀ ਗੁੰਮਸੁੰਮ ਰਹਿਣ ਲੱਗ ਪਿਆਂ ਏਂ"। ਪਰ ਪਹਿਲਾਂ ਤਾਂ ਮੈਂ ਬਿਲਕੁਲ ਇਹੋ ਜਿਹਾ ਨਹੀਂ ਸੀ। ਬੜਾ ਸ਼ਰਾਰਤੀ ਹੁੰਦਾ ਸਾਂ। ਪਿੰਡ ਵਿਚ ਆਪਣੀ ਉਮਰ ਦੇ ਨਿਆਣਿਆਂ ਵਰਗਾ ਹੀ ਸਾਂ। ਪਰ ਫੇਰ ਅਚਾਨਕ ਸਾਨੂੰ ਪਿੰਡ ਛੱਡ ਕੇ ਦੂਰ ਆਗਰੇ ਸ਼ਹਿਰ ਵਿਚ ਰਿਸ਼ਤੇਦਾਰਾਂ ਕੋਲ ਜਾਣਾ ਪੈ ਗਿਆ। ਦਰਬਾਰ ਸਾਹਿਬ 'ਤੇ ਹੋਏ ਹਮਲੇ ਤੋਂ ਸਾਲ ਕੁ ਬਾਅਦ ਦੀ ਗੱਲ ਹੈ। ਮੇਰੇ ਡੈਡੀ ਮਗਰ ਪੁਲੀਸ ਲੱਗ ਗਈ ਸੀ। ਮੇਰਾ ਡੈਡੀ ਪਹਿਲਾਂ ਤੋਂ ਹੀ ਧਾਰਮਿਕ ਖਿਆਲਾਂ ਦਾ ਬੰਦਾ ਸੀ। ਪੁਲੀਸ ਦੇ ਇਕ ਦੋ ਵਾਰ ਪਿੰਡ ਆਉਣ ਬਾਅਦ ਪਿੰਡ ਦੇ ਲੋਕ ਵੀ ਕਹਿਣ ਲੱਗ ਪਏ ਕਿ ਉਹ ਅੱਤਵਾਦੀਆਂ ਨਾਲ ਰਲ ਗਿਆ ਸੀ। ਉਹਦੀ ਭਾਲ 'ਚ ਫਿਰਦੀ ਪੁਲੀਸ ਸਾਡੇ ਘਰ ਆ ਧਮਕਦੀ। ਪੁਲਸੀਏ ਮੇਰੇ ਬਾਬੇ ਦੀ, ਮੇਰੀ ਮਾਂ ਦੀ ਬੇਇੱਜ਼ਤੀ ਕਰਦੇ। ਤੰਗ ਆ ਕੇ ਮੇਰਾ ਬਾਬਾ ਸਾਨੂੰ ਆਗਰੇ ਛੱਡ ਆਇਆ।

... ਸ਼ਹਿਰ ਦਾ ਮਾਹੌਲ ਪਿੰਡ ਨਾਲੋਂ ਬਿਲਕੁਲ ਵੱਖਰਾ ਸੀ। ਸਕੂਲ ਵਿਚ ਮੈਂ ਡਰਿਆ ਡਰਿਆ ਰਹਿੰਦਾ। ਸਿਰ 'ਤੇ ਪੱਗ ਬੰਨ੍ਹੀ ਹੋਈ ਹੋਣ ਕਰਕੇ ਵੀ ਸ਼ਹਿਰ ਵਿਚ ਡਰ ਲਗਦਾ ਰਹਿੰਦਾ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਈਆਂ ਘਟਨਾਵਾਂ ਬਾਰੇ ਸੁਣਦੇ ਤਾਂ ਅਸੀਂ ਹੋਰ ਦਹਿਲ ਜਾਂਦੇ। ਸਕੂਲੋਂ ਆ ਕੇ ਮੈਂ ਬਹੁਤਾ ਘਰ ਹੀ ਰਹਿੰਦਾ ਜਾਂ ਕਦੀ ਕਦੀ ਸਕੂਲ'ਚ ਪੜ੍ਹਦੇ ਇਕ ਦੋਸਤ ਕੋਲ ਚਲੇ ਜਾਂਦਾ ਜਿਹਦਾ ਘਰ ਸਾਥੋਂ ਬਹੁਤੀ ਦੂਰ ਨਹੀਂ ਸੀ। ਨਰਿੰਦਰ ਵੀ ਪੱਗ ਬੰਨ੍ਹਦਾ ਸੀ ਤੇ ਅਸੀਂ ਦੋਵੇਂ ਖੁਦ-ਬ-ਖੁਦ ਹੀ ਇਕ ਦੂਜੇ ਦੇ ਨੇੜੇ ਆ ਗਏ ਸਾਂ। ਮੇਰੀ ਮਾਂ ਮੇਰਾ ਕਦੀ ਵੀ ਵਿਸਾਹ ਨਾ ਕਰਦੀ। ਉਹ ਹਮੇਸ਼ਾਂ ਡਰੀ ਡਰੀ ਰਹਿੰਦੀ। ਪਰ ਹੁਣ ਨਰਿੰਦਰ ਦੇ ਨਾਲ ਹੋਣ ਕਰਕੇ ਉਹ ਥੋੜ੍ਹਾ ਥੋੜ੍ਹਾ ਹੌਸਲਾ ਰੱਖਦੀ। ਇਕ ਦਿਨ ਮੈਂ ਤੇ ਨਰਿੰਦਰ ਸਕੂਲੋਂ ਘਰ ਨੂੰ ਆ ਰਹੇ ਸਾਂ ਤਾਂ ਰਾਹ ਵਿਚ ਦੋ ਤਿੰਨ ਸ਼ਹਿਰੀ ਮੁੰਡੇ ਸਾਡੇ ਨਾਲ ਝੇਡਾਂ ਕਰਨ ਲੱਗੇ। ਮੈਂ ਤਾਂ ਉਹਨਾਂ ਤੋਂ ਇਕ

ਦਮ ਡਰ ਗਿਆ ਪਰ ਨਰਿੰਦਰ ਰਤਾ ਵੀ ਨਾ ਡਰਿਆ ਤੇ ਅਸੀਂ ਦੋਹਾਂ ਨੇ ਰਲ ਕੇ ਉਹਨਾਂ ਨੂੰ ਭਜਾ ਦਿੱਤਾ। ਪਰ ਜਦੋਂ ਮੇਰੀ ਮਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਡਰ ਗਈ। ਜਿੰਨਾ ਚਿਰ ਮੈਂ ਸਕੂਲੋਂ ਘਰ ਨਾ ਆ ਜਾਂਦਾ ਮਾਂ ਨੂੰ ਚੈਨ ਨਾ ਆਉਂਦੀ। ਮੇਰਾ ਬਾਬਾ ਕਦੀ ਕਦੀ ਸਾਨੂੰ ਆ ਕੇ ਮਿਲ ਜਾਂਦਾ। ਸਾਡੇ ਰਿਸ਼ਤੇਦਾਰਾਂ ਨੇ ਮੁਸੀਬਤ 'ਚ ਫਸਣ ਦੇ ਡਰੋਂ ਮੇਰੇ ਡੈਡੀ ਨੂੰ ਉੱਥੇ ਨਾ ਆਉਣ ਦੀ ਸਖਤ ਮਨਾਹੀ ਕੀਤੀ ਹੋਈ ਸੀ। ਏਸ ਤਰ੍ਹਾਂ ਹੌਲ਼ੀ ਹੌਲ਼ੀ ਡਰਦਿਆਂ ਡਰਦਿਆਂ ਸਾਡੇ ਦਿਨ ਨਿਕਲਣ ਲੱਗੇ।

... ਇਕ ਦਿਨ ਮੇਰਾ ਬਾਬਾ ਸਾਨੂੰ ਮਿਲਣ ਆਇਆ ਤਾਂ ਉਹ ਮੇਰੀ ਮਾਂ ਨੂੰ ਆਪਣੇ ਨਾਲ ਲੈ ਗਿਆ। ਤੀਜੇ ਦਿਨ ਜਦੋਂ ਉਹ ਮੁੜ ਕੇ ਆਈ ਤਾਂ ਮੇਰੀ ਮਾਂ ਦੇ ਚਿਹਰੇ 'ਤੇ ਬੜੇ ਚਿਰਾਂ ਬਾਅਦ ਇਕ ਮੁਸਕਾਨ ਫੈਲੀ ਹੋਈ ਸੀ। ਮੇਰੇ ਵਾਰ ਵਾਰ ਪੁੱਛਣ 'ਤੇ ਮੇਰੀ ਮਾਂ ਨੇ ਪੜਦੇ ਨਾਲ ਮੈਨੂੰ ਦੱਸਿਆ ਕਿ ਮੇਰਾ ਬਾਪ ਕਿਸੇ ਤਰ੍ਹਾਂ ਦੇਸੋਂ ਬਾਹਰ ਜਾਣ ਵਿਚ ਕਾਮਯਾਬ ਹੋ ਗਿਆ ਸੀ। ਇਸ ਖਬਰ ਨੇ ਸਾਡੇ ਰੋਜ਼ਾਨਾ ਜੀਵਨ ਵਿਚ ਤਾਂ ਵਕਤੀ ਤੌਰ 'ਤੇ ਕੋਈ ਤਬਦੀਲੀ ਨਾ ਲਿਆਂਦੀ ਪਰ ਸਾਨੂੰ ਇਕ ਦਮ ਇਕ ਆਸ ਨਾਲ ਜਗਮਗਾ ਦਿੱਤਾ। ਅਸੀਂ ਕਿਸੇ ਉੱਜਲੇ ਭਵਿੱਖ ਦੀ ਆਸ ਵਿਚ ਦਿਨ ਕੱਢਣ ਲੱਗੇ ਤੇ ਨਿੱਤ ਦੀਆਂ ਔਖਿਆਈਆਂ ਨਾਲ ਇਕ ਨਵੇਂ ਹੌਸਲੇ ਨਾਲ ਦੋ-ਚਾਰ ਹੋਣ ਲੱਗੇ।

... ਪਰ ਸਾਡੀ ਉਡੀਕ ਦਾ ਕੋਈ ਅੰਤ ਹੀ ਨਹੀਂ ਸੀ ਹੋ ਰਿਹਾ। ਇਸੇ ਤਰ੍ਹਾਂ ਤਿੰਨ ਚਾਰ ਸਾਲ ਲੰਘ ਗਏ। ਹਾਂ ਏਨਾ ਫਰਕ ਜ਼ਰੂਰ ਪਿਆ ਕਿ ਪਹਿਲੀ ਖਬਰ ਤੋਂ ਡੇਢ੍ਹ ਕੁ ਸਾਲ ਬਾਅਦ ਮੇਰੇ ਡੈਡੀ ਵੱਲੋਂ ਸਾਨੂੰ ਬਾਕਾਇਦਾ ਚਿੱਠੀਆਂ ਆਉਣ ਲੱਗੀਆਂ ਅਤੇ ਕਦੀ ਕਦੀ ਥੋੜ੍ਹੇ ਬਹੁਤ ਪੈਸੇ ਵੀ ਆਉਣ ਲੱਗ ਪਏ। ਮੇਰੀ ਮਾਂ ਵੀ ਸਕੂਲ ਵਿਚ ਦਸਵੀਂ ਤਕ ਪੜ੍ਹੀ ਹੈ। ਡੈਡੀ ਦੀ ਆਈ ਚਿੱਠੀ ਪਹਿਲਾਂ ਉਹ ਆਪ ਪੜ੍ਹਦੀ ਫੇਰ ਮੈਨੂੰ ਪੜ੍ਹਣ ਲਈ ਦਿੰਦੀ। ਚਿੱਠੀਆਂ ਦੇ ਜਵਾਬ ਵੀ ਕਈ ਵਾਰੀ ਉਹ ਆਪ ਹੀ ਲਿਖਦੀ। ਤੇ ਕਈ ਵਾਰੀ ਉਹ ਮੇਰੇ ਕੋਲੋਂ ਚਿੱਠੀ ਲਿਖਵਾਉਂਦੀ। ਮੇਰੇ ਡੈਡੀ ਨੇ ਚਿੱਠੀਆਂ ਵਿਚ ਸਾਨੂੰ ਦੱਸਿਆ ਕਿ ਉਹ ਪਹਿਲਾਂ ਚੋਰੀਂ ਜਰਮਨ ਵਿਚ ਦਾਖਲ ਹੋਇਆ ਸੀ ਤੇ ਫੇਰ ਇਕ ਸਮੁੰਦਰੀ ਜਹਾਜ਼ ਦੇ ਸਾਮਾਨ ਵਾਲੇ ਹਿੱਸੇ ਵਿਚ ਲੁਕ ਕੇ ਕਿੰਨੇ ਹੀ ਹੋਰ ਪੰਜਾਬੀਆਂ ਨਾਲ ਕੈਨੇਡਾ ਪਹੁੰਚ ਗਿਆ ਸੀ। ਕੈਨੇਡਾ ਵਿਚ ਉਹਨੇ ਬਾਕੀਆਂ ਵਾਂਗ ਹੀ ਰਫਿਊਜੀ ਦੇ ਤੌਰ 'ਤੇ ਅਪਲਾਈ ਕਰ ਦਿੱਤਾ ਸੀ। ਪਰ ਕੇਸ ਦਾ ਫੈਸਲਾ ਹੋਣ ਵਿਚ ਹੀ ਨਹੀਂ ਸੀ ਆ ਰਿਹਾ।

... ਡੈਡੀ ਦੇ ਖਤਾਂ ਵਿਚ ਸਾਨੂੰ ਹੌਂਸਲੇ ਨਾਲ ਦਿਨ ਕੱਟਣ ਲਈ ਕਿਹਾ ਹੁੰਦਾ ਤੇ ਜਵਾਬ ਵਿਚ ਅਸੀਂ ਵੀ ਵਾਰ ਵਾਰ ਇਹੀ ਲਿਖਦੇ ਕਿ ਸਾਡਾ ਫਿਕਰ ਨਾ ਕਰਿਓ, ਅਸੀਂ ਠੀਕ-ਠਾਕ ਹਾਂ। ਸਗੋਂ ਕਈ ਵਾਰੀ ਆਪਣੇ ਹਾਲਾਤ ਤੋਂ ਉਲਟਾ ਬੜਾ ਵਧਾ ਚੜ੍ਹਾ ਕੇ ਲਿਖਦੇ ਕਿ ਸਾਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਨਹੀਂ ਹੈ। ਉਡੀਕ ਦੇ

ਇਨ੍ਹਾਂ ਦਿਨਾਂ ਵਿਚ ਅਸੀਂ ਆਪਣੀਆਂ ਰੋਜ਼ਾਨਾ ਮੁਸ਼ਕਿਲਾਂ ਦੀ ਸੱਚਮੁੱਚ ਕੋਈ ਪਰਵਾਹ ਨਹੀਂ ਸੀ ਕਰਦੇ। ਸਾਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਸੀ ਕਿ ਜਿਵੇਂ ਅਸੀਂ ਆਪਣੇ ਸਫਰ ਦੀ ਉਡੀਕ ਵਿਚ ਸਟੇਸ਼ਨ ’ਤੇ ਬੈਠੇ ਹੋਈਏ ਤੇ ਆਲ਼ੇ-ਦੁਆਲ਼ੇ ਲੋਕਾਂ ਦੀ ਭੀੜ, ਧੱਕੇ, ਰੌਲੇ ਵੱਲਾਂ ਅਸੀਂ ਕੋਈ ਧਿਆਨ ਨਾ ਦੇ ਰਹੇ ਹੋਈਏ। ਸਾਨੂੰ ਲਗਦਾ ਸੀ ਕਿ ਹੁਣੇ ਗੱਡੀ ਆਵੇਗੀ ਤੇ ਅਸੀਂ ਆਪਣੇ ਸਵਰਗ ਵੱਲ ਕੂਚ ਕਰ ਜਾਵਾਂਗੇ। ਇਸ ਅਹਿਸਾਸ ਨਾਲ ਉਡੀਕ ਦੇ ਵਰ੍ਹੇ ਸਾਡੇ ਸੌਖਿਆਂ ਲੰਘ ਗਏ।

... ਉਡੀਕ ਦੇ ਇਨ੍ਹਾਂ ਦਿਨਾਂ ਵਿਚ ਮੈਨੂੰ ਮੇਰੇ ਡੈਡੀ ਨਾਲ ਅੰਤਾਂ ਦਾ ਮੋਹ ਹੋ ਗਿਆ। ਮਾਂ, ਰੇਸ਼ੀ ਤੇ ਮੈਂ ਤਿੰਨੋ ਇੱਕੋ ਮੰਜੇ ’ਤੇ ਸੌਂਦੇ ਸਾਂ। ਉਹ ਰਾਤ ਨੂੰ ਸਾਨੂੰ ਡੈਡੀ ਬਾਰੇ ਬਹੁਤ ਕੁਝ ਦੱਸਦੀ। ਉਹ ਦੱਸਦੀ ਕਿ ਕਿਵੇਂ ਪਿੰਡ ਦੇ ਸਾਰੇ ਲੋਕ ਉਹਦੀ ਇੱਜ਼ਤ ਕਰਦੇ ਸਨ। ਉਹ ਬਹੁਤ ਮਿਹਨਤੀ ਸੀ ਤੇ ਥੋੜ੍ਹੀ ਜ਼ਮੀਨ ਹੋਣ ਦੇ ਬਾਵਜੂਦ ਉਹ ਤੇ ਬਾਬਾ ਟਰੈਕਟਰ ਲੈਣ ਬਾਰੇ ਸੋਚਦੇ ਰਹਿੰਦੇ ਸਨ। ਉਹ ਦੱਸਦੀ ਕਿ ਮੇਰਾ ਡੈਡੀ ਸਾਨੂੰ ਤਿੰਨਾਂ ਨੂੰ ਅੰਤਾਂ ਦਾ ਪਿਆਰ ਕਰਦਾ ਸੀ। ਸਾਨੂੰ ਹੀ ਨਹੀਂ ਉਹ ਤਾਂ ਸਭ ਨੂੰ ਬਹੁਤ ਪਿਆਰ ਕਰਦਾ ਸੀ। ਦਰਬਾਰ ਸਾਹਿਬ ’ਤੇ ਹੋਏ ਹਮਲੇ ਦਾ ਦੁੱਖ ਉਹਨੇ ਪਿੰਡ ਹਰ ਕਿਸੇ ਤੋਂ ਵੱਧ ਮਨ ’ਤੇ ਲਾਇਆ ਸੀ। ਏਸੇ ਕਰਕੇ ਪੁਲੀਸ ਨੂੰ ਉਸ ’ਤੇ ਸ਼ੱਕ ਹੋ ਗਿਆ ਸੀ। ਮੇਰੀ ਮਾਂ ਕਹਿੰਦੀ ਸੀ ਕਿ ਉਹ ਤਾਂ ਕਦੀ ਕੁੱਤੇ ਦੇ ਸੋਟੀ ਨਹੀਂ ਸੀ ਮਾਰਦਾ ਉਹ ਅੱਤਵਾਦੀ ਕਿਵੇਂ ਬਣ ਸਕਦਾ ਹੈ? ਉਹਦੀਆਂ ਗੱਲਾਂ ਸੁਣ ਸੁਣ ਕੇ ਮੈਨੂੰ ਲਗਦਾ ਕਿ ਮੇਰੇ ਡੈਡੀ ਨਾਲੋਂ ਦੁਨੀਆਂ ਵਿਚ ਕੋਈ ਵੀ ਸਿਆਣਾ, ਪਿਆਰਾ ਤੇ ਦੂਜੇ ਲੋਕਾਂ ਨਾਲ ਹਮਦਰਦੀ ਰੱਖਣ ਵਾਲਾ ਵੱਡਾ ਬੰਦਾ ਨਹੀਂ ਹੋ ਸਕਦਾ। ਆਪਣੇ ਡੈਡੀ ਬਾਰੇ ਸੁਣਦਿਆਂ, ਸੋਚਦਿਆਂ ਮੇਰਾ ਅੰਦਰ ਮਾਣ ਨਾਲ ਭਰ ਜਾਂਦਾ ਤੇ ਮੈਨੂੰ ਆਲ਼ੇ-ਦੁਆਲ਼ੇ ਦੇ ਲੋਕ ਨਿੱਕੇ ਨਿੱਕੇ ਲੱਗਣ ਲਗਦੇ। ਮੇਰਾ ਡੈਡੀ ਮੈਨੂੰ ਦੁਨੀਆਂ ਤੋਂ ਵੱਖਰਾ, ਨਿਆਰਾ ਬੰਦਾ ਲਗਦਾ। ਮੇਰਾ ਦਿਲ ਬੜਾ ਕਾਹਲਾ ਪੈਂਦਾ ਕਿ ਪਲ ’ਚ ਉੱਡ ਕੇ ਆਪਣੇ ਡੈਡੀ ਦੇ ਕੋਲ ਚਲੇ ਜਾਵਾਂ।

... ਅਖੀਰ ਸਾਡੀ ਉਡੀਕ ਖਤਮ ਹੋਈ। ਦਿੱਲੀ ਤੋਂ ਹਵਾਈ ਜਹਾਜ਼ ਰਾਹੀਂ ਅਸੀਂ ਟਰਾਂਟੋ ਪਹੁੰਚ ਗਏ ਸਾਂ। ਮੇਰਾ ਡੈਡੀ ਆਪਣੀ ਕਾਰ ਵਿਚ ਸਾਨੂੰ ਏਅਰਪੋਰਟ ਤੋਂ ਲੈਣ ਆਇਆ ਸੀ। ਡੈਡੀ ਨੇ ਸਾਨੂੰ ਤਿੰਨਾਂ ਨੂੰ ਵਾਰ ਵਾਰ ਕਲਾਵੇ ਵਿਚ ਲਿਆ ਸੀ। ਅਜਨਬੀ ਲੋਕਾਂ ਦੀ ਭੀੜ ਵਿਚਾਲੇ ਦੇ ਉਹ ਪਲ ਸਾਡੇ ਲਈ ਇਸ ਦੁਨੀਆਂ ਤੋਂ ਬਾਹਰ ਦੇ ਪਲ ਸਨ। ਹੁਣ ਮੈਨੂੰ ਉਹਨਾਂ ਪਲਾਂ ਬਾਰੇ ਕੁਝ ਵੀ ਹੋਰ ਯਾਦ ਨਹੀਂ ਆ ਰਿਹਾ। ਬੱਸ ਮੈਂ ਸੀ, ਮੇਰਾ ਡੈਡੀ ਸੀ, ਮੇਰੀ ਮਾਂ ਸੀ ਤੇ ਰੇਸ਼ੀ ਸੀ। ਇਸ ਤੋਂ ਬਿਨਾਂ ਉਸ ਪਲ ਦੀ ਕੋਈ ਯਾਦ ਬਾਕੀ ਨਹੀਂ ਹੈ ਮੇਰੇ ਕੋਲ। ਜਿਵੇਂ ਉਸ ਵੇਲੇ ਮੇਰੇ ਲਈ ਬਾਕੀ ਦੀ ਦੁਨੀਆਂ ਦਾ ਵਜੂਦ ਹੀ ਖਤਮ ਹੋ ਗਿਆ ਹੋਵੇ।

... ਏਅਰਪੋਰਟ ਤੋਂ ਘਰ ਨੂੰ ਜਾਂਦਿਆਂ ਰੇਸ਼ੀ ਮੇਰੇ ਨਾਲ ਕਾਰ ਦੀ ਪਿਛਲੀ ਸੀਟ ਤੇ ਬੈਠੀ ਬਾਹਰ ਕਾਰਾਂ ਤੇ ਬਿਲਡਿੰਗਾਂ ਦੇਖਣ ਵਿਚ ਮਗਨ ਸੀ ਪਰ ਮੈਂ ਲਗਾਤਾਰ ਅੱਖਾਂ

ਚੁਰਾ ਕੇ ਆਪਣੇ ਡੈਡੀ ਵਲ ਵੇਖ ਰਿਹਾ ਸਾਂ। ਹਲਕੇ ਨੀਲੇ ਰੰਗ ਦਾ ਸੂਟ ਤੇ ਹਲਕੇ ਗੁਲਾਬੀ ਰੰਗ ਦੀ ਪੱਗ ਵਿਚ ਉਹ ਮੈਨੂੰ ਬਹੁਤ ਹੀ ਸੋਹਣਾ ਲੱਗ ਰਿਹਾ ਸੀ। ਪਰ ਮੈਂ ਉਹਨੂੰ ਆਪਣੇ ਸੁਪਨਿਆਂ ਨਾਲ ਮੇਚ ਕੇ ਦੇਖ ਰਿਹਾ ਸਾਂ। ਮੈਨੂੰ ਉਹ ਬਹੁਤ ਸੋਹਣਾ ਲਗਦਾ ਤੇ ਮੇਰੇ ਮਨ ’ਚ ਪਿਆਰ ਦੀ ਇਕ ਛੱਲ ਜਿਹੀ ਉਭਰਦੀ ਪਰ ਦੂਜੇ ਹੀ ਪਲ ਉਹਦਾ ਇਕ ਆਮ ਆਦਮੀ ਵਰਗਾ ਹੋਣਾ ਮੈਨੂੰ ਅਜੀਬ ਲਗਦਾ। ਮੈਨੂੰ ਲਗਦਾ ਕਿ ਉਹ ਤਾਂ ਆਮ ਲੋਕਾਂ ਨਾਲੋਂ ਕੱਦ-ਕਾਠ ਵਿਚ ਉੱਚਾ ਤੇ ਵੱਖਰੀ ਡੀਲ-ਡੌਲ ਵਾਲਾ ਹੋਣਾ ਚਾਹੀਦਾ ਸੀ, ਜਿਹਦੇ ਵਰਗਾ ਹੋਰ ਕੋਈ ਵੀ ਬੰਦਾ ਨਾ ਹੋਵੇ। ਮਾਂ ਨੇ ਮੇਰੇ ਮਨ ਵਿਚ ਉਹਦੀ ਤਸਵੀਰ ਕੁਝ ਇਹੋ ਜਿਹੀ ਹੀ ਬਣਾ ਦਿੱਤੀ ਸੀ। ਮੇਰਾ ਮਨ ਉਲਝਣ ਜਿਹੀ ਵਿਚ ਫਸਿਆ ਹੋਇਆ ਸੀ। ਫੇਰ ਕਾਰ ਵਿਚ ਬੈਠਾ ਹੌਲ਼ੀ ਹੌਲ਼ੀ ਮੈਂ ਵੀ ਆਪਣੀ ਭੈਣ ਨਾਲ ਬਾਹਰ ਕਾਰਾਂ ਤੇ ਵੱਡੀਆਂ ਵੱਡੀਆਂ ਬਿਲਡਿੰਗਾਂ ਦੇਖਣ ਲੱਗਾ।

... ਕੈਨੇਡਾ ਵਿਚ ਬੜੀ ਛੇਤੀਂ ਸਾਡੀ ਜ਼ਿੰਦਗੀ ਇਕ ਲੀਹ ਜਿਹੀ ’ਤੇ ਪੈ ਗਈ। ਮੈਨੂੰ ਤੇ ਰੇਸ਼ੀ ਨੂੰ ਸਕੂਲ ਦਾਖਲ ਕਰਾ ਦਿੱਤਾ ਗਿਆ। ਮਾਂ ਸਾਰਾ ਦਿਨ ਘਰ ਰਹਿੰਦੀ। ਡੈਡੀ ਸਵੇਰੇ ਸਾਡੇ ਸੁੱਤਿਆਂ ਕੰਮ ’ਤੇ ਚਲਾ ਜਾਂਦਾ। ਆਲ਼ੇ-ਦੁਆਲ਼ੇ ਸਭ ਕੁਝ ਨਵਾਂ ਸੀ। ਸਾਡਾ ਘਰ ਇਕ ਵੱਡੀ ਸਾਰੀ ਬਿਲਡਿੰਗ ਦੀ ਦਸਵੀਂ ਮੰਜ਼ਲ ’ਤੇ ਸੀ। ਛੋਟਾ ਜਿਹਾ ਘਰ ਸੀ। ਪਰ ਸਾਨੂੰ ਸਵਰਗ ਲਗਦਾ। ਉਸ ਬਿਲਡਿੰਗ ਵਿਚ ਹੋਰ ਵੀ ਕਈ ਪੰਜਾਬੀਆਂ ਦੇ ਘਰ ਸਨ। ਆਸ-ਪਾਸ ਵੱਡੀਆਂ ਵੱਡੀਆਂ ਹੋਰ ਵੀ ਕਈ ਬਿਲਡਿੰਗਾਂ ਸਨ ਜਿੰਨ੍ਹਾਂ ਵਿਚ ਆਪਣੇ ਲੋਕ ਰਹਿੰਦੇ ਸਨ। ਪਰ ਸਾਡਾ ਕਿਸੇ ਨਾਲ ਵੀ ਆਉਣ-ਜਾਣ ਨਹੀਂ ਸੀ। ਇਸ ਦੀ ਸਾਨੂੰ ਕੋਈ ਕਮੀ ਵੀ ਮਹਿਸੂਸ ਨਹੀਂ ਹੋਈ। ਡੈਡੀ ਸਾਡਾ ਪੁੱਜ ਕੇ ਖਿਆਲ ਰੱਖਦੇ ਤੇ ਸਾਡੇ ਨਾਲ ਅੰਤਾਂ ਦਾ ਮੋਹ ਵੀ ਕਰਦੇ ਸਨ। ਅਸੀਂ ਆਪਣੀ ਛੋਟੀ ਜਿਹੀ ਦੁਨੀਆਂ ਵਿਚ ਪੂਰੀ ਤਰ੍ਹਾਂ ਸੰਤੁਸ਼ਟ ਜੀਣ ਲੱਗੇ। ਸਨਿੱਚਰਵਾਰ ਅਸੀਂ ਸਟੋਰਾਂ ਵਿਚੋਂ ਘਰ ਦਾ ਸਾਮਾਨ ਵਗੈਰਾ ਖਰੀਦਣ ਚਲੇ ਜਾਂਦੇ। ਬਹੁਤੀ ਵਾਰੀ ਅਸੀਂ ਕਾਰ ਵਿਚ ਹੀ ਜਾਂਦੇ ਪਰ ਜਦੋਂ ਕਦੇ ਟਰਾਂਟੋ ਦੇ ਸਬ-ਵੇ ਵਿਚ ਚੜ੍ਹਦੇ ਤਾਂ ਬੜਾ ਸੁਆਦ ਆਉਂਦਾ। ਸਾਡੇ ਅਪਾਰਟਮੈਂਟ ਵਿਚੋਂ ਟਰਾਂਟੋ ਦਾ ਸੀ. ਐੱਨ. ਟਾਵਰ ਵੀ ਦਿਸਦਾ ਸੀ ਤੇ ਡੈਡੀ ਨੇ ਸਾਨੂੰ ਕਿਹਾ ਸੀ ਕਿ ਕਿਸੇ ਦਿਨ ਆਪਾਂ ਸੀ. ਐੱਨ. ਟਾਵਰ ’ਤੇ ਚੱਲਾਂਗੇ। ਤੇ ਐਤਵਾਰ ਵਾਲੇ ਦਿਨ ਅਸੀਂ ਗੁਰਦਵਾਰੇ ਜਾਂਦੇ। ਡੈਡੀ ਦੇ ਦੋਸਤ ਜੋ ਕਦੇ ਕਦੇ ਸਾਡੇ ਘਰ ਆਉਂਦੇ ਉਹ ਗੁਰਦਵਾਰੇ ਦੇ ਗ੍ਰੰਥੀ ਤੇ ਕੀਰਤਨੀਏ ਸਨ। ਡੈਡੀ ਨੇ ਦੱਸਿਆ ਸੀ ਕਿ ਰਫਿਊਜੀ ਹੋਣ ਵੇਲੇ ਦਾ ਬਹੁਤਾ ਸਮਾਂ ਉਹ ਗੁਰਦਵਾਰੇ ਹੀ ਰਹੇ ਸਨ।

... ਇੱਕ ਦਿਨ ਮੈਂ ਜਦੋਂ ਸਕੂਲੋਂ ਆਇਆ ਤਾਂ ਦੇਖਿਆ ਕਿ ਸਾਡੇ ਘਰ ਡੈਡੀ ਦਾ ਇਕ ਦੋਸਤ ਗਿਆਨੀ ਮਨਜੀਤ ਸਿੰਘ ਆਇਆ ਬੈਠਾ ਸੀ। ਮੈਂ ਬੜੇ ਸਤਿਕਾਰ ਨਾਲ ਹੱਥ ਜੋੜ ਕੇ ਉਸ ਨੂੰ ਸਤਿ ਸ਼੍ਰੀ ਅਕਾਲ ਆਖੀ। ਉਹ ਬਹੁਤ ਖੁਸ਼ ਹੋਇਆ ਤੇ ਉਸ ਨੇ ਮੈਨੂੰ ਕਲਾਵੇ ਵਿਚ ਲੈ ਕੇ ਪਿਆਰ ਕੀਤਾ। ਮੇਰੇ ਆਉਣ ਤੋਂ ਪਹਿਲਾਂ ਉਹ

ਮੇਰੀ ਮਾਂ ਨਾਲ ਕੋਈ ਗੰਭੀਰ ਗੱਲਬਾਤ ਕਰ ਰਿਹਾ ਸੀ ਜੋ ਉਹਨਾਂ ਨੇ ਮੇਰੇ ਆਉਣ ’ਤੇ ਬੰਦ ਕਰ ਦਿੱਤੀ। ਮੈਂ ਆਪਣੀਆਂ ਕਿਤਾਬਾਂ ਰੱਖ ਕੇ ਕਿਚਨ ਵਿਚ ਕੁਝ ਖਾਣ ਲਈ ਲੈਣ ਚਲੇ ਗਿਆ। ਗਿਆਨੀ ਜੀ ਜਾਣ ਲਈ ਉੱਠ ਖੜ੍ਹੇ ਹੋਏ ਤੇ ਮੇਰੀ ਮਾਂ ਨੂੰ ਕਹਿਣ ਲੱਗੇ, “ਦੇਖ ਭਾਈ ਪਰਮਾਤਮਾ ਦੀ ਕਿਰਪਾ ਨਾਲ ਤੁਸੀਂ ਹੁਣ ਆ ਗਏ ਹੋ, ਆਪਣੇ ਘਰ ਨੂੰ ਸਾਂਭਣਾ ਤੁਹਾਡਾ ਫਰਜ਼ ਹੈ ਤੇ ਲੋੜ ਵੀ। “ਕੱਲ੍ਹਾ-ਕਾਰਾ ਬੰਦਾ ਸੌ ਪਾਸੇ ਭਟਕ ਜਾਂਦਾ ਆ। ਅੱਗੇ ਜੋ ਹੋ ਗਿਆ, ਸੋ ਹੋ ਗਿਆ। ਹੁਣ ਤੁਸੀਂ ਸਰਦਾਰ ਹੋਰਾਂ ਨੂੰ ਸਮਝਾਵੋ। ਆਪਣੇ ਗ੍ਰਿਹਸਥੀ ਜੀਵਨ ਦੀ ਗੱਡੀ ਨੂੰ ਮੁੜ ਲੀਹਾਂ ’ਤੇ ਲਿਆਵੋ। ਇਹੋ ਜਿਹੀਆਂ ਗੱਲਾਂ ਬਾਤਾਂ ਦਾ ਇੱਥੇ ਬਾਲ ਬੱਚੇ ’ਤੇ ਵੀ ਬਹੁਤ ਬੁਰਾ ਅਸਰ ਪੈਂਦਾ ਆ... ਅੱਛਾ ਭੈਣ ਜੀ ਮੈਂ ਫੇਰ ਕਿਸੇ ਵਕਤ ਆਵਾਂਗਾ, ਤੁਸੀਂ ਕਿਸੇ ਗੱਲੋਂ ਓਦਰਨਾ ਨਹੀਂ”। ਮੇਰੇ ਕਿਚਨ ਤੋਂ ਵਾਪਿਸ ਆਉਣ ’ਤੇ ਉਹਨਾਂ ਗੱਲ ਛੇਤੀ ਮੁਕਾ ਦਿੱਤੀ। ਉਹ ਜਾਣ ਲੱਗੇ ਬਹੁਤ ਹੀ ਮਿੱਠੇ ਤੇ ਅਪਣੱਤ ਭਰੇ ਲਹਿਜੇ ਵਿਚ ਬੋਲੇ, “ਬੇਟਾ ਇਸੇ ਤਰ੍ਹਾਂ ਸਿੰਘ ਸਜਿਆ ਰਹੀਂ। ਕਿਤੇ ਇੱਥੋਂ ਦੀ ਮੜ੍ਹੀਰ ਦੇ ਪਿੱਛੇ ਲੱਗ ਕੇ ਵਾਲ ਨਾ ਕਟਾ ਬੈਠੀਂ”। ਮੈਨੂੰ ਉਸ ਦੀ ਇਹ ਗੱਲ ਬੜੀ ਚੰਗੀ ਲੱਗੀ ਤੇ ਮੇਰੇ ਮਨ ਵਿਚ ਆਪਣੇ ਡੈਡੀ ਲਈ ਹੋਰ ਵੀ ਸਤਿਕਾਰ ਵਧ ਗਿਆ ਕਿ ਮੇਰੇ ਡੈਡੀ ਦਾ ਦੋਸਤ ਏਨਾ ਚੰਗਾ ਬੰਦਾ ਸੀ।

... ਮਨਜੀਤ ਸਿੰਘ ਦੇ ਜਾਣ ਬਾਅਦ ਮੈਂ ਦੇਖਿਆ ਕਿ ਮੇਰੀ ਮਾਂ ਦੇ ਚਿਹਰੇ ’ਤੇ ਉਦਾਸੀ ਛਾ ਗਈ ਸੀ। ਮੈਂ ਹੁਣ ਉਹਨੂੰ ਹੱਸਦੀ ਮੁਸਕਰਾਉਂਦੀ ਦੇਖਣ ਦਾ ਆਦੀ ਹੋ ਚੁੱਕਾ ਸਾਂ। ਏਸ ਉਦਾਸੀ ਦਾ ਕਾਰਨ ਮੇਰੀ ਸਮਝ ਵਿਚ ਨਹੀਂ ਸੀ ਆ ਰਿਹਾ ਤੇ ਮਾਂ ਵੀ ਇਸ ਨੂੰ ਲੁਕਾਣ ਦੀ ਕੋਸ਼ਿਸ਼ ਕਰ ਰਹੀ ਸੀ। ਦੋ ਤਿੰਨ ਦਿਨ ਬਾਅਦ ਰਾਤ ਨੂੰ ਮੈਨੂੰ ਅਚਾਨਕ ਕਿਸੇ ਦੀ ਉੱਚੀ ਆਵਾਜ਼ ਸੁਣ ਕੇ ਜਾਗ ਆ ਗਈ। ਮਾਂ ਅਤੇ ਡੈਡੀ ਨਾਲ ਦੇ ਕਮਰੇ ਵਿਚ ਕਿਸੇ ਗੱਲੋਂ ਝਗੜ ਰਹੇ ਸਨ। ਮੇਰੇ ਕੁਝ ਪੱਲੇ ਤਾਂ ਨਾ ਪਿਆ ਪਰ ਮੇਰੇ ਲਈ ਇਹ ਬੜਾ ਅਜੀਬ ਤਜਰਬਾ ਸੀ: ਮੈਂ ਸੋਚ ਹੀ ਨਹੀਂ ਸੀ ਸਕਦਾ ਕਿ ਕਦੀ ਮੇਰੇ ਮਾਂ ਤੇ ਡੈਡੀ ਵੀ ਇਕ ਦੂਜੇ ਨਾਲ ਲੜ ਸਕਦੇ ਹਨ। ਮੈਨੂੰ ਸਾਰੀ ਰਾਤ ਨੀਂਦ ਨਾ ਆ ਸਕੀ।

... ਸਾਡੇ ਨਿੱਕੇ ਜਿਹੇ ਘਰ ਵਿਚ ਅੰਦਰੋਂ ਅੰਦਰੀ ਕੁਝ ਅਜੀਬ ਜਿਹਾ ਵਾਪਰ ਗਿਆ ਸੀ ਜਿਸਦੀ ਮੈਨੂੰ ਕੋਈ ਸਮਝ ਨਹੀਂ ਸੀ ਆ ਰਹੀ। ਪਰ ਇਸ ਨੇ ਸਾਡੇ ਘਰ ਦੀ ਸ਼ਾਂਤੀ ਲਗਭਗ ਖਤਮ ਕਰ ਦਿੱਤੀ ਸੀ। ਜਦੋਂ ਅਸੀਂ ਐਤਵਾਰ ਨੂੰ ਗੁਰਦਵਾਰੇ ਜਾਂਦੇ ਤਾਂ ਲੋਕ ਸਾਡੇ ਵੱਲਾਂ ਬੜਾ ਅਜੀਬ ਜਿਹਾ ਦੇਖਦੇ ਤੇ ਕਈ ਵਾਰੀ ਸਾਡੀ ਵੱਲਾਂ ਇਸ਼ਾਰੇ ਕਰਕੇ ਇਕ ਦੂਜੇ ਨੂੰ ਕੁਝ ਕਹਿੰਦੇ ਵੀ। ਪਹਿਲਾਂ ਪਹਿਲਾਂ ਤਾਂ ਨਵੇਂ ਹੋਣ ਕਰਕੇ ਮੈਂ ਇਸ ਪਾਸੇ ਕੋਈ ਧਿਆਨ ਹੀ ਨਾ ਦਿੱਤਾ। ਪਰ ਹੌਲ਼ੀ ਹੌਲ਼ੀ ਲੋਕਾਂ ਦਾ ਇਹ ਰਵੱਈਆ ਮੈਨੂੰ ਚੁਭਣ ਲੱਗ ਪਿਆ। ਮੇਰਾ ਗੁਰਦਵਾਰੇ ਜਾਣ ਨੂੰ ਜੀਅ ਨਾ ਕਰਦਾ ਪਰ ਫੇਰ ਵੀ ਮੈਂ ਚਲੇ ਜਾਂਦਾ। ਹੌਲ਼ੀ ਹੌਲ਼ੀ ਮੈਨੂੰ ਅਹਿਸਾਸ ਹੋਣ ਲੱਗ ਪਿਆ ਕਿ ਮੇਰੇ

ਡੈਡੀ ਤੇ ਮੇਰੀ ਮਾਂ ਦੀ ਆਪਸੀ ਲੜਾਈ ਤੇ ਲੋਕਾਂ ਦੇ ਸਾਡੇ ਵੱਲਾਂ ਅਜੀਬ ਰਵੱਈਏ ਦਾ ਆਪਸ ਵਿਚ ਕੋਈ ਸੰਬੰਧ ਸੀ। ਤੇ ਮੈਂ ਉਸ ਦਿਨ ਗਿਆਨੀ ਮਨਜੀਤ ਸਿੰਘ ਦੇ ਕਹੇ ਸ਼ਬਦਾਂ ਵਿਚੋਂ ਕੁਝ ਕੱਢਣ ਦੀ ਕੋਸ਼ਿਸ਼ ਕਰਦਾ ਪਰ ਮੈਨੂੰ ਕਿਸੇ ਗੱਲ ਦੀ ਸਮਝ ਨਾ ਆਉਂਦੀ।

... ਸਾਡੇ ਘਰ ਦੀ ਰੋਜ਼ਾਨਾ ਜ਼ਿੰਦਗੀ ਨੇ ਇੱਕ ਨਵਾਂ ਮੋੜ ਜਿਹਾ ਲੈ ਕੇ ਫੇਰ ਆਪਣੀ ਤੋਰੇ ਤੁਰਨਾ ਸ਼ੁਰੂ ਕਰ ਦਿੱਤਾ। ਮਾਂ ਤੇ ਡੈਡੀ ਮੇਰੇ ਤੇ ਰੇਸ਼ੀ ਨਾਲ ਬਹੁਤ ਪਿਆਰ ਕਰਦੇ ਪਰ ਉਹ ਆਪਸ ਵਿਚ ਬਹੁਤ ਘੱਟ ਗੱਲਬਾਤ ਕਰਦੇ। ਘਰ ਵਿਚ ਉਹ ਪਹਿਲਾਂ ਵਾਲਾ ਖੁਸ਼ੀ ਵਾਲਾ ਮਾਹੌਲ ਤਾਂ ਨਾ ਰਿਹਾ ਪਰ ਹੌਲ਼ੀ ਹੌਲ਼ੀ ਸਭ ਕੁਝ ਇੱਕ ਤਰ੍ਹਾਂ ਫੇਰ ਠੀਕ-ਠਾਕ ਚੱਲਣ ਲੱਗ ਪਿਆ।

... ਪਰ ਸਾਡੇ ਘਰ ਦਾ ਮਾਮਲਾ ਬਹੁਤੀ ਦੇਰ ਠੀਕ-ਠਾਕ ਨਾ ਚੱਲਿਆ। ਮੇਰਾ ਡੈਡੀ ਕੰਮ ਤੋਂ ਬਾਅਦ ਵੀ ਕਈ ਵਾਰੀ ਕਿੰਨੀ ਕਿੰਨੀ ਦੇਰ ਘਰ ਨਾ ਆਉਂਦਾ। ਮਾਂ ਸਾਨੂੰ ਖਿਝ ਖਿਝ ਕੇ ਪੈਂਦੀ ਰਹਿੰਦੀ ਤੇ ਉਹਦੀ ਉਡੀਕ ਕਰਦੀ ਰਹਿੰਦੀ। ਜੇ ਮੈਂ ਜਾਂ ਰੇਸ਼ੀ ਡੈਡੀ ਦੇ ਲੇਟ ਆਉਣ ਬਦਲੇ ਕੁਝ ਕਹਿ ਜਾਂ ਕੁਝ ਪੁੱਛ ਬੈਠਦੇ ਤਾਂ ਮਾਂ ਸਾਨੂੰ ਗਾਲ੍ਹਾਂ ਕੱਢਣ ਲਗਦੀ ਤੇ ਉੱਚੀ ਉੱਚੀ ਬੋਲਦੀ ਤੇ ਫੇਰ ਰੋਣ ਲੱਗ ਪੈਂਦੀ। ਕੈਨੇਡਾ ਇਕ ਸਵਰਗ ਦੀ ਥਾਂ ਸਾਨੂੰ ਨਰਕ ਲੱਗਣ ਲੱਗ ਪਿਆ ਸੀ, ਖਾਸ ਤੌਰ ’ਤੇ ਮੇਰੀ ਮਾਂ ਨੂੰ। ਮੈਂ ਤੇ ਰੇਸ਼ੀ ਘਰ ਸਹਿਮੇ ਸਹਿਮੇ ਜਿਹੇ ਰਹਿੰਦੇ, ਉਸੇ ਤਰ੍ਹਾਂ ਜਿਵੇਂ ਅਸੀਂ ਆਗਰੇ ਰਹਿੰਦੇ ਰਹੇ ਸੀ।

... ਸਾਡੇ ’ਤੇ ਪਈ ਮੁਸੀਬਤ ਬਾਰੇ ਨਾ ਡੈਡੀ ਤੇ ਨਾ ਹੀ ਮੇਰੀ ਮਾਂ ਨੇ ਮੈਨੂੰ ਕੁਝ ਦੱਸਿਆ। ਜਦੋਂ ਮੈਨੂੰ ਪਹਿਲੀ ਵਾਰੀ ਅਸਲੀ ਗੱਲ ਦੀ ਭਿਣਕ ਪਈ ਤਾਂ ਮੈਨੂੰ ਲੱਗਾ ਕਿ ਮੈਂ ਦੱਸਣ ਵਾਲੇ ਨੂੰ ਜਾਨੋਂ ਮਾਰ ਦਿਆਂਗਾ। ਮੈਨੂੰ ਨਹੀਂ ਯਾਦ ਮੈਨੂੰ ਕਦੀ ਵੀ ਕਿਸੇ ਚੀਜ਼ ਬਾਰੇ ਏਨਾ ਗੁੱਸਾ ਆਇਆ ਹੋਵੇ। ਮੈਨੂੰ ਜਾਪਿਆ ਜਿਵੇਂ ਮੈਂ ਪਾਗਲ ਹੋ ਜਾਵਾਂਗਾ। ਪਰ ਕਿਸੇ ਨੂੰ ਕੁਝ ਕਹਿਣ ਜਾਂ ਕਰਨ ਦੀ ਬਜਾਏ ਮੈਂ ਹੋਰ ਚੁੱਪ ਕਰ ਗਿਆ। ਆਪਣੇ ਰੱਬ ਸਮਾਨ ਡੈਡੀ ਬਾਰੇ ਕਿਸੇ ਕਿਸਮ ਦੀ ਗਲਤ ਗੱਲ ਸੁਣਨੀ ਮੇਰੇ ਲਈ ਬਹੁਤ ਹੀ ਔਖੀ ਸੀ। ਮੈਂ ਜਦ ਡੈਡੀ ਵੱਲ ਅੱਖਾਂ ਚੁਰਾ ਕੇ ਦੇਖਦਾ ਤਾਂ ਉਹ ਮੈਨੂੰ ਅਜੇ ਵੀ ਦੇਵਤਾ ਸਰੂਪ ਲਗਦੇ। ਘਰ ਵਿਚ ਉਹ ਕਦੀ ਵੀ ਕਿਸੇ ਨਾਲ ਵੀ ਖਿਝ ਕੇ ਨਾ ਬੋਲਦੇ। ਬੱਸ ਚੁੱਪ ਰਹਿੰਦੇ ਪਰ ਮੈਨੂੰ ਉਹਨਾਂ ਦੇ ਚਿਹਰੇ ’ਤੇ ਸ਼ਾਂਤੀ ਨਾ ਲੱਭਦੀ। ਮੈਨੂੰ ਲਗਦਾ ਕਿ ਉਹਨਾਂ ਦੇ ਅੰਦਰ ਮੇਰੇ ਵਾਂਗ ਹੀ ਕੋਈ ਬਹੁਤ ਬੜਾ ਤੂਫਾਨ ਉੱਠਿਆ ਹੋਇਆ ਹੈ। ਪਰ ਨਾ ਮਾਂ ਤੇ ਨਾ ਡੈਡੀ ਮੈਨੂੰ ਇਸ ਬਾਰੇ ਕੁਝ ਦੱਸਦੇ। ਮੈਨੂੰ ਲਗਦਾ ਕਿ ਮੈਨੂੰ ਵੀ ਰੇਸ਼ੀ ਵਾਂਗ ਛੋਟਾ ਬੱਚਾ ਸਮਝਿਆ ਜਾ ਰਿਹਾ ਹੈ। ਇਸ ਗੱਲ ਤੋਂ ਮੇਰੇ ਅੰਦਰ ਇਕ ਅਜੀਬ ਜਿਹੀ ਖਿਝ ਉੱਠਣੀ ਸ਼ੁਰੂ ਹੋ ਗਈ। ਇਸ ਖਿਝ ਤੋਂ ਮੈਨੂੰ ਹੌਲ਼ੀ ਹੌਲ਼ੀ ਆਪਣੇ ਡੈਡੀ ਨਾਲ ਤੇ ਕੁਝ ਹੱਦ ਤਕ ਆਪਣੀ ਮਾਂ ਨਾਲ ਵੀ ਇਕ ਨਫਰਤ ਜਿਹੀ ਪੈਦਾ ਹੋਣ ਲੱਗੀ।

... ਮੈਂ ਆਪਣੇ ਅੰਦਰ ਦੇ ਇਹਨਾਂ ਅਹਿਸਾਸਾਂ ਨੂੰ ਬਥੇਰਾ ਦਬਾਉਣ ਦੀ ਕੋਸ਼ਿਸ਼ ਕਰਦਾ ਪਰ ਮੈਨੂੰ ਲਗਦਾ ਜਿਵੇਂ ਮੇਰਾ ਆਪਣੇ ਆਪ 'ਤੇ ਕਾਬੂ ਨਾ ਰਿਹਾ ਹੋਵੇ। ਮੇਰਾ ਦਿਲ ਕਰਦਾ ਕਿ ਮੈਂ ਇਸ ਘਰ ਵਿਚੋਂ ਨਿਕਲ ਕੇ ਕਿੱਧਰੇ ਭੱਜ ਜਾਵਾਂ। ਸਕੂਲੋਂ ਘਰ ਆਉਣ ਦਾ ਜੋ ਪਹਿਲਾਂ ਮੈਨੂੰ ਚਾਅ ਹੁੰਦਾ ਸੀ, ਹੁਣ ਇਕ ਡਰ ਜਿਹੇ ਵਿਚ ਬਦਲ ਗਿਆ ਸੀ। ਸਕੂਲ ਵਿਚ ਮੈਂ ਇਕੱਲ੍ਹਾ ਰਹਿੰਦਾ ਸਾਂ, ਆਗਰੇ ਵਾਲੇ ਨਰਿੰਦਰ ਵਰਗਾ ਮੇਰਾ ਕੋਈ ਦੋਸਤ ਨਾ ਬਣ ਸਕਿਆ। ਨਰਿੰਦਰ ਦੀ ਮੈਨੂੰ ਬੜੀ ਯਾਦ ਆਉਂਦੀ। ਘਰ ਆ ਕੇ ਮੈਂ ਹੋਰ ਵੀ ਇਕੱਲ੍ਹਾ ਮਹਿਸੂਸ ਕਰਦਾ। ਨਾ ਮੇਰਾ ਪੜ੍ਹਨ ਨੂੰ ਦਿਲ ਕਰਦਾ ਨਾ ਟੈਲੀਵੀਟਨ ਦੇਖਣ ਨੂੰ। ਸਕੂਲੋਂ ਆ ਕੇ ਮੈਂ ਬਹੁਤਾ ਸਮਾਂ ਆਪਣੇ ਕਮਰੇ ਵਿਚ ਹੀ ਰਹਿੰਦਾ।

... ਸਾਡੇ ਸਾਰੇ ਘਰ ਦੀ ਹਾਲਤ ਵੀ ਕੁਝ ਇਹੋ ਜਿਹੀ ਸੀ। ਲਗਦਾ ਸੀ ਜਿਵੇਂ ਸਾਡੇ ਸਾਰਿਆਂ ਦੇ ਨਾਰਮਲ ਜੀਵਨ ਨੂੰ ਕਿਸੇ ਅਦਿੱਖ ਸ਼ਕਤੀ ਨੇ ਕੁਝ ਸਮੇਂ ਲਈ ਅਟਕਾ ਲਿਆ ਹੋਵੇ। ਮੈਂ ਸੋਚਦਾ ਇਸ ਕਿਸਮ ਦੀ ਹਾਲਤ ਕਿੰਨੀ ਕੁ ਦੇਰ ਚੱਲ ਸਕਦੀ ਹੈ? ਘਰ ਵਿਚ ਪੱਸਰੀ ਅਜੀਬ ਚੁੱਪ ਤੋਂ ਜਾਪਦਾ ਕਿ ਕੁਝ ਵਾਪਰਨ ਵਾਲਾ ਹੈ। ਸਾਡੇ ਆਸ-ਪਾਸ ਸਾਡੇ ਘਰ ਬਾਰੇ ਜਿਸ ਗੱਲ ਦੀ ਚਰਚਾ ਸੀ ਉਹ ਹੌਲ਼ੀ ਹੌਲ਼ੀ ਮੈਨੂੰ ਵੀ ਪਤਾ ਲਗਦੀ ਗਈ। ਮੇਰੇ ਸਕੂਲ ਵਿਚ ਪੜ੍ਹਦੇ ਤਿੰਨ ਪੰਜਾਬੀ ਮੁੰਡਿਆਂ ਦਾ ਇਕ ਛੋਟਾ ਜਿਹਾ ਗਰੁੱਪ ਸੀ। ਉਹ ਤਿੰਨੋਂ ਅਕਸਰ ਇਕੱਠੇ ਘੁੰਮਦੇ। ਉਹਨਾਂ ਦਾ ਜਦ ਵੀ ਕਦੀ ਮੇਰੇ ਨਾਲ ਸਕੂਲ ਦੇ ਬਾਹਰ ਗਰਾਉਂਡ ਜਾਂ ਸੜਕ 'ਤੇ ਟਾਕਰਾ ਹੁੰਦਾ ਤਾਂ ਉਹ ਮੈਨੂੰ ਮੇਰੇ ਡੈਡੀ ਬਾਰੇ ਗੱਲਾਂ ਕਹਿ ਕਹਿ ਕੇ ਛੇੜਦੇ ਤੇ ਉਹ ਇਸ ਤਰ੍ਹਾਂ ਕਰਕੇ ਬੜਾ ਆਨੰਦ ਲੈਂਦੇ ਲਗਦੇ। ਮੈਨੂੰ ਬੜੀ ਖਿਝ ਆਉਂਦੀ। ਪਰ ਮੈਂ ਸਰੀਰ ਦਾ ਉਂਝ ਹੀ ਨਿੱਕਾ ਜਿਹਾ ਹਾਂ ਤੇ ਉਹਨਾਂ ਸਾਹਮਣੇ ਮੈਂ ਆਪਣੇ ਆਪ ਨੂੰ ਹੋਰ ਵੀ ਨਿੱਕਾ ਨਿੱਕਾ ਮਹਿਸੂਸ ਕਰਦਾ ਤੇ ਮੈਨੂੰ ਲਗਦਾ ਕਿ ਉਹ ਤਾਂ ਤਿੰਨੇ 'ਕੱਲੇ' 'ਕੱਲੇ' ਵੀ ਮੇਰੇ ਨਾਲੋਂ ਤਕੜੇ ਸਨ। ਉਂਝ ਵੀ ਭਾਵੇਂ ਮੈਨੂੰ ਕਿੰਨਾ ਗੁੱਸਾ ਆਵੇ ਮੇਰੇ ਮਨ ਵਿਚ ਕਦੀ ਵੀ ਲੜਨ ਦੀ ਇੱਛਾ ਪੈਦਾ ਨਹੀਂ ਹੋਈ। ਆਗਰੇ ਰਹਿੰਦਿਆਂ ਮੇਰੀ ਮਾਂ ਨੇ ਮੇਰੇ ਅੰਦਰ ਇਹ ਗੱਲ ਕੁੱਟ ਕੁੱਟ ਕੇ ਭਰ ਦਿੱਤੀ ਸੀ ਕਿ ਭਾਵੇਂ ਕੁਝ ਹੋ ਜਾਵੇ ਕਿਸੇ ਨਾਲ ਲੜਨਾ ਨਹੀਂ ਹੈ। ਸਕੂਲ ਦੇ ਇਹਨਾਂ ਤਿੰਨਾਂ ਮੁੰਡਿਆਂ ਦੀ ਟੋਲੀ ਨੂੰ ਸਕੂਲ ਤੋਂ ਬਾਹਰ ਟੱਕਰਨ ਤੋਂ ਮੈਂ ਹਮੇਸ਼ਾਂ ਕੰਨੀ ਕਤਰਾਉਂਦਾ। ਪਰ ਸਾਡੇ ਸਾਰਿਆਂ ਦੇ ਘਰ ਇੱਕੋ ਪਾਸੇ ਹੋਣ ਕਰਕੇ ਮੇਰਾ ਉਹਨਾਂ ਨਾਲ ਸਾਹਮਣਾ ਹੋ ਈ ਜਾਂਦਾ।

... ਤੇ ਉਹਨਾਂ ਵੱਲੋਂ ਕੀਤੇ ਮਖੌਲਾਂ ਵਿਚੋਂ ਤੇ ਇੱਧਰੋਂ ਉੱਧਰੋਂ ਹੌਲ਼ੀ ਹੌਲ਼ੀ ਮੈਨੂੰ ਸਾਡੇ ਘਰ ਦੀ ਕਹਾਣੀ ਦਾ ਪਤਾ ਲੱਗਣ ਲੱਗਾ ਤੇ ਸਾਡੇ ਨਾਲ ਇਹ ਭਿਆਨਕ ਹਾਦਸਾ ਵਾਪਰਨ ਤਕ ਮੈਨੂੰ ਕਾਫੀ ਕੁਝ ਪਤਾ ਲੱਗ ਚੁੱਕਾ ਸੀ। ਪਰ ਬਹੁਤ ਸਾਰੀਆਂ ਗੱਲਾਂ ਦੀ ਅਸਲੀਅਤ ਦਾ ਤਾਂ ਬਾਅਦ ਵਿਚ ਪਤਾ ਲੱਗਾ ਤੇ ਕਈ ਕੁਝ ਦੀ ਤਾਂ ਅਜੇ ਵੀ ਸਮਝ ਨਹੀਂ ਆਈ। ਪਰ ਹੁਣ ਮੇਰੇ ਲਈ ਇਹਨਾਂ ਗੱਲਾਂ ਬਾਰੇ ਸੋਚਣਾ ਜਾਂ ਲਿਖਣਾ

ਏਨਾ ਦਰਦਨਾਕ ਜਾਂ ਔਖਾ ਨਹੀਂ ਜਿੰਨਾ ਪਹਿਲਾਂ ਸੀ, ਪਰ ਮੈਂ ਅਜੇ ਵੀ ਇਹ ਗੱਲਾਂ ਕਿਸੇ ਨਾਲ ਬੋਲ ਕੇ ਸਾਂਝੀਆਂ ਨਹੀਂ ਕਰ ਸਕਦਾ। ਗੱਲ ਇਸ ਤਰ੍ਹਾਂ ਹੋਈ: ਮੇਰਾ ਡੈਡੀ ਗੁਰਦਵਾਰੇ ਰਹਿੰਦਾ ਸੀ। ਗੁਰਦਵਾਰੇ ਦੇ ਗ੍ਰੰਥੀ ਜਦੋਂ ਕਦੀ ਕਿਸੇ ਦੇ ਘਰ ਰੱਖੇ ਪਾਠ, ਅਖੰਡ-ਪਾਠ ਜਾਂ ਕੀਰਤਨ ’ਤੇ ਜਾਂਦੇ ਤਾਂ ਮੇਰਾ ਡੈਡੀ ਵੀ ਨਾਲ ਚਲੇ ਜਾਂਦਾ। ਇਕ ਵਿਧਵਾ ਨੌਜਵਾਨ ਔਰਤ ਦੇ ਘਰ ਰੱਖੇ ਸਹਿਜ ਪਾਠ ਦਾ ਭੋਗ ਪੈਣ ਬਾਅਦ ਵੀ ਮੇਰਾ ਡੈਡੀ ਉਸ ਔਰਤ ਦੇ ਘਰ ਕਦੀ ਕਦੀ ਜਾਣ ਲੱਗ ਪਿਆ। ਤੇ ਇਹ ਗੱਲ ਹੌਲ਼ੀ ਹੌਲ਼ੀ ਇਸ ਹੱਦ ਤਕ ਵਧ ਗਈ ਕਿ ਡੈਡੀ ਉਸ ਔਰਤ ਦੇ ਘਰ ਹੀ ਰਹਿਣ ਲੱਗ ਪਿਆ। ਉਸ ਔਰਤ ਦੇ ਘਰ ਵਾਲਾ ਇਕ ਸਿਆਣੀ ਉਮਰ ਦਾ ਬੰਦਾ ਹੁੰਦਾ ਸੀ ਤੇ ਉਹਨੂੰ ਮਰੇ ਨੂੰ ਵੀ ਦੋ ਸਾਲਾਂ ਤੋਂ ਉੱਤੇ ਹੋ ਚੁੱਕੇ ਸਨ। ਕਹਿਣ ਵਾਲਿਆਂ ਦਾ ਵਿਚਾਰ ਸੀ ਕਿ ਔਰਤ ਨੂੰ ਕਿਸੇ ਜਵਾਨ ਮਰਦ ਦੀ ਤਲਾਸ਼ ਸੀ। ਤੇ ਉਸ ਵੇਲੇ ਮੇਰੇ ਡੈਡੀ ਨੂੰ ਕਿਸੇ ਸਹਾਰੇ ਦੀ ਜ਼ਰੂਰਤ ਸੀ। ਔਰਤ ਕੋਲ ਪੈਸੇ ਸਨ, ਘਰ ਸੀ। ਦੋਵੇਂ ਇਕ ਦੂਜੇ ਦੀ ਲੋੜ ਪੂਰੀ ਕਰਦੇ ਸਨ।

... ਇੱਥੇ ਤਕ ਤਾਂ ਗੱਲ ਸਾਫ ਸੀ ਕਿਉਂਕਿ ਇਹ ਸਚਾਈ ਦੇਖਣ ਵਾਲੇ ਬਾਹਰੋਂ ਦੇਖ ਸਕਦੇ ਸਨ। ਪਰ ਇਸ ਤੋਂ ਅੱਗੇ ਸਚਾਈ ਕੀ ਸੀ? ਇਹ ਸਮਝਣਾ ਅਜੇ ਵੀ ਬੜਾ ਮੁਸ਼ਕਿਲ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਉਹ ਔਰਤ ਤੇ ਮੇਰਾ ਡੈਡੀ ਸੱਚਮੁੱਚ ਇਕ ਦੂਜੇ ਨੂੰ ਚਾਹੁਣ ਲੱਗ ਪਏ ਸਨ, ਜਿਵੇਂ ਹਿੰਦੀ ਫਿਲਮਾਂ ਵਿਚ ਹੁੰਦਾ ਹੈ। ਉਹਨਾਂ ਮੁਤਾਬਕ ਮੇਰੇ ਡੈਡੀ ਨੇ ਉਸ ਔਰਤ ਨਾਲ ਵਾਇਦਾ ਕੀਤਾ ਸੀ ਕਿ ਉਹ ਆਪਣੇ ਟੱਬਰ ਦੇ ਕੈਨੇਡਾ ਆਉਣ ਤੋਂ ਥੋੜ੍ਹੇ ਚਿਰ ਬਾਅਦ ਟੱਬਰ ਨੂੰ ਛੱਡ ਕੇ ਉਹਦੇ ਨਾਲ ਰਹਿਣ ਲੱਗ ਪਵੇਗਾ। ਕਈ ਕਹਿੰਦੇ ਕਿ ਉਸ ਔਰਤ ਨੇ ਕਿਸੇ ਸੰਤ ਤੋਂ ਤਵੀਤ ਖੜ੍ਹਾ ਕੇ ਮੇਰੇ ਡੈਡੀ ਦੇ ਗਲ ਵਿਚ ਪਾ ਦਿੱਤਾ ਸੀ ਤੇ ਹੁਣ ਮੇਰਾ ਡੈਡੀ ਉਸ ਔਰਤ ਬਿਨਾਂ ਰਹਿ ਨਹੀਂ ਸੀ ਸਕਦਾ। ਪਰ ਕੁਝ ਲੋਕਾਂ ਦਾ ਵਿਚਾਰ ਹੈ ਕਿ ਉਹ ਮੇਰੇ ਡੈਡੀ ਨੂੰ ਬਲੈਕਮੇਲ ਕਰ ਰਹੀ ਸੀ ਕਿ ਉਹ ਆਪਣਾ ਟੱਬਰ ਛੱਡ ਕੇ ਉਹਦੇ ਨਾਲ ਰਹੇ ਕਿਉਂਕਿ ਉਹਨੇ ਉਸ ਉੱਤੇ ਏਨੇ ਪੈਸੇ ਖਰਚੇ ਸਨ ਤੇ ਮੌਕੇ ’ਤੇ ਉਹਦੀ ਮੱਦਦ ਕੀਤੀ ਸੀ। ਕੌਣ ਜਾਣੇ ਸਚਾਈ ਕੀ ਸੀ? ਤੇ ਹੁਣ ਇਸ ਨਾਲ ਫਰਕ ਵੀ ਕੀ ਪੈਣਾ ਹੈ? ਖਬਰੇ ਮੇਰਾ ਡੈਡੀ ਸੱਚਮੁੱਚ ਉਸ ਔਰਤ ਨੂੰ ਚਾਹੁਣ ਲੱਗ ਪਿਆ ਹੋਵੇ? ਉਹਦੇ ਕੋਲ ਪੈਸਾ ਤੇ ਘਰ ਸੀ ਤੇ ਉਹ ਮੇਰੀ ਮਾਂ ਨਾਲੋਂ ਸੋਹਣੀ ਵੀ ਸੀ। ਕੀ ਪਤਾ ਕੀ ਹੋਇਆ ਹੋਵੇਗਾ ਉਹਨਾਂ ਦੋਹਾਂ ਦੇ ਦਰਮਿਆਨ?

... ਮੈਨੂੰ ਤਾਂ ਜਦੋਂ ਇਸ ਗੱਲ ਦਾ ਪਤਾ ਲੱਗਾ ਸੀ ਤਾਂ ਮੈਨੂੰ ਤਾਂ ਉਹ ਔਰਤ ਇਕ ਜਾਦੂਗਰਨੀ ਲੱਗਣ ਲੱਗ ਪਈ ਸੀ। ਮੈਨੂੰ ਉਸ ਤੋਂ ਡਰ ਲੱਗਣ ਲੱਗ ਪਿਆ ਸੀ। ਜਿੰਨੀ ਨਫਰਤ ਮੇਰੀ ਮਾਂ ਇੰਦਰਾ ਗਾਂਧੀ ਨੂੰ ਕਰਦੀ ਸੀ ਉੱਨੀ ਨਫਰਤ ਮੈਂ ਇਸ ਔਰਤ ਨੂੰ ਕਰਨ ਲੱਗ ਪਿਆ ਸਾਂ। ਮੇਰੀ ਮਾਂ ਦਾ ਕਹਿਣਾ ਸੀ ਕਿ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ’ਤੇ ਹਮਲਾ ਕਰਕੇ ਉਹਨਾਂ ਦੇ ਘਰ ਨੂੰ ਤਬਾਹੀ ਦੇ ਰਾਹ ਤੋਰਿਆ

ਸੀ, ਨਹੀਂ ਤਾਂ ਮੇਰੇ ਡੈਡੀ ਤੇ ਬਾਬੇ ਨੇ ਟਰੈਕਟਰ ਲੈ ਲੈਣਾ ਸੀ ਤੇ ਅਸੀਂ ਰਾਜ਼ੀ ਖੁਸ਼ੀ ਆਪਣੇ ਪਿੰਡ, ਆਪਣੇ ਘਰ ਰਹੀ ਜਾਣਾ ਸੀ। ਮੇਰੀ ਮਾਂ ਦੇ ਅੰਦਰੋਂ ਹੁਣ ਖਬਰੇ ਗੁੱਸਾ ਖਤਮ ਹੋ ਚੁੱਕਾ ਸੀ ਜਾਂ ਲੜਨ ਝਗੜਨ ਦੀ ਸ਼ਕਤੀ, ਉਹ ਉਸ ਔਰਤ ਬਾਰੇ ਜਾਨਣ ਬਾਅਦ ਵੀ ਅੰਦਰੇ ਅੰਦਰ ਹੀ ਕੁੜ੍ਹਦੀ ਰਹੀ। ਬੱਸ ਇਕ ਵਾਰੀ ਮੈਂ ਉਸ ਦੇ ਮੂੰਹੋਂ ਏਨਾ ਹੀ ਸੁਣਿਆ ਕਿ ਸਾਡੇ ਕਰਮਾਂ ਵਿਚ ਅਜੇ ਇਕ ਹੋਰ ਇੰਦਰਾ ਗਾਂਧੀ ਨਾਲ ਵਾਹ ਪੈਣਾ ਬਾਕੀ ਸੀ। ਪਰ ਉਹ ਉਸ ਔਰਤ ਬਾਰੇ ਉੱਚੀ ਕਦੀ ਕੁਝ ਨਾ ਬੋਲੀ। ਮੈਨੂੰ ਤਾਂ ਲਗਦਾ ਹੈ ਕਿ ਮਾਂ ਤਾਂ ਡੈਡੀ ਨਾਲ ਕਿਸੇ ਨਾ ਕਿਸੇ ਕਿਸਮ ਦਾ ਸਮਝੌਤਾ ਵੀ ਕਰ ਸਕਦੀ ਸੀ। ਤੇ ਡੈਡੀ ਵੀ ਕਿਸੇ ਨਾ ਕਿਸੇ ਤਰ੍ਹਾਂ ਮਾਮਲੇ ਨੂੰ ਰਫਾ-ਦਫਾ ਕਰਨਾ ਚਾਹੁੰਦਾ ਸੀ। ਪਰ ਜੋ ਹੋਇਆ ਉਸ ਦੀ ਤਾਂ ਕਿਸੇ ਨੂੰ ਵੀ ਆਸ ਨਹੀਂ ਸੀ। ਅਤੇ ਹੋਇਆ ਵੀ ਸਭ ਕੁਝ ਅਚਾਨਕ।

... ਤੇ ਘਟਨਾ ਤੋਂ ਬਾਅਦ ਮੇਰੇ ਵਿਚ ਕਿਸੇ ਨਾਲ ਬੋਲਣ ਜਾਂ ਘਰੋਂ ਬਾਹਰ ਜਾਣ ਦੀ ਵੀ ਖਾਹਿਸ਼ ਨਾ ਰਹੀ। ਮੈਂ ਬੀਮਾਰ ਹੋ ਗਿਆ ਤੇ ਕਈ ਹਫਤੇ ਹਸਪਤਾਲ ਰਿਹਾ। ਬੀਮਾਰੀ ਨਾਲ ਮੈਂ ਹੋਰ ਵੀ ਕਮਜ਼ੋਰ ਹੋ ਗਿਆ। ਹਸਪਤਾਲੋਂ ਆ ਕੇ ਮੈਂ ਆਪਣੇ ਕੇਸ ਕਟਾ ਦਿੱਤੇ। ਮੈਨੂੰ ਆਪਣੇ ਲੰਮੇ ਕੇਸ ਫਜ਼ੂਲ ਜਾਪਣ ਲੱਗੇ। ਕੇਸ ਕਟਾ ਕੇ ਤਾਂ ਮੈਂ ਬਹੁਤ ਹੀ ਮਾੜੂ ਜਿਹਾ ਲੱਗਣ ਲੱਗ ਪਿਆ। ਮੇਰੀ ਮਾਂ ਨੇ ਮੇਰੀ ਇਸ ਗੱਲ ਦਾ ਬੁਰਾ ਤਾਂ ਬਹੁਤ ਮਨਾਇਆ ਪਰ ਉਹਨੇ ਮੈਨੂੰ ਕੇਸ ਕਟਾਉਣੋਂ ਰੋਕਿਆ ਨਾ। ਮੇਰੇ ਡੈਡੀ ਹੱਥੋਂ ਉਸ ਔਰਤ ਦੇ ਕਤਲ ਦੀ ਘਟਨਾ ਤੋਂ ਬਾਅਦ ਸਾਡੀ ਜ਼ਿੰਦਗੀ ਫੇਰ ਇਕ ਮੁਰਦਾ ਜਿਹੀ ਤੋਰੇ ਤੁਰਨ ਲੱਗੀ। ਮੇਰੀ ਮਾਂ ਕਦੀ ਕਦੀ ਡੈਡੀ ਨੂੰ ਜਿਹਲ ਵਿਚ ਮਿਲਣ ਜਾਂਦੀ। ਇਕ ਵਾਰ ਮੈਂ ਤੇ ਰੇਸ਼ੀ ਵੀ ਗਏ ਸਾਂ।

... ਜਦੋਂ ਅਸੀਂ ਤਿੰਨੇ ਮਿਲਣ ਗਏ ਸਾਂ ਉਸ ਤੋਂ ਕੁਝ ਦਿਨ ਬਾਅਦ ਮੇਰੇ ਡੈਡੀ ਨੇ ਜਿਹਲ ਵਿਚ ਖੁਦਕਸ਼ੀ ਕਰ ਲਈ। ਇਸ ਘਟਨਾ ਨਾਲ ਸਾਡੇ ਵਿਚੋਂ ਰਹਿੰਦਾ ਸਾਹ-ਸਤ ਵੀ ਮੁੱਕ ਗਿਆ। ਕੁਝ ਹਫਤਿਆਂ ਬਾਅਦ ਮੇਰੀ ਮਾਂ ਨੇ ਆਪਣੇ ਡਾਕਟਰ ਦੇ ਸੁਝਾਅ 'ਤੇ ਟਰਾਂਟੋ ਦਾ ਇਲਾਕਾ ਛੱਡ ਦੇਣ ਬਾਰੇ ਫੈਸਲਾ ਕਰ ਲਿਆ। ਮੇਰੇ ਖਿਆਲ ਵਿਚ ਉਸ ਨੇ ਇਹ ਬਹੁਤ ਹੀ ਚੰਗਾ ਫੈਸਲਾ ਕੀਤਾ। ਹੁਣ ਜਦ ਦੇ ਅਸੀਂ ਇਸ ਇਲਾਕੇ ਵਿਚ ਆ ਕੇ ਰਹਿਣ ਲੱਗੇ ਹਾਂ ਮੇਰੀ ਸਿਹਤ ਕੁਝ ਕੁਝ ਸੁਧਰੀ ਹੈ ਤੇ ਹੁਣ ਮੈਂ ਪਿਛਲੇ ਕੁਝ ਮਹੀਨਿਆਂ ਤੋਂ ਕੰਮ ਵੀ ਕਰਦਾ ਹਾਂ। ਕੰਮ 'ਤੇ ਥੱਕ ਜਾਂਦਾ ਹਾਂ ਤਾਂ ਨੀਂਦ ਵੀ ਆ ਜਾਂਦੀ ਹੈ। ਜੇ ਕਦੇ ਨੀਂਦ ਨਾ ਆਵੇ ਤਾਂ ਮੈਂ ਪੜ੍ਹਦਾ ਹਾਂ ਜਾਂ ਫਿਰ ਲਿਖਣ ਲੱਗ ਜਾਂਦਾ ਹਾਂ। ਬੱਸ ਪਿਛਲੇ ਕੁਝ ਮਹੀਨਿਆਂ ਵਿਚ ਹੀ ਇਸ ਵੱਡੀ ਸਾਰੀ ਕਾਪੀ ਦੇ ਮੈਂ ਅੱਧੇ ਤੋਂ ਵਧ ਵਰਕੇ ਲਿਖ ਕੇ ਭਰ ਦਿੱਤੇ ਹਨ। ਇਸ ਤਰ੍ਹਾਂ ਆਪਣੇ ਨਾਲ ਬੀਤੀ ਲਿਖਣ ਦੀ ਸਕੀਮ ਮੈਨੂੰ ਇਕ ਕਿਤਾਬ ਪੜ੍ਹਨ ਸਮੇਂ ਹੀ ਸੁੱਝੀ ਸੀ। ਇਸ ਬਾਰੇ ਮੈਂ ਆਪਣੇ ਡਾਕਟਰ ਨੂੰ ਦੱਸਿਆ ਤਾਂ ਉਹ ਬਹੁਤ ਖੁਸ਼ ਹੋਇਆ, ਕਹਿਣ ਲੱਗਾ ਹੁਣ ਤੂੰ ਬਿਲਕੁਲ ਠੀਕ ਹੋ ਜਾਵੇਂਗਾ।

... ਪਰ ਜਦ ਕਦੀ ਕੋਈ ਮਾੜੀ-ਮੋਟੀ ਵੀ ਗੱਲ ਹੋ ਜਾਂਦੀ ਹੈ ਤਾਂ ਮੈਂ ਫੇਰ ਉਸੇ ਵਹਿਣ ਵਿਚ ਵਹਿ ਜਾਂਦਾ ਹਾਂ। ਜਿਵੇਂ ਅੱਜ ਰੇਸ਼ੀ ਨੂੰ ਕੁੱਟਣ ਬਾਅਦ ਮੇਰੀ ਇਹ ਹਾਲਤ ਹੋ ਗਈ ਹੈ। ਇਸੇ ਤਰ੍ਹਾਂ ਦੋ ਹਫਤੇ ਪਹਿਲਾਂ ਹੋਈ ਸੀ ਜਦ ਪਿੰਡੋਂ ਚਿੱਠੀ ਆਈ ਸੀ, ਜਿਹਦੇ ਵਿਚ ਮੇਰੇ ਬਾਬਾ ਜੀ ਦੀ ਮੌਤ ਦੀ ਖਬਰ ਸੀ। ਅਜਿਹੇ ਮੌਕੇ ਜੇ ਇਕੱਲ੍ਹੀ ਨੀਂਦ ਨਾ ਆਉਂਦੀ ਹੋਵੇ, ਤਾਂ ਵੀ ਏਡੀ ਮੁਸ਼ਕਿਲ ਨਹੀਂ। ਅਸਲੀ ਮੁਸ਼ਕਿਲ ਤਾਂ ਇਹ ਹੈ ਕਿ ਮੇਰੀ ਜਦ ਵੀ ਅਜਿਹੀ ਹਾਲਤ ਹੁੰਦੀ ਹੈ ਤਾਂ ਮੇਰਾ ਮਰ ਜਾਣ ਨੂੰ ਜੀਅ ਕਰਦਾ ਹੈ। ਸੋਚਣ ਲਗਦਾ ਹਾਂ ਕਿ ਡੈਡੀ ਵਾਂਗ ਮੈਂ ਵੀ ਖੁਦਕਸ਼ੀ ਕਰ ਲਵਾਂ। ਮੈਂ ਸਕੀਮਾਂ ਸੋਚਣ ਲਗਦਾ ਹਾਂ ਕਿ ਉਸ ਉੱਚੇ ਪੁਲ ’ਤੇ ਚੜ੍ਹ ਕੇ ਸਮੁੰਦਰ ਵਿਚ ਛਾਲ ਮਾਰ ਦਿਆਂ। ਅਜਿਹੇ ਮੌਕੇ ਮੈਨੂੰ ਉਸ ਭਿਆਨਕ ਸੀਨ ਤੋਂ ਬਚਣ ਦਾ ਹੋਰ ਕੋਈ ਉਪਾਅ ਹੀ ਨਹੀਂ ਸੁੱਝਦਾ। ਉਹ ਸੀਨ ਮੈਨੂੰ ਅਚਾਨਕ ਹੀ ਦਿਸਣਾ ਸ਼ੁਰੂ ਹੋ ਜਾਂਦਾ ਹੈ: ਮੈਂ ਤੇ ਮੇਰੀ ਮਾਂ ਉੱਚੀ ਉੱਚੀ ਰੋਂਦੇ ਇਕ ਦੂਜੇ ਨੂੰ ਪਿੱਛੇ ਨੂੰ ਖਿੱਚਦੇ ਕਾਰ ਪਾਰਕ ਵੱਲ ਨੂੰ ਨੱਸ ਰਹੇ ਹਾਂ... ਸਾਡੇ ਮਗਰ ਚੀਕਾਂ ਮਾਰਦੀ ਦੌੜੀ ਆ ਰਹੀ ਰੇਸ਼ੀ... ਸੀਮਿੰਟ ’ਤੇ ਹੌਲ਼ੀ ਹੌਲ਼ੀ ਵਧ ਰਹੀ ਖੂਨ ਦੀ ਲਕੀਰ... ਉਸ ਮਰ ਰਹੀ ਔਰਤ ਦੇ ਸਰੀਰ ਨਾਲ ਚੁੰਬੜਿਆ ਤੇ ਰੋ ਰਿਹਾ ਮੇਰਾ ਡੈਡੀ... ਕੋਲ ਪਈ ਲਹੂ ਨਾਲ ਲੱਥਪੱਥ ਕੁਹਾੜੀ ਜਿਸ ਨਾਲ ਮਾਸ ਦੇ ਕੁਝ ਚੀਥੜੇ ਵੀ ਚੁੰਬੜੇ ਦਿਸਦੇ ਸਨ... ਮਾਂ ਦੀ ਦਿਲ-ਚੀਰਵੀਂ ਆਵਾਜ਼ ... ਤੇ ਫੇਰ ਪੁਲੀਸ ਦੀਆਂ ਕਾਰਾਂ ਦੇ ਸਾਇਰਨ ... ਤੇ ਫੇਰ ਰੋਣ ਦੀ ਆਵਾਜ਼, ਹੋਰ ਰੋਣ ਦੀਆਂ ਆਵਾਜ਼ਾਂ...।

... ਇਹਨਾਂ ਆਵਾਜ਼ਾਂ ਨਾਲ ਮੇਰਾ ਸਿਰ ਪਾਟਣ ਲਗਦਾ ਹੈ ਤੇ ਮੈਂ ਅਜੀਬ ਅਵਸਥਾ ਵਿਚ ਮਹਿਸੂਸ ਕਰਦਾ ਹਾਂ। ਪਤਾ ਨਹੀਂ ਇਹ ਅਵਸਥਾ ਕਿੰਨੀ ਦੇਰ ਰਹਿੰਦੀ ਹੈ। ਫੇਰ ਹੌਲ਼ੀ ਹੌਲ਼ੀ ਮੈਨੂੰ ਆਪਣੀ ਮਾਂ ਦਾ ਦੁੱਖਾਂ ਭਰਿਆ ਚਿਹਰਾ ਦਿਸਦਾ ਹੈ। ਰੇਸ਼ੀ ਦੇ ਪਰਲ ਪਰਲ ਕਿਰਦੇ ਹੰਝੂ ਦਿਸਦੇ ਹਨ ਤੇ ਮੈਨੂੰ ਲਗਦਾ ਹੈ ਕਿ ਮਾਂ ਜੀ ਮੈਨੂੰ ਕਹਿ ਰਹੀ ਹੈ ਕਿ ਇਹਨਾਂ ਹੰਝੂਆਂ ਨੂੰ ਮੇਰੇ ਬਿਨਾਂ ਹੋਰ ਕੌਣ ਪੂੰਝੇਗਾ? ਇਸ ਸੋਚ ਨਾਲ ਮੇਰਾ ਮਨ ਸ਼ਾਂਤ ਹੋਣਾ ਸ਼ੁਰੂ ਹੋ ਜਾਂਦਾ ਹੈ। ...

❍●❍●❍●

# ਪਿਓ ਪੁੱਤਰ

ਅਜੇ ਤੜਕੇ ਦੇ ਪੰਜ ਈ ਵੱਜੇ ਆ। ਸ਼ਹਿਰ ਦਾ ਇਹ ਹਿੱਸਾ ਉਂਝ ਤਾਂ ਪੂਰੀ ਤਰ੍ਹਾਂ ਕਦੀ ਸੌਂਦਾ ਈ ਨਈਂ ਪਰ ਫੇਰ ਵੀ ਤੜਕੇ ਦੇ ਸਾਢੇ ਤਿੰਨ ਚਾਰ ਤੋਂ ਲੈ ਕੇ ਪੰਜ ਕੁ ਤਕ ਇੱਥੇ ਵੀ ਜ਼ਿੰਦਗੀ ਕੁਝ ਮੱਧਮ ਹੋ ਜਾਂਦੀ ਆ। ਟਾਂਵੀਆਂ ਟਾਂਵੀਆਂ ਲੰਘਦੀਆਂ ਕਾਰਾਂ ਵਿਚੋਂ ਹਰ ਤੀਜੀ ਜਾਂ ਚੌਥੀ ਕਾਰ ਪੁਲੀਸ ਦੀ ਹੁੰਦੀ ਆ। ਉਹ ਇਸ ਵੇਲੇ ਰਾਤ ਦੇ ਡਿੱਗਿਆਂ-ਢੱਠਿਆਂ ਨੂੰ ਜਾਂ ਜਿਹਨਾਂ ਨੂੰ ਅਜੇ ਵੀ ਰਾਤ ਦੇ ਨਸ਼ੇ ਨੇ ਤੁਰਨ-ਫਿਰਨ ਜੋਗਾ ਛੱਡ ਦਿੱਤਾ ਹੋਵੇ, ਚੱਕ-ਚਕਾ ਕੇ ਦਿਨ ਚੜ੍ਹਦੇ ਤਕ ਇਸ ਇਲਾਕੇ ਨੂੰ ਫੇਰ ਠੀਕ-ਠਾਕ ਕਰ ਦਿੰਦੇ ਆ। ਥੋੜ੍ਹੀ ਜਿਹੀ ਚੁਪ-ਚਾਂਦ ਤੋਂ ਬਾਅਦ ਫੇਰ ਇਹਨਾਂ ਵੱਡੀਆਂ ਵੱਡੀਆਂ ਬਿਲਡਿੰਗਾਂ ਅੰਦਰ ਲੋੜੀਂਦੇ ਸਾਮਾਨ ਪਹੁੰਚਾਣ ਲਈ "ਸਰਵਿਸ ਟਰੱਕ" ਆਉਣੇ ਸ਼ੁਰੂ ਹੋ ਜਾਂਦੇ ਆ। ਤੇ ਫਿਰ ਅਗਲੇ ਤੜਕੇ ਤਕ ਜ਼ਿੰਦਗੀ ਵੇਚਣ ਖਰੀਦਣ ਦੇ ਆਪਣੇ ਹਰ ਰੂਪ ਵਿਚ ਵਿਚਰਦੀ ਹੈ।

ਮੈਂ ਸ਼ਹਿਰੋਂ ਬਾਹਰ ਦੇ ਇਕ ਦੋ ਸਟੋਰਾਂ ਵਿਚ ਗੇੜਾ ਮਾਰ ਆਇਆਂ ਤੇ ਹੁਣ ਇਸ ਵੱਡੇ ਸਟੋਰ ਵਿਚ ਰਾਤ ਤੋਂ ਕੰਮ ਕਰ ਰਹੇ ਕਾਮਿਆਂ ਨੂੰ ਚੈੱਕ ਕਰਨਾ ਬਾਕੀ ਹੈ। ਕਾਮੇ ਕਿਹੜੇ ਕੋਈ ਬਗਾਨੇ ਆ, ਆਪਣੇ ਘਰ ਦੇ ਈ ਤਾਂ ਬੰਦੇ ਆ। ਉੱਦਾਂ ਤਾਂ ਆਪਾਂ ਬਾਹਰ ਰਹਿਣ ਵਾਲੇ ਪੰਜਾਬੀ ਲੋੜ ਪੈਣ 'ਤੇ ਪਲ 'ਚ ਈ ਇਕ ਦੂਜੇ ਦੇ ਘਰ ਆਲ਼ੇ ਬਣ ਜਾਂਦੇ ਆਂ ਤੇ ਜੇ ਲੋੜ ਨਾ ਹੋਵੇ ਤਾਂ ਫੇਰ ਸਾਡੇ ਕੋਲ ਇਕ ਦੂਜੇ ਨੂੰ ਬਗਾਨੇ ਦਰਸਾਉਣ ਦੇ ਵੀ ਇੰਨੇ ਢੰਗ ਆ ਕਿ ਪੁੱਛੋ ਕੁਛ ਨਾ। ਤੇ ਗੋਰੇ ਜਿਹੜੇ ਸਾਨੂੰ ਕੰਮ ਦਿੰਦੇ ਆ - ਆਹਾ ਈ ਸਫਾਈ ਕਰਨ ਦੇ ਜਾਣੀ ਕਿ "ਜੈਨੀਟੋਰੀਅਲ ਵਰਕ" ਤੇ ਜਾਂ ਫੇਰ ਆਹ ਫਾਰਮ ਚਲਾਉਣ ਦੇ - ਇਹਨਾਂ 'ਚ ਸਾਡੇ ਰਿਸ਼ਤਿਆਂ ਦੀਆਂ ਇਹ ਦੂਰੀਆਂ ਨਜ਼ਦੀਕੀਆਂ ਬੜੀਆਂ ਈ ਕੰਮ ਆਉਂਦੀਆਂ।

...ਖੈਰ ਇੰਨੇ ਸਵੇਰੇ ਆਪਣੇ ਪਰਦੇ ਆਪ ਈ ਕੀ ਫੋਲਣੇ ਆਂ - ਮੇਰੇ ਤਾਂ ਕਈਆਂ ਦਿਨਾਂ ਦੀ ਦਿਲ 'ਚ ਸੀ ਪਈ ਤੁਹਾਨੂੰ ਬਾਬੇ ਬੂੜ ਸਿਉਂ ਨਾਲ ਮਿਲਾਵਾਂ। ਬਾਬਾ ਤੇ ਉਹਦੇ ਦੋ ਬੇਲੀ ਬਹੁਤੀ ਵਾਰੀ ਤੜਕੇ ਦੇ ਇਸ ਸਮੇਂ ਕਿਸੇ ਨਾ ਕਿਸੇ ਸਟੋਰ ਦੀਆਂ ਪੌੜੀਆਂ 'ਤੇ ਘੜੀ ਪਲ ਅੱਖ ਲਾਉਣ ਲਈ ਪੈ ਜਾਂਦੇ ਆ। ਫੇਰ ਜਦੋਂ ਕੁ ਲੋਕਾਂ ਦੀ ਆਵਾਜਾਈ ਸ਼ੁਰੂ ਹੋਣ ਲਗਦੀ ਆ ਉਹ ਹੌਲ਼ੀ ਹੌਲ਼ੀ ਅੱਖਾਂ ਮਲਦੇ ਪੌੜੀਆਂ ਚੋਂ ਉੱਠਣਗੇ ਤੇ ਉੱਥੇ ਆਲ਼ੇ-ਦੁਆਲ਼ੇ ਕੰਧ ਨਾਲ ਲੱਗ ਕੇ ਸਟੋਰ ਖੁੱਲ੍ਹਣ ਤਕ ਉਂਘਲਾਉਂਦੇ

ਰਹਿਣਗੇ। ਸਟੋਰ ਖੁੱਲ੍ਹੀ 'ਤੇ ਸਿੱਧੇ ਵਾਸ਼ਰੂਮ ਜਾਣਗੇ, ਮੂੰਹ ਹੱਥ ਧੋਣਗੇ ਤੇ ਫੇਰ ਸਟਰੀਟ ਦੇ ਦੂਜੇ ਪਾਸੇ ਚੀਨੇ ਦੀ ਕਾਫੀ ਸ਼ਾਪ ਵਿਚ ਜਾ ਬਹਿਣਗੇ।

ਬਾਬੇ ਅਰਗੇ ਬਹੁਤ ਲੋਕ ਆ ਜਿਹੜੇ ਮਹੀਨੇ ਚੋਂ ਦਸ ਬਾਰਾਂ ਦਿਨ ਈ ਕਮਰਿਆਂ 'ਚ ਸੌਂਦੇ ਆ ਤੇ ਬਾਕੀ ਦੇ ਦਿਨ ਏਦਾਂ ਕੰਧਾਂ-ਕੌਲਿਆਂ ਨਾਲ ਲੱਗ ਕੇ ਈ ਸੌਂਦੇ ਆ। ਨੇਟਿਵ ਇੰਡੀਅਨ ਤੇ ਗੋਰੇ ਈ ਹੁੰਦੇ ਆ ਆਮ ਤਾਂ। ਇਹ ਬਾਬਾ ਤਾਂ ਮੈਂ ਪਹਿਲਾ ਪੰਜਾਬੀ ਦੇਖਿਆ ਇੱਥੇ। ਇਸੇ ਕਰਕੇ ਤਾਂ ਉਹ ਮੈਨੂੰ ਦਿਲਚਸਪ ਲੱਗਾ ਸੀ ਤੇ ਫੇਰ ਮੈਂ ਉਹਨੂੰ ਕਾਫੀ ਪਿਲਾਈ, ਬਰੇਕਫਾਸਟ ਕਰਾਇਆ। ਉਹਨੂੰ ਉਹਦੇ ਮੁੰਡੇ ਦੇ ਘਰ ਤਾਈਂ ਰਾਈਡ ਵੀ ਦਿੱਤੀ। ਬੜੀ ਦਿਲਚਸਪ ਸ਼ੈਅ ਆ ਬਾਬਾ। ਤੇ ਮੈਂ ਸੋਚਿਆ ਤੁਸੀਂ ਵੀ ਇੱਦਾਂ ਦੀਆਂ ਗੱਲਾਂ ਦਾ ਸ਼ੌਕ ਰੱਖਣ ਆਲ਼ੇ ਬੰਦੇ ਆਂ ਤੁਹਾਨੂੰ ਬਾਬੇ ਬੂੜ ਸਿਉਂ ਨਾਲ ਮਿਲਾਵਾਂ ਅੱਜ। ਪਰ ਉਹ ਦਿਸਦਾ ਨਈਂ ਕਿਤੇ ਅੱਜ। ਹੋ ਸਕਦਾ ਅੱਜ ਕੱਲ੍ਹ ਈ ਵੈਲਫੇਅਰ ਦੀਆਂ ਚਿਕਾਂ ਮਿਲੀਆਂ ਹੋਣੀਆਂ ਤੇ ਉਹ ਰੂਮ ਲੈ ਕੇ ਪੈ ਗਏ ਹੋਣੇ ਆ ਕਿਤੇ।

ਪਹਿਲੇ ਦਿਨ ਉਹਨੂੰ ਮੈਂ ਬਾਬਾ ਕਹਿ ਬੈਠਾ ਕਿਉਂਕਿ ਮੈਨੂੰ ਲੱਗਾ ਪਈ ਉਹ ਸੱਤਰਾਂ ਪੰਝੱਤਰਾਂ ਤੋਂ ਤਾਂ ਉੱਤੇ ਸੀ। ਮੈਨੂੰ ਕਹਿੰਦਾ, "ਦੇਖ ਕਾਕਾ ਜੇ ਦਾਹੜੀ ਚਿੱਟੀ ਆ ਤਾਂ ਅਸੀਂ ਕਿਤੇ ਬੁੜ੍ਹੇ ਹੋ ਗਏ - ਆਪਾਂ ਤਾਂ ਅੰਦਰੋਂ ਪੂਰੇ ਜੁਆਨ ਆਂ ਅਜੇ। ਕਿਤੇ ਟੈਮ ਨਾਲ ਆਈਂ ਤਾਂ ਤੈਨੂੰ ਦਿਖਾਵਾਂਗੇ ਜਲਵਾ - ਗੋਰੀਆਂ ਨਾਲ ਢੁਕ ਢੁਕ ਕੇ ਬਹਿੰਦੀਆਂ ਆਪਣੇ"।

ਗੋਰੀ ਆਲੀ ਗੱਲ 'ਤੇ ਮੈਂ ਵੀ ਦਿਲਚਸਪੀ ਦਿਖਾਉਂਦਿਆਂ ਪੁੱਛਿਆ, "ਉਹ ਕਿਹੜਾ ਟੈਮ ਹੁੰਦਾ ਬਾਬਾ"?

ਉਹਨੇ ਮੇਰੇ ਵੱਲ ਪਲ ਕੁ ਧਿਆਨ ਨਾਲ ਦੇਖਿਆ, ਗਰਮ ਕਾਫੀ ਦਾ ਘੁੱਟ ਭਰਿਆ ਤੇ ਖੁੱਲ੍ਹ ਕੇ ਗੱਲ ਕਰਨ ਲੱਗਾ, "ਮੈਂ ਤਾਂ ਯਾਰ ਤੇਰੀ ਆਹ ਟਾਈ ਜਿਹੀ ਦੇਖ ਕੇ ਘਾਬਰ ਈ ਗਿਆ ਸੀ, ਬੰਦਾ ਤੂੰ ਮਾੜਾ ਨੀ ਲਗਦਾ"।

"ਟਾਈ ਤਾਂ ਬਾਬਾ ਲਾਉਣੀ ਪੈਂਦੀ ਆ - ਮੈਂ ਹੈਗਾਂ ਸੁਪਰਵਾਈਜ਼ਰ - ਤੇ ਉਦਾਂ ਤੈਨੂੰ ਪਤਾ ਆਪਣੇ ਬੰਦੇ ਰੋਅਬ ਨੀ ਮੰਨਦੇ"।

"ਨਈਂ ਨਈਂ ਮੱਲਾ ਜ਼ਰੂਰ ਲਾਓ, ਢੱਗੇ ਹੱਕਣ ਲਈ ਪਰੈਣੀ ਤਾਂ ਹੱਥ 'ਚ ਰੱਖਣੀ ਈ ਪਊ। ਮੇਰੇ ਮੁੰਡੇ ਨੇ ਵੀ ਲਾਈ ਹੁੰਦੀ ਆ, ਉਹਨੇ ਤਾਂ ਨਾਲ ਵੱਡਾ ਸਾਰਾ ਪੱਗੜ ਵੀ ਬੰਨ੍ਹਿਆਂ ਹੁੰਦਾ ਆ"।

ਉਹਦੀ ਪੱਗ ਵਾਲ਼ੀ ਗੱਲ 'ਤੇ ਮੈਂ ਗਹੁ ਨਾਲ ਉਹਦੀ ਵੱਲ ਦੇਖਿਆ। ਪਹਿਲੀ ਵਾਰੀ ਜਦੋਂ ਬਾਬੇ ਨੂੰ ਮੈਂ ਤੜਕਿਓਂ ਈ ਪੌੜੀਆਂ 'ਤੇ ਸੁੱਤਾ ਪਿਆ ਦੇਖਿਆ ਸੀ ਤਾਂ ਉਹਦੀ ਪੱਗ ਤੇ ਸੱਜੀ ਬਾਂਹ 'ਚ ਪਏ ਸਟੀਲ ਦੇ ਵੱਡੇ ਕੜ੍ਹੇ ਨੇ ਈ ਮੇਰਾ ਧਿਆਨ ਖਿੱਚਿਆ ਸੀ। ਮੇਰੇ ਸੱਦੇ 'ਤੇ ਕਾਫੀ ਪੀਣੀ ਮੰਨ ਕੇ, ਕਾਫੀ ਸ਼ਾਪ ਦੇ ਅੰਦਰ ਆਉਂਦੇ

ਨੇ ਈ ਪਹਿਲਾਂ ਉਹਨੇ ਵਾਸ਼ਰੂਮ ਜਾ ਕੇ ਪੱਗ ਸੁਆਰ ਕੇ ਬੰਨ੍ਹੀ ਸੀ। ਆਪਣੀ ਚਿੱਟੀ ਮੈਲੀ ਦਾਹੜੀ 'ਤੇ ਘਰੋੜ ਘਰੋੜ ਕੇ ਹੱਥ ਫੇਰਦਾ ਜਦੋਂ ਉਹ ਆ ਕੇ ਮੇਰੇ ਸਾਹਮਣੇ ਮੇਜ਼ ਦੇ ਦੂਜੇ ਪਾਸੇ ਬੈਠਿਆ ਸੀ ਤਾਂ ਉਹਦਾ ਸਟੀਲ ਦਾ ਕੜ੍ਹਾ ਠਾਹ ਕਰਦਾ ਮੇਜ਼ 'ਤੇ ਵੱਜਾ।

ਮੇਰੇ ਪੁੱਛਣ ਤੋਂ ਪਹਿਲਾਂ ਈ ਉਹ ਦੱਸਣ ਲੱਗ ਪਿਆ, "ਮੇਰੀ ਪੋਤ ਨੂੰਹ ਪਿਛਲੀ ਵਾਰੀ ਗਈਓ ਦੇਸੋਂ ਲਿਆਈ ਸੀ ਇਹ ਕੜ੍ਹਾ - ਬੜੇ ਤੇਹ ਨਾਲ ਉਹਨੇ ਮੈਨੂੰ ਦਿੱਤਾ ਸੀ - ਬਹੁਤ ਈ ਬੀਬੀ ਕੁੜੀ ਆ - ਜੀਤੀ ਆ ਉਹਦਾ ਨਾਂ - ਮੇਰਾ ਪੋਤਾ ਤਾਂ ਸਹੁਰਾ ਊਤ ਆ ਪੂਰਾ - ਨਿੱਕਾ ਹੁੰਦਾ ਈ ਇੱਧਰ ਆ ਗਿਆ ਸੀ - ਨਾ ਤਾਂ ਸਹੁਰੇ ਨੂੰ ਪੰਜਾਬੀ ਈ ਬੋਲਣੀ ਆਉਂਦੀ ਆ ਚੰਗੀ ਤਰ੍ਹਾਂ, ਨਾ ਕੋਈ ਅਕਲ ਆ ਕਿਸੇ ਤਰ੍ਹਾਂ ਦੀ - ਕਨੇਡਾ ਦੇ ਨਾਂ ਨੂੰ ਅਗਲਿਆਂ ਨੇ ਪੜ੍ਹੀ-ਲਿਖੀ ਕੁੜੀ ਉਹਦੇ ਨਾਲ ਤੋਰ ਦਿੱਤੀ - ਉਹਨੇ ਲਿਆ ਕੇ ਦਿੱਤਾ ਸੀ ਇਹ ਕੜ੍ਹਾ - ਤੇ ਮੈਂ ਐਸਾ ਪਾਇਆ ਮੁੜ ਕੇ ਲਾਹਿਆ ਈ ਨਈਂ। ਕਈ ਆਰੀ ਫੈਦਾ ਵੀ ਬੜਾ ਹੁੰਦਾ ਆ ਇਹਦਾ। ਇਕ ਦਿਨ ਇਕ ਇੰਡੀਅਨ - ਕੈਵਿਨ ਆ ਉਹਦਾ ਨਾਂ - ਬੰਦਾ ਬੜਾ ਨੈਸ ਆ - ਬੀਅਰ ਪੀਂਦਿਆਂ ਮੇਰੇ ਨਾਲ ਲੜ ਪਿਆ - ਮੈਂ ਆਪਣੀ ਵੱਲੋਂ ਤਾਂ ਉਹਦੇ ਥੱਪੜ ਈ ਮਾਰਿਆ ਸੀ - ਪਰ ਮੇਰੇ ਕੜ੍ਹੇ ਨੇ ਉਹਦਾ ਕੰਨ ਵੱਢ ਕੇ ਰੱਖ ਤਾ - ਮੈਨੂੰ ਤਾਂ ਬੜਾ ਤਰਸ ਆਇਆ ਤੇ ਮਗਰੋਂ ਕਈ ਦਿਨ ਉਹਦੀ ਮਰ੍ਹਮ-ਪੱਟੀ ਵੀ ਮੈਂ ਕਰਾਉਂਦਾ ਰਿਹਾ। ਪਰ ਇਹ ਬਾਕੀ ਦੇ ਹੁਣ ਉਦੋਂ ਦੇ ਮੇਰੇ ਕੋਲੋਂ ਚਲਦੇ ਆ - ਕਹਿਣਗੇ, ਸਿੰਘ ਦੇ ਹਥਿਆਰ ਤੋਂ ਬਚੋ"।

ਬਾਬੇ ਨੇ ਕਾਫੀ ਦਾ ਵੱਡਾ ਘੁੱਟ ਹੋਰ ਭਰਿਆ ਤੇ ਖਾਲੀ ਪਲੇਟ ਵੱਲ ਦੇਖ ਕੇ ਕਹਿੰਦਾ, "ਮੱਲਾ ਆਹ ਡੋ-ਨਟ ਜਿਹੇ ਤਾਂ ਦੋ ਹੋਰ ਮੰਗਾ"।

ਮੈਂ ਜਾ ਕੇ ਕਾਊਂਟਰ ਤੋਂ ਡੋ-ਨਟ ਫੜ ਲਿਆਇਆ।

ਪਲੇਟ ਮੇਜ਼ 'ਤੇ ਰੱਖਦਿਆਂ ਮੈਂ ਪੁੱਛਿਆ, "ਬਾਬਾ ਤੂੰ ਕੋਈ ਟੈਮ ਦੀ ਗੱਲ ਦੱਸਣ ਲੱਗਾ ਸੀ ਪਈ ਗੋਰੀਆਂ ਤੇਰੇ ਨਾਲ ਢੁਕ ਢੁਕ ਕੇ ਬਹਿੰਦੀਆਂ ਹੁੰਦੀਆਂ"।

"ਉਹ ਵੀ ਤੈਨੂੰ ਦੱਸਾਂਗੇ ਕਿਤੇ। ਤੂੰ ਪਹਿਲਾਂ ਇਹ ਦੱਸ ਪਈ ਇਹ ਸਹੁਰੇ ਆਹ ਡੋ-ਨਟਾਂ 'ਚ ਗਲ਼ੀ ਆਲ਼ੇ ਪੈਸੇ ਆਂਗ ਗਲ਼ੀ ਕਿਉਂ ਕਰ ਦਿੰਦੇ ਆ"?

ਬਾਬਾ ਗਰਮ ਕਾਫੀ ਨਾਲ ਪੂਰਾ ਕਾਇਮ ਹੋ ਗਿਆ ਸੀ।

"ਬਾਬਾ ਤੈਨੂੰ ਪਤਾ ਪਈ ਗੋਰੇ ਹੈਗੇ ਆ ਸ਼ੁਕੀਨ ਬੰਦੇ - ਖਾਣ ਪੀਣ ਦੀਆਂ ਚੀਜ਼ਾਂ ਵਿਚ ਵੀ ਡੀਜ਼ਾਇਨ ਬਣਾਉਂਦੇ ਆ"।

"ਹਾਂ! ਡੀਜੈਨ ਵਧੀਆ ਬਈ - ਮੈਨੂੰ ਤਾਂ ਕਈ ਵਾਰੀ ਲਗਦਾ ਪਈ ਇਹ ਡੋ-ਨਟ ਈ ਦੁਨੀਆ ਦਾ ਅਸਲੀ ਨਕਸ਼ਾ ਆ - ਪਈ ਜੋ ਕੁਛ ਹੈ ਆਲ਼ੇ ਦੁਆਲ਼ੇ ਈ ਆ, ਵਿਚ-ਵਿਚਾਲੇ ਨਈਂ ਕੁਛ ਵੀ - ਉੱਦਾਂ ਸਾਲ਼ੇ ਚੱਕਿਓ ਡੀਜੈਨ ਦੇ ਪੂਰੇ ਦਾ ਪੂਰਾ

ਬੁਰਕ ਕੱਢ ਲੈਂਦੇ ਆ ਵਿਚੋਂ - ਮੈਨੂੰ ਤਾਂ ਲਗਦਾ ਇਹਨਾਂ ਦੇ ਹਰ ਡੀਜੈਨ ਪਿੱਛੇ ਕੋਈ ਨਾ ਕੋਈ ਹੋਰ ਈ ਗੱਲ ਹੁੰਦੀ ਆ ਜਰੂਰ"।

"ਬਾਬਾ ਕਾਮਰੇਡਾਂ ਨਾਲ ਵੀ ਰਿਹਾ ਲਗਦਾ ਕਿਤੇ"?

ਉਹ ਕਹਿਣ ਲੱਗਾ, "ਕਾਕਾ ਪੰਜਾਬ ਚੋਂ ਆਉਣ ਆਲ਼ੇ ਹਰੇਕ ਨੇ ਕਾਮਰੇਡਾਂ ਦੀਆਂ ਗੱਲਾਂ ਤਾਂ ਸੁਣੀਆਂ ਈ ਹੁੰਦੀਆਂ - ਬੱਸ ਉਹਨਾਂ ਦੇ ਆਖੇ ਨਈਂ ਲੱਗੇ ਲੋਕ - ਗੱਲਾਂ ਤਾਂ ਬੜੀਆਂ ਧਿਆਨ ਨਾਲ ਸੁਣਦੇ ਰਹੇ ਆ - ਪਰ ਮੈਨੂੰ ਤਾਂ ਤੇਰੀ ਨਈਂ ਕੁਛ ਸਮਝ ਪੈ ਰਹੀ"।

"ਕਿਉਂ ਮੇਰੀ ਕੀ ਨਈਂ ਸਮਝ ਲਗਦੀ ਤੈਨੂੰ"?

"ਤੇਰੇ ਅਰਗੇ ਜਿਹੜੇ ਸੜੇ ਸੁਪਰਵੈਜ਼ਰ ਟਾਈਆਂ ਟੂਈਆਂ ਲਾਈ ਫਿਰਦੇ ਆ, ਉਹ ਤਾਂ ਮੇਰੇ ਅਰਗੇ ਬੰਦੇ ਦੇ ਕੋਲ ਦੀ ਨਈਂ ਲੰਘਦੇ ਤੇ ਤੂੰ ਮੈਨੂੰ ਸਵੇਰੇ ਬਹਾ ਕੇ ਕਾਫੀ ਪਿਲਾਉਣ ਡਿਹਾਂ - ਬੰਦਾਂ ਤੂੰ ਠੀਕ ਈ ਲੱਗਦਾਂ, ਇਹ ਕੰਮ ਕਿਹੜੇ 'ਚ ਪਿਆਂ"?

"ਨਾ ਬਾਬਾ ਫੇਰ ਰੋਟੀ ਖਾਣ ਲਈ ਕੁਛ ਨਾ ਕੁਛ ਤਾਂ ਕਰਨਾ ਈ ਪੈਂਦਾ"।

"ਪਰ ਫੇਰ ਵੀ ਕਾਕਾ ਜੇ ਬੰਦਾ ਆਪਣੇ ਮਨ ਦੇ ਮੇਚ ਦਾ ਕੰਮ ਨਾ ਕਰਦਾ ਹੋਵੇ ਤਾਂ ਅੰਦਰੋਂ ਤੰਗ ਹੁੰਦਾ ਕਦੀ ਨਾ ਕਦੀ"।

"ਚੱਲ ਛੱਡ ਤੂੰ ਮੇਰੀਆਂ। ਗੋਰੀਆਂ ਆਲੀ ਦੱਸ ਫੇਰ"?

"ਗੋਰੀਆਂ ਵਿਚਾਰੀਆਂ ਦੀ ਕੀ ਦੱਸਣੀ ਆ ਤੈਨੂੰ - ਜੂਨ-ਕਟੀ ਕਰਦੇ ਆ ਸਾਰੇ ਇੱਥੇ"।

ਉਹਨੇ ਅਜੇ ਗੱਲ ਖਤਮ ਨਈਂ ਸੀ ਕੀਤੀ ਕਿ ਉਹਨੂੰ ਉਹਦਾ ਇਕ ਬੇਲੀ ਕਾਫੀ ਸ਼ਾਪ 'ਚ ਵੜਦਾ ਦਿਸ ਪਿਆ। ਬਾਬੇ ਨੇ ਦੂਰੋਂ ਈ ਉਹਨੂੰ ਹੱਥ ਮਾਰਿਆ। ਸਿਆਣੀ ਉਮਰ ਦਾ ਮਾੜਕੂ ਜਿਹਾ ਗੋਰਾ ਹੌਲ਼ੀ ਹੌਲ਼ੀ ਤੁਰ ਕੇ ਸਾਡੇ ਕੋਲ ਆਇਆ।

"ਹਾਰਵੀ ਕਮ ਹੈਵ ਕਾਫੀ", ਕਹਿੰਦਿਆਂ ਬਾਬੇ ਨੇ ਮੇਰੇ ਵੱਲ ਦੇਖਿਆ।

ਮੈਂ ਉੱਠ ਕੇ ਕਾਫੀ ਦਾ ਕੱਪ ਲੈਣ ਚਲੇ ਗਿਆ ਤੇ ਨਾਲ ਦੋ ਡੋ-ਨਟ ਵੀ ਫੜ ਲਿਆਇਆ।

ਬਾਬਾ ਆਪਣੀ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਹਾਰਵੀ ਨੂੰ ਕਹਿ ਰਿਹਾ ਸੀ, "ਨੈਸ ਬੁਆਏ - ਹੀ ਸੁਪਰਵੈਜ਼ਰ ਯੂ ਨੋ"।

ਹਾਰਵੀ ਦੀ ਜ਼ਾਹਰਾ ਤੌਰ 'ਤੇ ਦਿਲਚਸਪੀ ਕਾਫੀ ਤੇ ਡੋ-ਨਟਾਂ ਵਿਚ ਸੀ, ਉਹਨੇ ਮੇਰੀ ਵੱਲ ਬਹੁਤਾ ਧਿਆਨ ਨਈਂ ਦਿੱਤਾ।

"ਹਾਰਵੀ ਆਪਣਾ ਪੂਰਾ ਭਾਈਬੰਦ ਆ। ਇਹ ਵੀ ਕਿਸੇ ਵਧੀਆ ਦਫਤਰ 'ਚ ਕੰਮ ਕਰਦਾ ਹੁੰਦਾ ਸੀ ਤੇਰੇ ਆਂਗ ਜੁਆਨੀ ਵੇਲੇ। ਬਾਲ ਬੱਚਿਆਂ ਆਲਾ ਆ - ਬੱਸ ਅੱਕ ਕੇ ਸਭ ਛੱਡ-ਛਡਾਅ ਆਇਆ - ਬਹੁਤ ਨੈਸ ਬੰਦਾ ਆ। ਬਹੁਤੀਆਂ ਗੱਲਾਂ-

ਗੁੱਲਾਂ ਨਈਂ ਕਰਦਾ। ਨਾ ਮੈਨੂੰ ਕਿਸੇ ਗੱਲੋਂ ਬਾਦਰ ਈ ਕਰਦਾ ਆ। ਸਾਡਾ ਇਕ ਹੋਰ ਭਾਈਬੰਦ ਆ ਕੈਵਿਨ – ਉਹ ਇੰਡੀਅਨ ਆ – ਲੌਗਾਂ ਵੱਢਦਾ ਹੁੰਦਾ ਸੀ। ਬੜੇ ਈ ਨੈਸ ਬੰਦੇ ਆ ਇਹ ਕਾਕਾ ਮੇਰੇ ਭਾਈਬੰਦ। ਮੈਨੂੰ ਤਾਂ ਅੰਗਰੇਜ਼ੀ ਦੇ ਆਉਂਦੇ ਵੀ ਪੰਜ ਸੱਤ ਅੱਖਰ ਈ ਆ। ਕੋਈ ਬਾਹਲਾ ਫਰਕ ਨਈਂ ਪੈਂਦਾ ਇਹਨਾਂ ਨਾਲ – ਹੈਦਾਂ ਈ ਸਰ ਸੁਰ ਜਾਂਦਾ ਆ। ਬੀਅਰ ਪੀ ਕੇ ਮੈਂ ਇਹਨਾਂ ਨਾਲ ਪੰਜਾਬੀ ’ਚ ਈ ਗੱਲਾਂ ਕਰਦਾ ਰਹਿੰਨਾ ਆਂ। ਇਹ ਆਪਣੀਆਂ ਮੈਨੂੰ ਦੱਸਦੇ ਰਹਿੰਦੇ ਆ – ਮੇਰੇ ਕੋਈ ਪੱਲੇ ਪੈ ਜਾਂਦੀ ਆ ਕੋਈ ਨਈਂ। ਪਰ ਇਹਨਾਂ ਨੂੰ ਕੋਈ ਮੈਂਡ ਈ ਨਈਂ। ਅੱਵਲਾਂ ਤਾਂ ਹੁਣ ਮੈਨੂੰ ਕੋਈ ਬੁਰਾ ਭਲਾ ਕਹਿੰਦਾ ਈ ਨਈਂ – ਪਹਿਲਾਂ ਪਹਿਲਾਂ ਜੇ ਕੋਈ ਕੁਝ ਕਹਿੰਦਾ ਸੀ ਤਾਂ ਇਹ ਦੋਵੇਂ ਮੇਰੀ ਪੂਰੀ ਮੱਦਦ ਕਰਦੇ ਸੀ। ਜਦੋਂ ਸਾਨੂੰ ਚਿਕਾਂ ਮਿਲਦੀਆਂ, ਅਸੀਂ ਕੱਠੇ ਈ ਰੂਮ ਲੈਨੇ ਹੁੰਨੇ ਆਂ ਤੇ ਨਾਲੇ ਕੱਠੇ ਈ ਬੀਅਰ ਪੀਈਦੀ ਆ”।

“ਫੇਰ ਬਾਕੀ ਦੇ ਦਿਨ ਕਿਵੇਂ ਸਾਰਦੇ ਹੁੰਦੇ ਆਂ”?

“ਸਾਰਨਾ ਸੂਰਨਾ ਕੀ ਆ – ਇੱਧਰ ਉੱਧਰ ਖੜ੍ਹ ਖੁੜ੍ਹ ਕੇ ਲੰਘਣ ਵਾਲਿਆਂ ਕੋਲੋਂ ਥੋੜ੍ਹੀ ਬਹੁਤ ਭਾਨ ਕੱਠੀ ਕਰ ਲਈਦੀ ਆ – ਅਗਲੇ ਨੂੰ ਕਹਿ ਦਈਦਾ ਬਈ ਥੋੜ੍ਹੀ ਜਿਹੀ ਭਾਨ ਹੈਗੀ ਤਾਂ ਦਈਂ ਬੱਸੇ ਚੜ੍ਹਨਾ – ਜਦੋਂ ਬੀਅਰ ਦੇ ਗਲਾਸ ਜੋਗੇ ਹੋ ਜਾਣ ਤਾਂ ਅੰਦਰ ਜਾ ਬੈਠੀ ਦਾ।

ਬਾਬੇ ਨੇ ਖਬਰੇ ਮੇਰੇ ਚਿਹਰੇ ਤੋਂ ਮੇਰੇ ਅੰਦਰ ਦਾ ਸਵਾਲ ਪੜ੍ਹ ਲਿਆ ਸੀ ਕਹਿਣ ਲੱਗਾ, “ਭਾਨ ਮੰਗਦੇ ਤਾਂ ਹਾਰਵੀ ਤੇ ਕੈਵਿਨ ਈ ਹੁੰਦੇ ਆ, ਮੈਂ ਤਾਂ ਲਾਗੇ ਖੜ੍ਹਾ ਈ ਹੁੰਨਾਂ – ਮੰਗਣਾ ਤਾਂ ਕਾਕਾ ਮੌਤ ਆ ਪਰ ਭਾਈਬੰਦਾਂ ਨੂੰ ਛੱਡ ਕੇ ਵੀ ਬੰਦਾ ਕਿੱਥੇ ਜਾਵੇ – ਨਾਲੇ ਇੱਥੇ ਕੋਈ ਦੇਸ ਆਲ਼ੇ ਮੰਗਤਿਆਂ ਆਂਗ ਥੋੜ੍ਹੋ ਆ – ਜੇ ਕੋਈ ਤੁਰਿਆ ਜਾਂਦਾ ਥੋੜ੍ਹੀ ਭਾਨ ਦੇ ਦੇਵੇ ਠੀਕ ਆ, ਨਹੀਂ ਤਾਂ ਨਾ ਸਹੀ – ਅਸੀਂ ਕਿਹੜਾ ਕਿਸੇ ਦਾ ਝੱਗਾ ਫੜ ਕੇ ਬੈਠ ਜਾਈਦਾ – ਬੱਸ ਪਹਿਲੇ ਗਲਾਸ ਜੋਗੇ ਹੋ ਜਾਣ ਫੇਰ ਕੋਈ ਨਾ ਕੋਈ ਭਾਈਬੰਦ ਮਿਲ ਜਾਂਦਾ ਆ – ਬੱਸ ਇੱਦਾਂ ਈ ਚੱਲ ਜਾਂਦਾ”।

“ਤਾਂ ਖਾਣ-ਖੂਣ ਦਾ ਕਿਵੇਂ ਆਂ”?

“ਜਦੋਂ ਤਾਂ ਕੋਲ ਹੁੰਦੇ ਆ ਉਦੋਂ ਤਾਂ ਕਾਫੀ ਸ਼ਾਪ ’ਚ ਈ ਖਾਈਦਾ ਆ – ਜਿੰਨੇ ਕੁ ਦਿਨ ਸਾਡੇ ਕੋਲ ਪੈਸੇ ਰਹਿੰਦੇ ਆ ਉੱਨੇ ਕੁ ਦਿਨ ਤਾਂ ਸਾਡੀਆਂ ਗਰਲ ਫਰਿੰਡਾਂ ਵੀ ਹੁੰਦੀਆਂ ਨਾਲ ਸਾਡੇ – ਜਦੋਂ ਨਹੀਂ ਹੁੰਦੇ ਤਾਂ ਚਰਚ ਦੀ ਸੂਪ ਕਿਚਨ “ਚ”।

ਹਾਰਵੀ ਸਾਰਾ ਸਮਾਂ ਸਾਡੀਆਂ ਗੱਲਾਂ ਵੱਲੋਂ ਬੇਧਿਆਨ ਰਿਹਾ। ਉਹਨੇ ਨਾ ਤਾਂ ਮੇਰੀ ਵੱਲਾਂ ਕੋਈ ਧਿਆਨ ਈ ਦਿੱਤਾ ਤੇ ਨਾ ਈ ਮੇਰਾ ਧੰਨਵਾਦ ਕਰਨ ਵਰਗੀ ਕੋਈ ਗੱਲ ਕੀਤੀ। ਕਾਫੀ ਖਤਮ ਕਰਕੇ ਉੱਠਦਾ ਬਾਬੇ ਨੂੰ ਕਹਿਣ ਲੱਗਾ, “ਬੂਰ ਲੈੱਟ'ਸ ਗੋ ਸਿੱਟ ਇਨ ਦਾ ਪਾਰਕ, ਨਾਈਸ ਐਂਡ ਸਨੀ ਆਊਟਸਾਈਡ”।

“ਯਾ! ਯੂ ਗੋ ਮੀ ਕਮ ਲੇਟਰ”।

ਹਾਰਵੀ ਦੇ ਜਾਣ ਬਾਅਦ ਬਾਬਾ ਕਹਿਣ ਲੱਗਾ, “ਮੱਲਾ ਰਹਿੰਨਾ ਕਿੱਥੇ ਆਂ ਤੂੰ”?

“ਸਰੀ ’ਚ ਬਾਬਾ”।

“ਜੇ ਤੂੰ ਇਕ ਕੰਮ ਹੋਰ ਕਰੇਂ - ਜਾਣ ਲੱਗਾ ਮੈਨੂੰ ਬੜੇ ਗੁਰਦਵਾਰੇ ਕੋਲ ਉਤਾਰਦਾ ਜਾਵੀਂ - ਕਈ ਦਿਨ ਹੋ ਗੇ ਆ ਜੀਤੀ ਦੀ ਨਿੱਕੀ ਜਿਹੀ ਕੁੜੀ ਨਈਂ ਦੇਖੀ - ਤੇਰੇ ਨਾਲ ਗੱਲਾਂ ਕਰਕੇ ਅੱਜ ਘਰ ਨੂੰ ਜਾਣ ਦਾ ਮਨ ਜਿਹਾ ਕਰ ਆਇਆ”।

ਕਾਫੀ ਸ਼ਾਪ “ਚੋਂ ਨਿਕਲਕੇ ਅਸੀਂ ਕਾਰ ’ਚ ਆ ਬੈਠੇ। ਕਾਰ ਪਹਿਲੀ ਬੱਤੀ ਤੋਂ ਖੱਬੇ ਮੋੜ ਕੇ ਮੈਂ ਕਾਰ ਵਿਚਲੇ ਫੋਨ ’ਤੇ ਨੰਬਰ ਘੁਮਾਉਣ ਲੱਗ ਪਿਆ। ਮੈਂ ਕਿਹਾ ਦੇਖਾਂ ਨਿਆਣੇ ਸਕੂਲ ਚਲੇ ਗਏ ਕਿ ਨਹੀਂ ਅਜੇ। ਨਾਲੇ ਜਦੋਂ ਦਾ ਕੰਪਨੀ ਆਲਿਆਂ ਨੇ ਕਾਰ ’ਚ ਫੋਨ ਲੁਆ ਕੇ ਦਿੱਤਾ ਮੈਂ ਐਂਵੀਂ ਚਾਅ ਨਾਲ, ਖਾਸ ਤੌਰ ਤੇ ਜਦੋਂ ਕੋਈ ਹੋਰ ਨਾਲ ਬੈਠਾ ਹੋਵੇ, ਤਾਂ ਨੰਬਰ ਘੁਮਾਉਣ ਲੱਗ ਪੈਂਦਾਂ ਹੁੰਦਾਂ। ਆਪਣੇ ਬੰਦਿਆਂ ’ਤੇ ਇਹਦੇ ਨਾਲ ਰੋਅਬ ਬਹੁਤ ਪੈਂਦਾ। ਤੇ ਫੇਰ ਨਾਲ ਬੈਠਾ ਅਗਲਾ ਇਹਦੇ ਬਾਰੇ ਈ ਗੱਲਾਂ ਕਰਦਾ ਪੁੱਛਦਾ ਰਹਿੰਦਾ।

ਦੂਜੇ ਪਾਸਿਉਂ ਕਿਸੇ ਨੇ ਚੁੱਕਿਆ ਨਾ, ਸ਼ਾਇਦ ਨਿਆਣੇ ਸਕੂਲੇ ਚਲੇ ਗਏ ਸੀ। ਮੈਂ ਫੋਨ ਮੁੜ ਰਸੀਵਰ ’ਚ ਅੜਾ ਦਿੱਤਾ। ਮੈਨੂੰ ਉਮੀਦ ਸੀ ਕਿ ਬਾਬੇ ’ਤੇ ਵੀ ਇਹਦਾ ਰੋਅਬ ਪਊਗਾ।

ਜਦੋਂ ਮੈਂ ਬਾਬੇ ਦੇ ਮੂੰਹ ਵੱਲ ਦੇਖਿਆ ਤਾਂ ਉਹ ਸਿਰ ਆਸੇ-ਪਾਸੇ ਨੂੰ ਮਾਰਨ ਡਿਹਾ ਸੀ। ਕਹਿਣ ਲੱਗਾ, “ਕੀ ਬਣੂਗਾ ਤੁਹਾਡੇ ਅਰਗੇ ਬੰਦਿਆਂ ਦਾ - ਹੁਣ ਇਹ ਕਾਰ ’ਚ ਵੀ ਲੁਆ ਲਿਆ - ਇੱਕ ਆਹ ਲੱਕ ਨਾਲ ਘੁੱਗੀ ਜਿਹੀ ਬੰਨ੍ਹੀ ਫਿਰਦੇ ਓਂ - ਕਿਸੇ ਥਾਂ ਤੁਸੀਂ ਇਹਨਾਂ ਬਿਨਾਂ ਜਾ ਨਈਂ ਸਕਦੇ - ਜ਼ਿੰਦਗੀ ’ਚ ਚੌਵੀ ਘੰਟੇ ਇਹਨਾਂ ਦੇ ਗੁਲਾਮ ਬਣੇ ਰਹਿੰਨੇ ਓਂ - ਉਹ ਕਦੀ ਜ਼ਿੰਦਗੀ ਬਾਰੇ ਵੀ ਸੋਚਿਆ? ਲੈ ਮੈਂ ਤੈਨੂੰ ਲਿਖ ਕੇ ਦੇ ਦਿੰਦਾਂ - ਤੁਹਾਡੇ “ਚੋਂ ਕਿੰਨਿਆਂ ਨੇ ਹੌਲ਼ੀ ਹੌਲ਼ੀ ਇਸ ਸਭ ਕਾਸੇ ਤੋਂ ਅੱਕ ਕੇ ਸਾਡੇ ਆਲ਼ੇ ਥਾਂਹੀਂ ਆਉਣਾ - ਖਾਸ ਕਰ ਤੇਰੇ ਅਰਗੇ ਬੰਦੇ - ਮੈਨੂੰ ਤੂੰ ਥੋੜ੍ਹਾ ਥੋੜ੍ਹਾ ਗੱਲ ਨੂੰ ਸਮਝਣ ਆਲਾ ਵੀ ਲੱਗਦਾਂ”।

ਬਾਬੇ ਦੀ ਕੀਤੀ ਝੰਡ ਜਿਹੀ ਨੇ ਮੈਨੂੰ ਕੁਝ ਪਲ ਸੱਚੀਂ ਸੋਚਣ ਲਾ ਦਿੱਤਾ। ਬਾਬੇ ਨੇ ਪਤਾ ਨਈਂ ਕਾਰ ਵਿਚਲੀ ਚੁੱਪ ਨੂੰ ਤੋੜਨ ਲਈ ਜਾਂ ਮੇਰੇ ਅੰਦਰ ਦੀ ਸੋਚ ਬਾਰੇ ਖਿਆਲਦਿਆਂ ਕਿਹਾ, “ਤੂੰ ਕੱਲ੍ਹਾ ਈ ਨਈਂ ਮੱਲਾ, ਇਥੇ ਸਾਰਿਆਂ ਦਾ ਇਹੀ ਹਾਲ ਆ। ਮੇਰੇ ਮੁੰਡੇ ਨੇ ਵੀ ਲੁਆਇਆ ਇਹ ਕਾਰ “ਚ, ਨਾਲੇ ਆਹ ਤੇਰੇ ਆਂਗ ਲੱਕ ਨਾਲ ਢੀਂਹ ਢੀਂਹ ਕਰਨ ਆਲੀ ਬੰਨ੍ਹੀ ਹੁੰਦੀ ਆ”।

“ਕੀ ਕਰਦਾ ਆ ਮੁੰਡਾ ਤੇਰਾ ਬਾਬਾ?”

“ਕਰਦਾ ਉਹੋ ਆਪਣੀ...”

ਉਹਨੇ ਗਾਲ੍ਹ ਪੂਰੀ ਤਾਂ ਨਾ ਕੀਤੀ ਪਰ ਮੁੰਡੇ ਤੋਂ ਪੂਰਾ ਸਤਿਆ ਪਿਆ ਲਗਦਾ ਸੀ।

ਪਲ ਕੁ ਚੁੱਪ ਰਹਿਣ ਬਾਅਦ ਕਹਿਣ ਲੱਗਾ, "ਆਹ ਘਰ ਘੁਰ ਵੇਚਦਾ, ਖਬਰੀਂ ਸੁੜੇ ਸ਼ੌਰੈਂਸ ਵੀ ਕਰਦਾ ਆ"।

"ਚੰਗਾ ਬਾਹਵਾ ਕੰਮ ਹੋਣਾ ਮੁੰਡੇ ਤੇਰੇ ਦਾ ਤਾਂ ਫੇਰ"?

"ਕੰਮ ਦੀਆਂ ਕੀ ਰੀਸਾਂ - ਊਂ ਤਾਂ ਮੁੰਡਾ ਮੇਰਾ ਲੀਡਰ ਆ - ਗੁਰਦਵਾਰੇ ਪੂਰਾ ਲੀਡਰੀ 'ਚ ਪੈਰ ਰੱਖਦਾ ਆ - ਕਾਕਾ ਤੂੰ ਵੀ ਰੱਖਦੈਂ ਲੀਡਰੀ 'ਚ ਹੱਥ ਕਿ ਨਈਂ ਕਿਸੇ ਪਾਸੇ? ਪਰ ਤੂੰ ਬੰਦਾ ਠੀਕ ਈ ਲੱਗਦੈਂ ਖਾਣ ਪੀਣ ਆਲਾ।

"ਬਾਕੀਆਂ ਦਾ ਤਾਂ ਮੈਨੂੰ ਪਤਾ ਨਈਂ ਪਰ ਮੇਰਾ ਮੁੰਡਾ ਤਾਂ ਜਦੋਂ ਦਾ ਲੀਡਰੀ 'ਚ ਪਿਆ ਕੋਈ ਬੰਦਿਆਂ ਆਲੀ ਗੱਲ ਈ ਨਈ ਰਹੀ ਉਹਦੇ "ਚ। ਉੱਦਾਂ ਜਦੋਂ ਪਹਿਲਾਂ ਪਹਿਲਾਂ ਪੱਗ ਬੰਨ੍ਹਣ ਲੱਗਿਆ ਤਾਂ ਮੈਨੂੰ ਸੋਹਣਾ ਬੜਾ ਲੱਗਿਆ ਕਰੇ - ਪੱਗ ਨਾਲ ਤਾਂ ਕਾਕਾ ਬੰਦੇ ਦਾ ਰੋਅਬ ਈ ਹੋਰ ਹੋ ਜਾਂਦਾ ਆ - ਮੈਂ ਬੜਾ ਖੁਸ਼ ਹੋਇਆ ਪਈ ਪੁੱਤ ਮੇਰਾ ਪੂਰਾ ਰੋਅਬ ਆਲਾ ਸਰਦਾਰ ਬਣ ਗਿਆ ਸੀ - ਮੈਨੂੰ ਨਈਂ ਸੋਹਣੇ ਲੱਗਦੇ ਦਾਹੜੀਆਂ ਦੂਹੜੀਆਂ ਮਨਾਈ ਫਿਰਦੇ ਆਪਣੇ ਮੁੰਡੇ - ਪਰ ਮੁੰਡੇ ਦਾ ਪੱਗ ਬਦਲ੍ਹਣ ਨਾਲ ਹੁਲੀਆਂ ਈ ਨਈਂ ਬਦਲਿਆ ਸਭ ਕੁਝ ਈ ਬਦਲ ਗਿਆ - ਪਹਿਲਾਂ ਬੜਾ ਸੋਹਣਾ ਹੁੰਦਾ ਸੀ - ਦਸ ਬਾਰਾਂ ਸਾਲ ਹੋ ਗੇ ਮੈਨੂੰ ਆਏ ਨੂੰ - ਵਧੀਆ ਖਾਣਾ ਪੀਣਾ - ਕੋਈ ਗੱਲ ਈ ਨੀ ਸੀ - ਹੁਣ ਉਹਦਾ ਪਤਾ ਈ ਨੀ ਲਗਦਾ - ਘਰ 'ਚ ਸ਼ਰਾਬ ਨਈਂ ਬੜ ਸਕਦੀ - ਘਰ 'ਚ ਆ ਨਈਂ ਹੋ ਸਕਦਾ, ਘਰ 'ਚ ਓਹ ਨਈਂ ਹੋ ਸਕਦਾ - ਮਰਾਇਆ ਬੁਰੇ ਦੀ - ਦੱਸ ਸਾਤੋਂ ਕੀ ਗਊ-ਹੱਤਿਆ ਹੋ ਗਈ ਬਈ।

"ਮੈਂ ਉਹਨੂੰ ਬਥੇਰਾ ਕਿਹਾ ਬਈ ਮੱਲਾ ਤੇਰਾ ਜੇ ਪੂਜਾ ਪਾਠ 'ਚ ਦਿਲ ਰਾਜੀ ਆ ਤਾਂ ਰੱਜ ਰੱਜ ਕਰ - ਬਈ ਬਹੁਤ ਚੰਗੀ ਗੱਲ ਆ - ਜੇ ਕਿਸੇ ਕਿਸਮਤ ਆਲ਼ੇ ਬੰਦੇ ਦਾ ਮਨ ਇਹਨਾਂ ਗੱਲਾਂ 'ਚ ਲੱਗ ਜਾਏ ਤਾਂ ਸਾਰੀ ਕੁੱਲ ਸੁਧਰ ਜਾਂਦੀ ਆ - ਪਰ ਮੈਂ ਤਾਂ ਹੁਣ ਸਾਰੀ ਉਮਰ ਮਰਜੀ ਦਾ ਖਾਧਾ ਪੀਤਾ - ਦੋ ਚਾਰ ਸਾਲ ਜਿਹੜੇ ਹੋਰ ਹੈਗੇ ਆ ਮੈਨੂੰ ਕਰਨ ਦੇ ਜੋ ਮੈਂ ਕਰਦਾਂ - ਹਾਂ ਪਈ ਅੰਮ੍ਰਿਤ ਤਾਂ ਤੂੰ ਛਕਿਆ, ਪਰੇਡ ਸਾਰੇ ਟੱਬਰ ਦੀ ਕਰਾਉਣੀ ਸ਼ੁਰੂ ਕਰ ਦਿੱਤੀ ਆ"।

ਮੂਹਰੇ ਸੜਕ 'ਚ ਹੋਏ ਕਿਸੇ ਐਕਸੀਡੈਂਟ ਕਰਕੇ ਕਾਰਾਂ ਬਹੁਤ ਹੌਲ਼ੀ ਤੁਰ ਰਹੀਆਂ ਸਨ। ਬਾਬੇ ਨੇ ਕਾਰ "ਚੋਂ ਬਾਹਰ ਦੇਖਦਿਆਂ ਗੱਲ ਜਾਰੀ ਰੱਖੀ, "ਪਿੰਡ "ਚੋਂ ਢੇਰੀ ਸਾਡੀ ਚੰਗੀ ਸੀ - ਘਰ ਦੇ ਸੋਹਣੇ ਸਿਆੜ ਸੀ - ਰੱਬ ਨੇ ਕਦੀ ਮਾੜੇ ਦਿਨ ਨਈ ਦਿਖਾਲੇ - ਆਪਾਂ ਨਾ ਕਿਸੇ ਨਾਲ ਕਦੀ ਕੋਈ ਵਾਧੂ ਆਢਾ ਲਿਆ ਤੇ ਨਾ ਕਿਸੇ ਸਾਨੂੰ ਕਦੀ ਵਾਧੂ ਤੰਗ ਕੀਤਾ - ਪਿੰਡ ਬੜੀ ਸੋਹਣੀ ਲੰਘ ਗਈ ਸਾਰੀ - ਮੁੰਡਾ ਤਾਂ ਇੱਧਰ ਦੇਰ ਦਾ ਆਇਆ ਸੀ - ਤੀਹ ਪੈਂਤੀ ਸਾਲ ਹੋ ਗਏ ਆਏ ਨੂੰ - ਲੈਰਾ ਈ ਸੀ ਜਦੋਂ

ਆ ਗਿਆ – ਇਹਦਾ ਮਾਮਾ ਸੀ ਇਕ ਇੱਥੇ, ਉਹਨੇ ਮੰਗਾਇਆ ਸੀ ਇਹਨੂੰ – ਇੱਧਰ ਆ ਕੇ ਇਹ ਬੱਸ ਆਪਣਾ ਰੋਟੀ-ਟੁੱਕ ਮਸੀਂ ਤੋਰਦਾ ਸੀ – ਮਿੱਲ ਮੁੱਲ 'ਚ ਕਿਤੇ ਕੰਮ ਕਰਦਾ ਸੀ – ਪਹਿਲਾਂ ਸੁਭਾ ਚੰਗਾ ਸੀ ਮੇਰੇ ਵਰਗਾ ਈ ਖਾਣ ਪੀਣ ਆਲਾ – ਇੱਕ ਆਰੀਂ ਦੇਸ ਗਿਆ ਤਾਂ ਉਹਦੀ ਮਾਂ ਖਹਿੜੇ ਪੈ ਗਈ, ਅਖੇ ਪੁੱਤ ਸਾਨੂੰ ਵੀ ਕਨੇਡਾ ਦਿਖਾਲ – ਮੁੰਡੇ ਮੇਰੇ ਦੇ ਉਦੋਂ ਜੁਆਕ ਨਿੱਕੇ ਨਿੱਕੇ ਸੀ। ਉਹਦੀ ਮਾਂ ਨੇ ਆ ਕੇ ਚਾਰ ਕੁ ਸਾਲ ਨਿਆਣਿਆਂ ਨੂੰ ਸਾਂਭਿਆ। ਉਹ ਵਿਚਾਰੀ ਸਾਰਾ ਸਾਰਾ ਦਿਨ ਅੰਦਰੇ ਹੁੜੀ ਰਿਹਾ ਕਰੇ ਨਿਆਣਿਆਂ ਨਾਲ। ਬੱਸ ਅੰਦਰ ਦੀ ਹਵਾ ਖਾ ਗਈ ਉਹਨੂੰ – ਦਸ ਦਿਨ ਬੀਮਾਰ ਹੋਈ – ਮਰ ਗਈ।

"ਉਹਤੋਂ ਬਾਅਦ ਥੋੜ੍ਹਾ ਚਿਰ ਤਾਂ ਮੈਨੂੰ ਚੰਗੀ ਭਲੀ ਰੋਟੀ ਮਿਲਦੀ ਰਹੀ। ਫੇਰ ਇਹ ਸਾਡਾ ਫ਼ਰਜੰਦ ਚੌਧਰ 'ਚ ਹਿੱਸਾ ਲੈਣ ਲੱਗ ਪਿਆ – ਮਾਅੁਰ ਘਰ ਦਾ ਮੂੰਹ-ਮੱਥਾ ਈ ਬਦਲ ਕੇ ਰੱਖ ਦਿੱਤਾ – ਕਾਕਾ ਮੈਂ ਹੁਣ ਸਾਰੀ ਉਮਰ ਨੇਮ ਨਾਲ ਪੀਤੀ ਆ, ਮੈਂ ਨਈਂ ਛੱਡਣੀ ਚਾਹੁੰਦਾ – ਮੈਨੂੰ ਮੱਲੋ ਮੱਲੀ ਕਹੇ ਪਈ ਤੂੰ ਸ਼ਰਾਬ ਛੱਡ – ਮੈਂ ਕਿਹਾ ਦੇਖ ਕਾਕਾ ਤੂੰ ਜੋ ਕਰਨਾ ਉਹ ਕਰੀ ਜਾ, ਤੇ ਮੈਂ ਜੋ ਕਰਦਾਂ ਉਹ ਮੈਨੂੰ ਕਰਨ ਦੇਹ – ਪਰ ਨਈਂ ਸੌਹਰੇ ਨੇ ਸਿਰ 'ਤੇ ਪੱਗ ਕਾਹਦੀ ਬੰਨ੍ਹੀ ਸਾਰੀ ਅਕਲ ਈ ਜਾਂਦੀ ਲੱਗੀ।

"ਮੈਂ ਬੜਾ ਤੰਗ ਰਿਹਾ ਕਰਾਂ। ਦੋ ਤਿੰਨ ਸਾਲ ਤਾਂ ਕਈ ਕਈ ਮਹੀਨੇ ਫਾਰਮਾਂ 'ਚ ਕੱਟੇ। ਹੁਣ ਸਾਰੀ ਉਮਰ ਤਾਂ ਕੰਮੀਆਂ ਤੋਂ ਕੰਮ ਕਰਾਉਂਦੇ ਰਹੇ ਆਂ – ਫਾਰਮਾਂ 'ਚ ਕੰਮ ਕਰਨ ਨੂੰ ਕਿਹੜੀ ਰੂਹ ਕਰਦੀ ਆ – ਉੱਥੇ ਕੰਮ ਕਰਦੇ ਆ ਲਾਲਚ ਆਲ਼ੇ ਬੰਦੇ – ਜਿਹਨਾਂ ਨੂੰ ਪੈਸੇ ਜੋੜਨ ਦੀ ਤਮ੍ਹਾਂ ਹੋਵੇ – ਪਰ ਆਪਾਂ ਨੂੰ ਇੱਦਾਂ ਦੀ ਹੈ ਨਈਂ – ਐਵੇਂ ਕਾਹਨੂੰ ਤਿੱਗ ਟੁੱਟੇ ਕੁੱਤੇ ਆਂਗ ਰੋਲ਼ਾਂ 'ਚ ਹੱਡ ਘੜੀਸਦੇ ਫਿਰੀਏ ਏਸ ਉਮਰੇ – ਆਪਾਂ ਕਿਹੜੇ ਪੰਜ ਸੱਤ ਮੁਕਲਾਵੇ ਤੋਰਨੇ ਆਂ ਪਈ ਟੁੱਟ ਟੁੱਟ ਕੇ ਮਰੀਏ – ਆਹ ਤਾਂ ਭਲਾ ਹੋਵੇ ਉਹਦਾ, ਉਹ ਸ਼ੋਸ਼ਲ ਵਰਕਰ ਮੁੰਡੇ ਦਾ ਉਹਨੇ ਲੁਆ ਤੀ – ਆ ਪਤਾ ਨਈਂ ਕੀ ਕਹਿੰਦੇ ਆ – ਗੇਨ ਗੂਨ – ਹੁਣ ਡਾਲਾ ਸਾਢੇ ਚਾਰ ਸੌ ਮਿਲ ਜਾਂਦਾ ਹਰ ਮਹੀਨੇ – ਆਪਾਂ ਨਈਂ ਕਿਸੇ ਸਾਲ਼ੇ ਨੂੰ ਜਾਣਦੇ ਕੁਛ ਵੀ।

'ਤੇ ਮੈਂ ਨਈਂ ਹੁਣ ਘਰ ਜਾਂਦਾ – ਕਦੀ ਕਦਾਈਂ ਜਦੋਂ ਨਿਆਣਿਆਂ ਨੂੰ ਦੇਖਣ ਨੂੰ ਰੂਹ ਕਰ ਆਵੇ ਤਾਂ ਜਾ ਆਈਦਾ – ਉਹ ਵੀ ਦਿਨੇ ਜਦੋਂ ਮੁੰਡਾ ਘਰ ਨਾ ਹੋਵੇ।

"ਅੱਗੇ ਤਾਂ ਮੈਂ ਕਈ ਵਾਰੀ ਘਰ ਗਿਆ ਹੋਇਆ ਕਈ ਕਈ ਦਿਨ ਰਹਿ ਵੀ ਆਉਂਦਾ ਸੀ – ਪਰ ਆਹ ਛੇ ਕੁ ਮਹੀਨੇ ਹੋਏ ਤਾਂ ਇਕ ਵਾਰੀ ਜਦੋਂ ਮੈਂ ਆਇਆ ਤਾਂ ਮੁੰਡੇ ਨੇ ਮੇਰੇ ਨਾਲ ਬੜੀ ਕੁਪੱਤ ਕੀਤੀ – ਅਖੇ ਭਾਈਆ ਤੇਰੇ ਇਹਨਾਂ ਚਾਲਿਆਂ ਨਾਲ ਮੇਰੀ ਬਹੁਤ ਬੇਇਜ਼ਤੀ ਹੁੰਦੀ ਆ – ਅਖੇ ਸਿਆਣਾ ਬਿਆਣਾ ਬਣ – ਸ਼ਰਾਬ ਛੱਡ ਦੇਹ – ਆਪਣਾ ਪੂਜਾ-ਪਾਠ ਕਰਿਆ ਕਰ – ਆਪਣੇ ਘਰ ਰਿਹਾ ਕਰ।

"ਮੈਂ ਕਿਹਾ ਪਈ ਕਾਕਾ ਮੈਂ ਕੋਈ ਪੂਜਾ-ਪਾਠ ਦੇ ਖਿਲਾਫ ਥੋੜ੍ਹੋਂ ਆਂ - ਪਰ ਮੇਰਾ ਨਈਂ ਮਨ ਕਰਦਾ ਕਰਨੇ ਨੂੰ - ਫੇਰ ਮੈਂ ਕਾਹਨੂੰ ਐਂਵੀ ਗੁਣ ਗੁਣ ਕਰੀ ਜਾਵਾਂ ਸਵੇਰੇ ਤਕਾਲੀਂ।

"ਅੱਗੋਂ ਕਹਿਣ ਲੱਗਾ, ਭਾਈਆ ਜੀ ਜੇ ਤੁਸੀਂ ਆਪਣੇ ਚਾਲੇ ਨਈਂ ਬਦਲਣੇ ਤਾਂ ਘੱਟੋ ਘੱਟ ਆਹ ਸਿਰ ਤੋਂ ਪੱਗ ਤਾਂ ਲਾਹ ਦੇਵੋ - ਆਪਣੇ ਕੇਸ ਦਾਹੜੀ ਕਟਾ ਦੇਵੋ।

"ਮੈਨੂੰ ਬੜਾ ਰੋਹ ਆਇਆ - ਮੈਂ ਕਿਹਾ ਉਏ ਸਾਰੀ ਉਮਰ ਮੈਂ ਐਦਾਂ ਈ ਕੱਟੀ ਆ ਹੁਣ ਮੈਂ ਬੁੱਢੇ ਵਾਰੇ ਆ ਕੇ ਸਿਰ ਦਾਹੜੀ ਮੁਨਾ ਦਿਆਂ - ਤੇਰਾ ਸਿਰ ਤਾਂ ਨਈਂ ਫਿਰ ਗਿਆ।

"ਉਸ ਦਿਨ ਨਾਲ ਉਹਦਾ ਇਕ ਦੋਸਤ ਵੀ ਘਰੇ ਆਇਆ ਹੋਇਆ ਸੀ - ਬੜਾ ਬੀਬਾ ਜਿਹਾ ਵਿਚਾਰਾ ਜਿਹਾ ਮੂੰਹ ਆ ਉਹਦਾ ਤੇ ਐਮੀ ਤੇਰੇ ਕੋਲੇ ਝੂਠ ਮਾਰਾਂ ਮੁੰਡਾ ਹੈ ਵੀ ਬਹੁਤ ਬੀਬਾ - ਮੇਰੀ ਮੱਲਾ ਬੜੀ ਰੂਹ ਖੁਸ਼ ਹੁੰਦੀ ਆ ਸੋਹਣੇ ਧੀ ਪੁੱਤ ਵੱਲਾਂ ਦੇਖ ਕੇ - ਮੇਰਾ ਤਾਂ ਉਹਨਾਂ ਨਾਲ ਖਹਿਬੜਣ ਨੂੰ ਮਨ ਈ ਨਾ ਕਰੇ - ਪਰ ਉਹ ਤਾਂ ਦੋਵੇਂ ਜਣੇ ਮੇਰਾ ਸੁਧਾਰ ਕਰਨ 'ਤੇ ਤੁਲੇ ਹੋਏ ਸੀ।

"ਉਹ ਕਹਿਣ ਲੱਗਾ - ਅੰਕਲ ਜੀ ਜਦੋਂ ਤੁਸੀਂ ਇਸ ਸਰੂਪ 'ਚ ਹੇਸਟਿੰਗ 'ਤੇ ਖੜ੍ਹ ਕੇ ਲੋਕਾਂ ਤੋਂ ਪੈਸੇ ਮੰਗਦੇ ਓਂ ਤਾਂ ਸਾਡੀ ਸਾਰੀ ਕੌਮ ਦੀ ਬੇਇਜ਼ਤੀ ਹੁੰਦੀ ਆ"।

"ਮੈਂ ਕਿਹਾ ਉਏ ਬੀਬਾ ਹੇਸਟਿੰਗ 'ਤੇ ਜਾਣ ਦਾ ਮੈਨੂੰ ਕੋਈ ਬਹੁਤਾ ਸ਼ੌਂਕ ਤਾਂ ਨਈਂ, ਇਹ ਘਰ ਨਈਂ ਟਿਕਣ ਦਿੰਦਾ ਆਪਾਂ ਉੱਥੇ ਜਾ ਰਹੀਦਾ"।

'ਤੇ ਮੇਰਾ ਮੁੰਡਾ ਕਹਿਣ ਲੱਗਾ, ਦੇਖੋ ਅਸੀਂ ਤਾਂ ਇਹਨਾਂ ਨੂੰ ਇਹ ਵੀ ਕਿਹਾ ਪਈ ਤੁਸੀਂ ਰਾਤ ਨੂੰ ਰੋਟੀ ਖਾਣ ਲੱਗੇ, ਪੈਣ ਲੱਗੇ, ਆਪਣੇ ਦੋ ਘੁੱਟ ਲਾ ਲਿਆ ਕਰੋ - ਅਸੀਂ ਕੋਈ ਮਨ੍ਹਾਂ ਕਰਦੇ ਆਂ - ਅਸੀਂ ਤਾਂ ਇਹੀ ਕਹਿੰਨੇ ਆਂ ਪਈ ਲੋਕਾਂ "ਚ, ਭਾਈਚਾਰੇ 'ਚ ਨਾ ਪਤਾ ਲੱਗੇ ਕਿਸੇ ਨੂੰ ਪਈ ਤੁਸੀਂ ਪੀਨੇ ਓਂ"।

"ਤਾਂ ਉਹਦੇ ਨਾਲ ਦਾ ਵੀ ਬੋਲਿਆ - ਹਾਂ ਭਾਈਆ ਜੀ ਪੜਦੇ ਨਾਲ ਤਾਂ ਇਹੋ ਜਿਹੇ ਕੰਮ ਸਾਰੇ ਕਰਦੇ ਆ - ਤੁਹਾਨੂੰ ਵੀ ਕੋਈ ਨਈਂ ਰੋਕਣ ਲੱਗਾ - ਤੁਸੀਂ ਹੁਣ ਦੇਖੋ ਪਈ ਸਰਦਾਰ ਜਗਜੀਤ ਸਿੰਘ ਹੋਰਾਂ ਦੀ ਬਿਜ਼ਨਿਸ ਕਮਿਊਨਿਟੀ "ਚ, ਆਪਣੇ ਸਿੱਖ ਭਾਈਚਾਰੇ 'ਚ ਕਿੰਨੀ ਇੱਜ਼ਤ ਆ। ਤੇ ਤੁਹਾਡੇ ਕੰਮਾਂ ਨਾਲ ਇਹਨਾਂ ਦੇ ਨਾਂ ਨੂੰ ਠੇਸ ਪਹੁੰਚਦੀ ਆ - ਏਸ ਕਰਕੇ ਤੁਹਾਨੂੰ ਵੀ ਥੋੜ੍ਹਾ ਜਿਹਾ ਬਦਲਣਾ ਚਾਹੀਦਾ"।

"ਮੈਂ ਕਿਹਾ ਉਏ ਭਲਿਆ ਮਾਣਸਾ ਮੈਂ ਤਾਂ ਸਾਰੀ ਉਮਰ ਕੋਈ ਕੰਮ ਚੋਰੀਂ ਕੀਤਾ ਈ ਨਈਂ, ਹੁਣ ਕਿਉਂ ਬੁੱਢੇ ਵਾਰੇ ਆ ਕੇ ਚੋਰੀਆਂ ਕਰਦਾ ਫਿਰਾਂ"।

"ਉਹ ਫੇਰ ਹੱਥ ਮਲਦਾ ਕਹਿਣ ਲੱਗਾ ਦੇਖੋ ਭਾਈਆ ਜੀ ਅਸੀਂ ਤੁਹਾਨੂੰ ਚੋਰੀ ਕਰਨ ਨੂੰ ਨਹੀਂ ਕਹਿੰਦੇ, ਅਸੀਂ ਤਾਂ ਸਿਰਫ ਇਹ ਕਹਿੰਨੇ ਆਂ ਬੰਦੇ ਨੂੰ ਮੌਕੇ ਮੁਤਾਬਕ ਕੰਮ ਕਰਨੇ ਚਾਹੀਦੇ ਆ - ਜਿਸ ਭਾਈਚਾਰੇ 'ਚ ਬੰਦਾ ਜੀ ਰਿਹਾ ਹੋਵੇ ਉਹਦੇ ਮੁਤਾਬਕ

ਕੰਮ ਕਰਨੇ ਚਾਹੀਦੇ ਆ - ਹੁਣ ਤੁਸੀਂ ਸਾਡੀ ਅਲਾਂ ਦੇਖੋ, ਤੁਹਾਡੇ ਇਹ ਸਰਦਾਰ ਜਗਜੀਤ ਸਿੰਘ ਹੋਰੀਂ ਆਂ, ਮੈਂ ਆਂ, ਅਸੀਂ ਜਦੋਂ ਆਪਣੀਆਂ ਬਿਜ਼ਨਿਸ ਦੀਆਂ ਮੀਟਿੰਗਾਂ 'ਚ ਜਾਈਦਾ, ਉੱਥੇ ਸਾਰੇ ਵਾਈਨ ਵਗੈਰਾ ਪੀਂਦੇ ਆ, ਸਾਨੂੰ ਵੀ ਆਫਰ ਕਰਦੇ ਆ - ਹੁਣ ਅਸੀਂ ਨਾਂਹ ਥੋੜ੍ਹੋ ਕਰੀਦੀ ਆ - ਬਾਕੀਆਂ ਆਂਗ ਅਸੀਂ ਵੀ ਵਾਈਨ ਛਕ ਲੈਨੇ ਆਂ - ਹੁਣ ਉਸ ਕੰਪਨੀ 'ਚ ਇਹ ਕਰਨਾ ਪੈਂਦਾ, ਨਹੀਂ ਤਾਂ ਬਿਜ਼ਨਿਸ 'ਤੇ ਇਹਦੇ ਨਾਲ ਮਾੜਾ ਅਸਰ ਪੈਂਦਾ ਆ - ਤੇ ਆਪਣੀ ਕਮਿਊਨਿਟੀ 'ਚ ਹੁੰਦੇ "ਕੱਠਾਂ ਵੇਲੇ ਅਸੀਂ ਨਿਮਰਤਾ ਨਾਲ ਹੱਥ ਜੋੜ ਦਈਦੇ ਆ ਪਈ ਨਈਂ ਜੀ ਅਸੀਂ ਨਈ ਛਕਦੇ - ਸੋ ਅਸੀਂ ਤੁਹਾਨੂੰ ਕਹਿਣਾ ਇਹ ਚਾਹੁੰਦੇ ਆਂ ਪਈ ਤੁਸੀਂ ਵੀ ਆਪਣੇ ਘਰ ਦੇ ਪੜਦੇ 'ਚ ਜੋ ਮਰਜੀ ਕਰੋ"।

"ਮੇਰਾ ਮੁੰਡਾ ਬੜਾ ਤੇਹੁ ਦਿਖਾਉਂਦਾ ਕਹਿਣ ਲੱਗਾ - ਨਾਲੇ ਭਾਈਆ ਜੀ ਜਿਹਨਾਂ ਲੋਕਾਂ 'ਚ ਜਾ ਕੇ ਤੁਸੀਂ ਰਹਿੰਨੇ ਆਂ ਉਹਨਾਂ ਤੋਂ ਤਾਂ ਹਰ ਬੰਦਾ ਉੱਦਾਂ ਈ ਭੈਅ ਖਾਂਦਾ ਆ - ਬੀਅਰ ਪਾਲਿਆਂ 'ਚ ਹਰ ਵੇਲੇ ਸ਼ਰਾਬੀ ਲੜਾਈ ਝਗੜਾ ਕਰਦੇ ਰਹਿੰਦੇ ਆ - ਆਹ ਡਰੱਗ ਡਰੁੱਗ ਵੇਚਣ ਆਲ਼ੇ ਮਾਰੂ ਚਾਕੂ ਛੁਰੇ ਚਲਾਉਂਦੇ ਰਹਿੰਦੇ ਆ - ਡਰੱਗ ਖਾਣ ਆਲ਼ੇ ਕਈ ਨਿਆਣੇ ਦੋ ਦੋ ਡਾਲਰਾਂ ਲਈ ਲੋਕਾਂ ਨੂੰ ਮਾਰਨ ਤਕ ਚਲੇ ਜਾਂਦੇ ਆ - ਸਾਨੂੰ ਤਾਂ ਤੁਹਾਡੀ ਹਰ ਵੇਲੇ ਫਿਕਰ ਰਹਿੰਦੀ ਆ"।

"ਮੈਨੂੰ ਖਿਝ ਜਿਹੀ ਆਉਣ ਲੱਗ ਪਈ, ਮੈਂ ਕਿਹਾ - ਮੇਰੀਆਂ ਕਿਹੜੀਆਂ ਕੋਈ ਮੁਰਕੀਆਂ ਲਾਹੁਣ ਲੱਗਾ ਉੱਥੇ - ਮੇਰੇ ਤਾਂ ਭਾਈਬੰਦ ਜਾਨ ਦਿੰਦੇ ਆ ਮੇਰੇ 'ਤੇ - ਤੁਹਾਨੂੰ ਲਗਦਾ ਹੋਊ ਉਹਨਾਂ ਤੋਂ ਡਰ ਡੁਰ।

"ਮੇਰੇ ਮੁੰਡੇ ਨੇ ਰੋਣ-ਹਾਕਾ ਜਿਹਾ ਮੂੰਹ ਬਣਾ ਕੇ ਲੇਲ੍ਹੜੀਆਂ ਜਿਹੀਆਂ ਕੱਢਦੇ ਨੇ ਕਿਹਾ - ਭਾਈਆ ਜੀ ਸਾਤੋਂ ਮਿੰਤ ਕਰਾ ਲਓ, ਪੈਰੀਂ ਹੱਥ ਲੁਆ ਲਓ - ਜੋ ਤੁਸੀਂ ਕਹੋ ਅਸੀਂ ਕਰਨ ਨੂੰ ਤਿਆਰ ਆਂ - ਪਰ ਤੁਸੀਂ ਇਕ ਵਾਰੀ ਸਾਡੇ ਆਖੇ ਲੱਗ ਕੇ ਠੀਕ-ਠਾਕ ਘਰ ਰਹਿਣ ਲੱਗ ਪਓ।

"ਮੈਨੂੰ ਆਪਣੇ ਮੁੰਡੇ 'ਤੇ ਬੜਾ ਗੁੱਸਾ ਆਇਆ ਪਈ ਇਹ ਕੀ ਚਊਂ ਚਊਂ ਜਿਹੀ ਕਰਨ ਲੱਗ ਪਿਆ। ਨਾਲੇ ਮੈਨੂੰ ਤਰਸ ਜਿਹਾ ਵੀ ਆਵੇ - ਉਹਦੇ ਨਾਲਦਾ ਵੀ ਮੇਰੇ ਮੂਹਰੇ ਹੱਥ ਬੰਨ੍ਹੀ ਬੈਠਾ ਸੀ - ਦੋ ਪੱਗਾਂ ਦਾਹੜੀਆਂ ਆਲ਼ੇ ਬੰਦੇ ਰੋਣੀਆਂ ਜਿਹੀਆਂ ਸੂਰਤਾਂ ਬਣਾਈ ਬੈਠੇ ਮੈਨੂੰ ਬੜੇ ਹੋਛੂੰ ਤਰ੍ਹਾਂ ਲੱਗੇ।

"ਮਨ 'ਚ ਬੜਾ ਕ੍ਰੋਧ ਜਿਹਾ ਆਇਆ - ਕੀ ਕਹਿੰਦਾ ਮੈਂ ਉਹਨਾਂ ਨੂੰ? ਹਾਰ ਕੇ ਬਿਨਾਂ ਕੁਛ ਕਹੇ ਉੱਠ ਕੇ ਆਪਣੀ ਖੂੰਡੀ ਚੱਕੀ ਤੇ ਆਪਣੇ ਭਾਈਬੰਦਾਂ ਕੋਲ ਚਲੇ ਗਿਆ - ਉੱਥੇ ਕੋਈ ਤੁਹਾਨੂੰ ਬਾਦਰ ਨਈਂ ਕਰਦਾ ਕਿਸੇ ਗੱਲੇ"।

ਬਾਬੇ ਨੂੰ ਪਤਾ ਸੀ ਕਿ ਅਸੀਂ ਉਹਦੇ ਮੁੰਡੇ ਦੇ ਘਰ ਕੋਲ ਅੱਪੜਨ ਵਾਲੇ ਹਾਂ, ਉਹਨੇ ਗੱਲ ਮੁਕਾਉਂਦਿਆਂ ਕਿਹਾ, "ਬੱਸ ਕਦੀ ਕਦੀ ਜੀਤੀ ਤੇ ਉਹਦੀ ਨਿੱਕੀ ਜਹੀ

ਬਲੂੰਗੜੀ ਨੂੰ ਦੇਖਣ ਨੂੰ ਮਨ ਬੜਾ ਕਰ ਆਉਂਦਾ - ਏਸ ਲਈ ਮੈਂ ਗੇੜਾ ਮਾਰ ਜਾਂਦਾ ਹੁੰਦਾਂ - ਜਾਂ ਕਦੀ ਕਦੀ ਆਪਣੇ ਕਿਸੇ ਬੰਦੇ ਨਾਲ ਆਪਣੀ ਬੋਲੀ 'ਚ ਜੱਕੜ ਮਾਰਨ ਨੂੰ ਦਿਲ ਕਰਦਾ ਰਹਿੰਦਾ - ਅੱਜ ਤੈਂ ਮੇਰੀ ਰੂਹ ਖੁਸ਼ ਕਰਤੀ ਆ ਮੱਲਾ, ਜੀਂਦਾ ਰਹਿ"।

ਫੇਰ ਉਹਨੇ ਮੈਨੂੰ ਰਾਹ ਦੱਸਦੇ ਨੇ ਕਿਹਾ, "ਲੈ ਆਹ ਅਗਲੇ ਮੋੜ 'ਤੇ ਖੂੰਜੇ 'ਤੇ ਈ ਲਾਹ ਦੇਈਂ ਮੈਨੂੰ - ਬੱਸ ਤੀਜਾ ਈ ਘਰ ਆ"।

ਜਦੋਂ ਮੈਂ ਮੋੜ 'ਤੇ ਕਰਕੇ ਕਾਰ ਰੋਕੀ ਤਾਂ ਉਹਨੇ ਦਰਵਾਜ਼ਾ ਖੋਲ੍ਹ ਕੇ ਉੱਤਰਨ ਲਈ ਆਪਣੀ ਖੂੰਡੀ ਪਹਿਲਾਂ ਬਾਹਰ ਧਰਤੀ 'ਤੇ ਲਾਈ। ਫੇਰ ਉਹਦਾ ਵਿਚ ਬੈਠੇ ਦਾ ਈ ਧਿਆਨ ਘਰ ਵਲ ਗਿਆ ਤੇ ਪਲ ਕੁ ਸੋਚ ਕੇ ਉਹਨੇ ਖੂੰਡੀ ਅੰਦਰ ਕਰਕੇ ਦਰਵਾਜ਼ਾ ਫੇਰ ਲਾ ਦਿੱਤਾ। ਮੂੰਹ 'ਚ ਕੁਝ ਬੁੜ-ਬੁੜਾਇਆ ਤੇ ਮੈਨੂੰ ਕਹਿਣ ਲੱਗਾ, "ਜੁਆਨਾ ਮੈਨੂੰ ਉਹ ਨਾਲ ਦੇ ਬੱਸ ਸਟੌਪ 'ਤੇ ਈ ਉਤਾਰਦੇ - ਮੁੰਡੇ ਮੇਰੇ ਦੀ ਕਾਰ ਖੜ੍ਹੀ ਆ ਉਹ ਘਰੇ ਈ ਹੋਣਾ - ਮੈਂ ਫੇਰ ਈ ਕਿਸੇ ਦਿਨ ਆ ਕੇ ਨਿਆਣਿਆਂ ਨੂੰ ਦੇਖ ਜਾਊਂ"।

ਬੱਸ ਸਟਾਪ ਤਕ ਪਹੁੰਚਣ ਦੇ ਕੁਝ ਪਲ ਬਾਬਾ ਬਿਲਕੁਲ ਖਾਮੋਸ਼ ਰਿਹਾ ਤੇ ਉੱਤਰਨ ਲੱਗੇ ਨੇ ਮਸੀਂ ਇੰਨਾ ਈ ਕਿਹਾ, "ਜੀਂਦਾ ਰਹਿ ਪੁੱਤਰਾ"।

❍●❍●❍●

# ਦਿਨ-ਕਟੀ

ਮੈਂ ਕਾਰ ਖੜ੍ਹੀ ਕਰ ਕੇ ਵਰਕਸ਼ਾਪ ਦੇ ਨਾਲ ਬਣੇ ਛੋਟੇ ਜਿਹੇ ਦਫਤਰ ਅੰਦਰ ਝਾਕਿਆ ਤਾਂ ਉੱਥੇ ਕੋਈ ਨਹੀਂ ਸੀ। ਮੈਂ ਅੰਦਰ ਵਲ ਖੁੱਲ੍ਹਦਾ ਦਰਵਾਜ਼ਾ ਪਾਰ ਕਰ ਗਿਆ। ਸੈਮ ਤੇ ਉਹਦੇ ਨਾਲ ਦੇ ਕਾਮੇ ਆਪੋ ਆਪਣੇ ਧਿਆਨ ਕੰਮ ਕਰ ਰਹੇ ਸਨ। ਚਲਦੀਆਂ ਮਸ਼ੀਨਾਂ ਦੇ ਸ਼ੋਰ ਕਰਕੇ ਉਹਨਾਂ ਨੂੰ ਮੇਰੇ ਕਦਮਾਂ ਦੀ ਆਵਾਜ਼ ਨਹੀਂ ਸੀ ਸੁਣੀ। ਆਪਣੇ ਸੱਜੇ ਹੱਥ ਪਏ ਸੰਦਾਂ ਵਿਚੋਂ ਛੋਟੀ ਹਥੌੜੀ ਚੁੱਕਣ ਲੱਗੇ ਸੈਮ ਦੀ ਨਿਗਾਹ ਮੇਰੇ 'ਤੇ ਪਈ। ਉਹ ਹਥੌੜੀ ਨੂੰ ਉੱਥੇ ਈ ਛੱਡ ਕੇ ਉੱਠਿਆ ਤੇ ਸਿਰ ਦੇ ਇਸ਼ਾਰੇ ਨਾਲ ਹੈਲੋ ਕਰ ਕੇ ਮੇਰੇ ਅੱਗੇ ਹੋ ਕੇ ਦਫਤਰ ਵਲ ਤੁਰ ਪਿਆ।

ਸੈਮ ਮੇਰਾ ਬਚਪਨ ਦਾ ਦੋਸਤ ਹੈ। ਸਕੂਲ ਪੜ੍ਹਦੇ ਅਸੀਂ ਇਹਦੇ ਪੂਰੇ ਨਾਂ ਤਰਸੇਮ ਨੂੰ ਛੋਟਾ ਕਰਕੇ ਸੇਮੀ ਕਿਹਾ ਕਰਦੇ ਸੀ। ਕੈਨੇਡਾ ਆ ਕੇ ਇਹ ਸੈਮ ਹੋ ਗਿਆ, ਜਿਵੇਂ ਮੈਂ ਹਰੀ ਸਿੰਘ ਤੋਂ ਹੈਰੀ।

"ਅੱਜ ਕਿੱਧਰ ਸਵੇਰੇ ਈ ਅਵਾਰਾ-ਗਰਦੀ ਕਰਦਾ ਫਿਰਦਾਂ"? ਸੈਮ ਨੇ ਆਪਣੀ ਘੁੰਮਣ ਵਾਲ਼ੀ ਚਮੜੇ ਦੀ ਕੁਰਸੀ, ਜਿਹੜੀ ਕਾਲਖ ਵਾਲੇ ਹੱਥ ਲੱਗ ਲੱਗ ਬਾਹਵਾ ਗੰਦੀ ਹੋਈ ਪਈ ਸੀ, 'ਤੇ ਬਹਿੰਦਿਆਂ ਮੈਨੂੰ ਪੁੱਛਿਆ।

"ਅਵਾਰਾ-ਗਰਦੀ ਵੀ ਤਾਂ ਕਿਸਮਤ ਆਲ਼ੇ ਈ ਕਰ ਸਕਦੇ ਆ, ਤੇਰੇ ਵਾਂਗ ਇੱਥੇ ਚੌਵੀ ਘੰਟੇ ਠੱਕ ਠੱਕ ਥੋੜ੍ਹੋ ਕਰੀ ਜਾਣੀ ਆਂ", ਮੈਂ ਸੈਮ ਦੇ ਸਾਹਮਣੇ ਬਹਿੰਦਿਆਂ ਤੇ ਉਹਦੇ ਪਿੱਛੇ ਕੰਧ 'ਤੇ ਲੱਗੇ ਕਲੰਡਰ, ਜਿਹਦੇ ਵਿਚ ਕਿਸੇ ਨਵੇਂ ਡੀਜ਼ਾਇਨ ਦੀ ਲਾਲ ਕਾਰ ਨਾਲੋਂ ਵੀ ਸੋਹਣੀ ਜਾਪਦੀ ਗੋਰੀ ਦੀ ਅੱਧਨੰਗੀ ਤਸਵੀਰ ਸੀ, ਵਲ ਦੇਖਦਿਆਂ ਕਿਹਾ।

ਸੈਮ ਨੇ ਕੱਪੜੇ ਦੀ ਲੀਰ ਨਾਲ ਹੱਥਾਂ ਤੋਂ ਕਾਲਖ ਰਗੜਦਿਆਂ ਤੇ ਮੈਨੂੰ ਕਲੰਡਰ ਵਲ ਤਾੜਦਿਆਂ ਦੇਖ ਕੇ ਕਿਹਾ, "ਹੁਣ ਲੈ ਲਾ ਇਕ ਏਦਾਂ ਦੀ, ਘਰ ਵੇਚ ਵੇਚ ਲੋਹੜੇ ਦੇ ਪੈਸੇ ਬਣਾਈ ਜਾਨੈਂ"।

"ਕਾਰ ਕਿ ਕਾਰ ਦੇ ਨਾਲ ਦੀ ਚੀਜ਼ ਦੀ ਗੱਲ ਕਰਦਾਂ"?

"ਕਾਰ ਦੇ ਨਾਲ ਦੀ ਚੀਜ਼ ਤਾਂ ਤੂੰ ਮੈਨੂੰ ਦੱਸ ਪੁੱਛ ਕੇ ਈ ਲੈਨਾਂ ਅੱਗੇ"। ਸੈਮ ਦੀ ਆਵਾਜ਼ ਮੈਨੂੰ ਜ਼ਰਾ ਥੱਕੀ ਜਿਹੀ ਤੇ ਉਦਾਸ ਉਦਾਸ ਲੱਗੀ। ਉਂਝ ਵੀ ਮੇਰੀ ਇਹੋ ਜਿਹੀ ਗੱਲ ਦੇ ਜਵਾਬ ਵਿਚ ਉਹਨੇ ਕਈ ਕੁਝ ਹੋਰ ਕਹਿ ਜਾਣਾ ਸੀ। ਉਹ ਅਕਸਰ

ਹੀ ਅਜਿਹੇ ਮੌਕੇ ਮੈਨੂੰ ਨਸੀਹਤਾਂ ਦੇਣ ਲੱਗ ਪੈਂਦਾ ਹੈ। ਜਿਵੇਂ ਜੇ ਉਹ ਪੂਰੇ ਮੂਡ ਵਿਚ ਹੁੰਦਾ ਤਾਂ ਉਹਨੇ ਕਹਿਣਾ ਸੀ, "ਕਰ ਲੈ ਕਾਕਾ ਮਨ ਆਈਆਂ, ਪਛਤਾਏਂਗਾ ਅਖੀਰ ਨੂੰ ਜਦੋਂ ਹੱਡ ਗੋਡੇ ਚੱਲਣੋ ਹਟ ਗਏ, ਤੇ ਫੇਰ ਪਾਣੀ ਫੜਾਉਣ ਵਾਲਾ ਵੀ ਕੋਈ ਨਈਂ ਹੋਣਾ"।

"ਕਿਉਂ ਅੱਜ ਤਾਂ ਬੜਾ ਥੱਲੇ ਲੱਗਾ ਲਗਦਾ, ਸਾਡੀ ਭਰਜਾਈ ਨੇ ਕਿਤੇ ਵਰਜ ਤਾਂ ਨਹੀਂ ਦਿੱਤਾ ਰਾਤੀਂ? ਚੱਲ ਉੱਠ ਤੈਨੂੰ ਲੰਚ ਖੁਆ ਕੇ ਲਿਆਉਨਾ ਕਿਸੇ ਵਧੀਆ ਰੈਸਟੋਰੈਂਟ ਵਿਚ, ਤੂੰ ਕੀ ਜਾਣੇਂਗਾ ਸਾਡੇ ਨਾਲ ਯਾਰੀਆਂ ਲਾਈਆਂ ਸੀ"।

"ਅੱਜ ਤਾਂ ਕੋਈ ਸੇਲ ਹੋਈ ਲਗਦੀ ਆ ਜਿਹੜਾ ਐਨੀਆਂ ਬੜ੍ਹਕਾਂ ਮਾਰਦਾਂ"।

"ਕਿਉਂ ਉਏ ਸੇਲ ਤੋਂ ਬਿਨਾਂ ਤੈਨੂੰ ਕਦੀ ਲੰਚ ਨਈ ਖੁਆਇਆ, ਚੱਲ ਉੱਠ ਤੈਨੂੰ ਇਕ ਵਧੀਆ ਨਵੀਂ ਥਾਂ ਲੈ ਕੇ ਚਲਦਾਂ"।

"ਅੱਜ ਨਈਂ ਗੱਲ ਬਣਨੀ ਯਾਰ! ਅੱਜ ਕੰਮ ਬਹੁਤ ਆ"।

"ਇਹਨੀਂ ਆਪੇ ਕਰੀ ਜਾਣਾ ਆਂ ਤਿੰਨਾਂ ਨੇ"।

"ਉਹ ਤੀਜਾ ਤਾਂ ਸ਼ੇਰ ਆਇਆ ਨਈਂ ਕਈਆਂ ਦਿਨਾਂ ਦਾ"।

"ਕਿਉਂ ਮੈਂ ਤਾਂ ਸੁਣਿਆਂ ਸੀ ਉਹ ਪੀਣੀ ਛੱਡ ਗਿਆ ਹੁਣ"।

"ਉਹ ਕਿੱਥੇ ਪੀਣੀ ਛੱਡਣ ਵਾਲਾ," ਸੈਮ ਨੇ ਢਿੱਲੇ ਜਿਹੇ ਅੰਦਾਜ਼ 'ਚ ਕਿਹਾ।

"ਕੰਮ ਤਾਂ ਹੁੰਦਾ ਈ ਰਹਿੰਦਾ, ਚੱਲ ਅੱਜ ਗਰੀਕ ਰੈਸਟੋਰੈਂਟ ਚਲਦੇ ਆਂ। ਚੱਲ ਉੱਠ ਜੱਕਾਂ-ਤੱਕਾਂ ਜਿਹੀਆਂ ਕੀ ਕਰੀਂ ਜਾਨੈ"।

"ਏਦਾਂ ਕਰ ਫੇਰ ਤੂੰ ਮਿੰਟ ਕੁ ਵੇਟ ਕਰ ਮੇਰੀ। ਮੈਂ ਬਿੱਲੇ ਹੋਰਾਂ ਨੂੰ ਦੋ ਕੁ ਕੰਮ ਦੱਸ ਆਵਾਂ"। ਸੈਮ ਹੌਲ਼ੀ ਹੌਲ਼ੀ ਕੁਰਸੀ ਤੋਂ ਉੱਠਿਆ ਤੇ ਮੁੜ ਕੰਮ ਵਾਲੇ ਪਾਸੇ ਚਲੇ ਗਿਆ।

ਅੱਜ ਪਹਿਲੀ ਵਾਰੀ ਹੈ ਕਿ ਸੈਮ ਨੂੰ ਬਾਹਰ ਰੈਸਟੋਰੈਂਟ ਵਿਚ ਲੰਚ ਖਾਣ ਲਈ ਦੋਬਾਰਾ ਕਹਿਣਾ ਪਿਆ। ਵੱਖਰੀਆਂ ਵੱਖਰੀਆਂ ਰੈਸਟੋਰੈਂਟਾਂ ਵਿਚ ਖਾਣਾ ਖਾਣ ਦਾ ਇਹਨੂੰ ਏਨਾ ਸ਼ੌਕ ਹੈ ਕਿ ਬੱਸ ਨਾਂ ਲੈਣ ਦੀ ਲੋੜ ਹੁੰਦੀ ਹੈ। ਪਰ ਅੱਜ ਮੈਂ ਵੀ ਪੂਰਾ ਇਸ ਇਰਾਦੇ ਨਾਲ ਆਇਆ ਸੀ ਕਿ ਸੈਮ ਨਾਲ ਲੰਚ ਜ਼ਰੂਰ ਕਰਨਾ ਹੈ। ਉੱਦਾਂ ਲੰਚ ਦਾ ਵੀ ਬਹਾਨਾ ਹੀ ਆ।

ਦਰਅਸਲ ਦੋ ਦਿਨ ਪਹਿਲਾਂ ਜਦ ਮੈਂ ਇਹਦੇ ਨਾਲ ਫੋਨ 'ਤੇ ਗੱਲ ਕੀਤੀ ਸੀ ਤਾਂ ਮੈਨੂੰ ਇਹਦੀ ਆਵਾਜ਼ ਬੜੀ ਉਦਾਸ ਉਦਾਸ ਜਿਹੀ ਲੱਗੀ। ਮੈਂ ਸੈਮ ਨੂੰ ਕਦੀ ਵੀ ਉਦਾਸ ਨਹੀਂ ਦੇਖਿਆ। ਸੈਮ ਬੜਾ ਖੁਸ਼ ਰਹਿਣ ਵਾਲਾ ਖੁੱਲ੍ਹ ਖੁੱਲ੍ਹ ਕੇ ਗੱਲਾਂ ਕਰਨ ਵਾਲਾ ਬੰਦਾ ਆ। ਸਗੋਂ ਸੈਮ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਸ਼ੌਕ ਈ ਗੱਲਾਂ ਕਰਨ ਦਾ ਹੈ। ਇਹਨੂੰ ਸ਼ਾਇਦ ਇਸ ਗੱਲ ਦਾ ਆਪ ਅਹਿਸਾਸ ਨਹੀਂ ਪਰ ਇਹਦੀ

ਦੁਕਾਨਦਾਰੀ ਦੇ ਵਾਹਵਾ ਚੱਲਣ ਦਾ ਵੀ ਇਹੀ ਰਾਜ਼ ਆ। ਜੇ ਕਿਤੇ ਸਾਡੇ ਵਾਲੇ ਬਿਜ਼ਨਸ ਵਿਚ ਪੈ ਜਾਂਦਾ ਤਾਂ ਬਹੁਤ ਕਾਮਯਾਬ ਹੋਣਾ ਸੀ ਇਹਨੇ। ਸੈਮ ਮੇਰੇ ਨਾਲੋਂ ਕੁਝ ਵਰ੍ਹੇ ਪਹਿਲਾਂ ਆ ਗਿਆ ਸੀ ਕੈਨੇਡਾ। ਇਹ ਪੜ੍ਹਾਈ 'ਚ ਐਸਾ ਵੈਸਾ ਹੀ ਸੀ। ਤੇ ਮੈਨੂੰ ਆਪਣੀ ਕਾਬਲੀਅਤ 'ਤੇ ਲੋਹੜੇ ਦਾ ਮਾਣ ਹੁੰਦਾ ਸੀ ਤੇ ਦਿਲ 'ਚ ਕੋਈ ਬਹੁਤ ਵੱਡੀ ਚੀਜ਼ ਬਣ ਜਾਣ ਦੇ ਸੁਪਨੇ ਹੁੰਦੇ ਸਨ। ਇਸ ਗੱਲ ਦੀ ਹੈਰਾਨੀ ਹੁੰਦੀ ਹੈ ਕਿ ਸੈਮ ਇੱਥੇ ਆ ਕੇ ਆਪਣੀ ਸ਼ਖਸੀਅਤ ਦੇ ਮੇਚ ਦਾ ਕੰਮ ਭਾਲਣ ਵਿਚ ਪੂਰਾ ਕਾਮਯਾਬ ਹੋ ਗਿਆ, ਭਾਵੇਂ ਇਹਨੂੰ ਇਸ ਗੱਲ ਦਾ ਅਹਿਸਾਸ ਨਹੀਂ।

ਸੈਮ ਵੱਲਾਂ ਦੇਖ ਕੇ ਮਨ ਖੁਸ਼ ਵੀ ਹੁੰਦਾ ਹੈ, ਖਿਝਦਾ ਵੀ ਹੈ ਤੇ ਕਈ ਵਾਰੀ ਜਲਦਾ ਵੀ ਹੈ। ਮੈਂ ਆਪਣੇ ਮਨੋਂ ਇਹਨੂੰ ਕਦੀ ਬਰਾਬਰ ਦਾ ਦੋਸਤ ਨਹੀਂ ਸੀ ਸਮਝਿਆ। ਇਹਦੇ ਨਾਲ ਐਵੀਂ ਸੁਗਲੇ ਲਈ ਈ ਗੱਪ ਸ਼ੱਪ ਮਾਰੀ ਦੀ ਸੀ, ਉਂਝ ਇਹਨੂੰ ਆਪਣੇ ਦਰਜੇ ਤੋਂ ਬਹੁਤ ਥੱਲੇ ਸਮਝੀਦਾ ਸੀ। ਪਰ ਇਹ ਹਮੇਸ਼ਾਂ ਸੱਚੇ ਦੋਸਤਾਂ ਵਾਂਗ ਪੇਸ਼ ਆਇਆ ਹੈ। ਅਚੇਤ ਹੀ, ਜਿਵੇਂ ਇਹਦੇ ਮਨ 'ਚ ਏਨਾ ਸਵੈ-ਭਰੋਸਾ ਹੋਵੇ ਕਿ ਇਹਨੂੰ ਕਦੀ ਇਸ ਗੱਲ ਦਾ ਖਿਆਲ ਈ ਨਹੀਂ ਆਇਆ ਕਿ ਮੈਂ ਇਹਦੀ ਦੋਸਤੀ ਦਾ ਜਵਾਬ ਦੋਸਤੀ ਵਿਚ ਨਹੀਂ ਦੇਵਾਂਗਾ। ਸ਼ਾਇਦ ਇਹਦਾ ਇਹ ਸਵੈ-ਭਰੋਸਾ ਹੀ ਹੈ ਜਿਹਨੇ ਹੌਲ਼ੀ ਹੌਲ਼ੀ ਮੇਰੇ ਮਨ ਵਿਚ ਇਹਦੇ ਲਈ ਬਹੁਤ ਵੱਡੀ ਥਾਂ ਬਣਾ ਦਿੱਤੀ ਹੈ।

ਪਰ ਸੈਮ ਨੂੰ ਮੇਰੇ ਮਨ ਦੀ ਇਸ ਤਬਦੀਲੀ ਦਾ ਕੋਈ ਪਤਾ ਨਹੀਂ ਹੈ। ਇਹਦੇ ਲਈ ਤਾਂ ਅਸੀਂ ਬਚਪਨ ਦੇ ਦੋਸਤ ਹਾਂ ਤੇ ਸਾਡਾ ਮਿਲਣਾ-ਗਿਲਣਾ ਇਕ ਕੁਦਰਤੀ ਵਰਤਾਰਾ ਹੈ। ਇਹ ਅਚੇਤ ਹੀ ਮੈਨੂੰ ਬਚਪਨ ਤੋਂ ਲੈ ਕੇ ਹੁਣ ਤਕ ਦੇ ਇਹਦੇ ਆਪਣੇ ਜੀਵਨ ਨੂੰ ਜੋੜਨ ਵਾਲ਼ੀ ਇਕ ਤੰਦ ਸਮਝਦਾ ਹੈ - ਇਕ ਜਾਦੂ ਦਾ ਸ਼ੀਸ਼ਾ, ਜਿਹਦੇ ਵਿਚ ਇਹ ਆਪਣੇ ਜੀਵਨ ਦੀਆਂ ਕਿੰਨੀਆਂ ਹੀ ਤਸਵੀਰਾਂ ਨੂੰ ਸਲਾਈਡ ਪਰੌਜੈਕਟਰ ਵਾਂਗ ਔਨ/ਔਫ ਕਰ ਸਕਦਾ ਹੈ। ਤੇ ਅਸੀਂ ਜਦੋਂ ਵੀ ਮਿਲਦੇ ਹਾਂ ਇਹ ਪੁਰਾਣੀਆਂ ਤਸਵੀਰਾਂ ਨੂੰ ਮੇਰੇ ਰਾਹੀਂ ਮੁੜ ਮੁੜ ਦੇਖਦਾ ਅਤੇ ਆਨੰਦ ਮਾਣਦਾ ਹੈ। ਤੇ ਮੇਰੇ ਲਈ ਇਹ ਇਕ ਬਹੁਤ ਸੁੰਦਰ ਤੇ ਸਾਫ ਪਾਣੀ ਦੀ ਝੀਲ ਹੈ ਜਿਹੜੀ ਮੈਂ ਜਦ ਵੀ ਨਿਗਾਹ ਮਾਰਾਂ ਉਸੇ ਤਰ੍ਹਾਂ ਆਪਣੀਆਂ ਮੱਛੀਆਂ ਪਾਲਦੀ ਸ਼ਾਂਤ ਦਿਸਦੀ ਹੈ, ਮੇਰਾ ਜਦੋਂ ਜੀਅ ਕਰਦਾ ਹੈ ਮੈਂ ਇਹਦੇ ਕੰਢੇ ਕੁਝ ਪਲ ਆ ਬਹਿੰਦਾ ਹਾਂ, ਆਪਣੇ ਮਨ ਦੀ ਪਿਆਸ ਬੁਝਾ ਕੇ ਚਲਾ ਜਾਂਦਾ ਹਾਂ।

ਪਰ ਮੈਂ ਤਾਂ ਹੁਣ ਵੀ ਜਦੋਂ ਇਹਦੇ ਕੋਲ ਆਉਂਦਾ ਹਾਂ ਤਾਂ ਅੰਦਰੋਂ ਗੁਨਾਹਗਾਰ ਮਹਿਸੂਸ ਕਰਦਾ ਹਾਂ। ਮੈਨੂੰ ਲਗਦਾ ਹੈ ਕਿ ਮੈਂ ਤਾਂ ਹੁਣ ਵੀ ਇਹਦੇ ਕੋਲ ਆਪਣੀ ਗਰਜ਼ ਲਈ ਹੀ ਆਉਂਦਾ ਹਾਂ। ਮੇਰਾ ਹੋਰ ਕਿਸੇ ਵੀ ਪੰਜਾਬੀ ਬੰਦੇ ਜਾਂ ਘਰ ਨਾਲ ਮੇਲ-ਜੋਲ ਨਹੀਂ ਹੈ। ਮੈਂ ਆਪਣੀ ਮਰਜ਼ੀ ਨਾਲ ਗੋਰਿਆਂ ਵਿਚ ਗੋਰਿਆਂ ਵਾਲ਼ੀ ਜ਼ਿੰਦਗੀ ਜਿਊਂਦਾ ਹਾਂ। ਪਰ ਕਦੀ ਕਦੀ ਮੈਨੂੰ ਆਪਣੇ ਆਲ਼ੇ-ਦੁਆਲ਼ੇ ਤੋਂ ਇਕ ਬੇਚੈਨੀ ਜਿਹੀ ਹੋਣ ਲਗਦੀ ਹੈ, ਇਕ ਕਚਿਆਣ ਜਿਹੀ ਆਉਣ ਲਗਦੀ ਹੈ। ਅਜਿਹੇ ਮੌਕੇ ਮੇਰੇ

ਬਹੁਤ ਹੀ ਕੀਮਤੀ ਸਟੀਰੀਓ ਕੋਲ ਪਈਆਂ ਉਹ ਪੰਜਾਬੀ ਹਿੰਦੀ ਤੇ ਉਰਦੂ ਗੀਤ, ਗਜ਼ਲਾਂ ਦੀਆਂ ਦਰਜਨਾਂ ਟੇਪਾਂ ਵੀ ਕੰਮ ਨਹੀਂ ਆਉਂਦੀਆਂ ਜੋ ਮੈਂ ਇਕੱਲ੍ਹਤਾ ’ਚ ਬੈਠ ਕੇ ਸੁਣਦਾ ਹਾਂ। ਕਦੀ ਕਦੀ ਜਦੋਂ ਇਹੋ ਜਿਹਾ ਮੌਕਾ ਆਉਂਦਾ ਹੈ ਤਾਂ ਸੈਮ ਹੀ ਮੇਰਾ ਟਿਕਾਣਾ ਹੁੰਦਾ ਹੈ।

ਪਰ ਸੈਮ ਨੂੰ ਇਹੋ ਜਿਹੀ ਗੱਲ ਦੀ ਰਤਾ ਸ਼ੱਕ ਨਹੀਂ ਹੈ। ਉਹਨੂੰ ਤਾਂ ਚਾਅ ਚੜ੍ਹ ਜਾਂਦਾ ਹੈ ਮੇਰੀ ਵੱਲਾਂ ਦੇਖ ਕੇ। ਕਈ ਵਾਰੀ ਤਾਂ ਚਾਅ ’ਚ ਆ ਕੇ ਮੈਨੂੰ ਗਾਲ੍ਹਾਂ ਕੱਢਣ ਲੱਗ ਜਾਂਦਾ ਹੈ, ਜਿੱਦਾਂ ਅਸੀਂ ਨਿੱਕੇ ਹੁੰਦੇ ਇਕ ਦੂਜੇ ਨੂੰ ਕੱਢਦੇ ਹੁੰਦੇ ਸੀ। ਇਹਦੀਆਂ ਗਾਲ੍ਹਾਂ ਤਾਂ ਮੈਨੂੰ ਹੋਰ ਵੀ ਬਹੁਤ ਮਿੱਠੀਆਂ ਲਗਦੀਆਂ ਹਨ, ਜਿਹੜੀਆਂ ਭੁੱਲੇ ਵਿੱਸਰੇ ਦਿਨਾਂ ਦੀ ਯਾਦ ਦੁਆ ਦਿੰਦੀਆਂ ਹਨ। ਮੈਂ ਤਾਂ ਕਈ ਵਾਰੀ ਇਹਨੂੰ ਖੁਦ ਗਾਲ੍ਹਾਂ ਕੱਢਣ ਲਈ ਉਕਸਾਉਣ ਦੀ ਕੋਸ਼ਿਸ਼ ਕਰਦਾ ਹਾਂ। ਮੈਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੈ ਕਿ ਮੇਰੇ ਆਉਣ ’ਤੇ ਸੈਮ ਨੂੰ ਬਹੁਤ ਅਤੇ ਬੇਲਾਗ ਕਿਸਮ ਦੀ ਖੁਸ਼ੀ ਹੁੰਦੀ ਹੈ ਪਰ ਸੈਮ ਮੈਨੂੰ ਭਾਵੇਂ ਕਿੰਨਾ ਸੱਦੀ ਜਾਵੇ ਮੈਂ ਆਉਂਦਾ ਉਦੋਂ ਹੀ ਹਾਂ, ਜਦੋਂ ਇਹਦੇ ਕੋਲ ਆਉਣਾ ਮੇਰੀ ਲੋੜ ਬਣ ਜਾਵੇ।

ਪਹਿਲਾਂ ਪਹਿਲਾਂ ਜਦੋਂ ਮੈਂ ਇੱਥੇ ਆ ਕੇ ਕਈ ਵਰ੍ਹੇ ਕੈਨੇਡਾ ਦੀਆਂ ਯੂਨੀਵਰਸਿਟੀਆਂ ’ਚ ਕੋਈ ਬਹੁਤ ਵੱਡੀ ਚੀਜ਼ ਬਣਨ ਦੇ ਸੁਪਨੇ ਮਗਰ ਭੱਜਾ ਫਿਰਦਾ ਸੀ ਤਾਂ ਮੈਨੂੰ ਆਪਣੀ ਸਿਆਣਪ ਤੇ ਵੱਖਰੇ ਵੱਖਰੇ ਵਿਸ਼ਿਆਂ ਸੰਬੰਧੀ ਜਾਣਕਾਰੀ ਦਾ ਬਹੁਤ ਗਰੂਰ ਹੁੰਦਾ ਸੀ। ਉਹਨਾਂ ਦਿਨਾਂ ਵਿਚ ਅੱਵਲ ਤਾਂ ਮੈਂ ਸੈਮ ਨੂੰ ਮਿਲਦਾ ਹੀ ਬਹੁਤ ਘੱਟ ਹੁੰਦਾ ਸਾਂ, ਜੇ ਕਿਤੇ ਮਿਲ ਵੀ ਪੈਣਾ ਤਾਂ ਦੋ ਮਿੰਟਾਂ ਵਿਚ ਹੀ ਉਕਤਾ ਜਾਣਾ। ਮੈਨੂੰ ਲੱਗਣਾ ਸੈਮ ਦੇ ਕੋਲ ਗੱਲ ਕਰਨ ਨੂੰ ਕੁਝ ਵੀ ਨਹੀਂ ਹੈ। ਇਕ ਵਾਰੀ ਮੈਂ ਅੰਦਾਜ਼ਾ ਲਾਇਆ ਕਿ ਸੈਮ ਨੂੰ ਕੁਝ ਸੌ ਤੋਂ ਵਧ ਅੰਗਰੇਜ਼ੀ ਸ਼ਬਦਾਂ ਦੀ ਵਾਕਫੀ ਨਹੀਂ ਹੋਣੀ। ਮੈਨੂੰ ਆਪਣੀ ਅੰਗਰੇਜ਼ੀ ਦੀ ਸ਼ਬਦਾਵਲੀ ’ਤੇ ਲੋਹੜੇ ਦਾ ਮਾਣ ਹੁੰਦਾ ਸੀ। ਮੈਂ ਜਦੋਂ ਸੈਮ ਨੂੰ ਆਪਣਾ ਕੰਮ ਪੂਰੀ ਕਾਮਯਾਬੀ ਨਾਲ ਚਲਾਉਂਦੇ ਨੂੰ ਦੇਖਦਾ ਤਾਂ ਮੈਨੂੰ ਆਮ ਲੋਕਾਂ ਦੇ ਪੱਧਰ ਨਾਲ ਹੀ ਨਫਰਤ ਹੋਣ ਲਗਦੀ। ਮੇਰਾ ਇਹ ਵਿਸ਼ਵਾਸ ਸੀ ਕਿ ਇਸ ਮੁਲਕ ਵਿਚ ਕਾਮਯਾਬ ਹੋਣ ਲਈ ਬੰਦੇ ਨੂੰ ਹਰ ਪੱਖੋਂ ਸਿਆਣਾ ਹੋਣਾ ਜ਼ਰੂਰੀ ਸੀ। ਉਦੋਂ ਮੇਰੇ ਗੱਲ ਸਮਝ ਵਿਚ ਨਹੀਂ ਸੀ ਆਈ, ਸ਼ਾਇਦ ਆ ਈ ਨਹੀਂ ਸੀ ਸਕਦੀ। ਏਸ ਗੱਲ ਦਾ ਤਾਂ ਮੈਨੂੰ ਹੁਣ ਪਤਾ ਲੱਗਾ ਹੈ ਕਿ ਵੱਧ ਸ਼ਬਦਾਂ ਦੀ ਵਾਕਫੀ ਨਾਲ ਤੁਸੀਂ ਆਪਣੇ ਅੰਦਰ ਨੂੰ ਲੁਕਾ ਕੇ ਆਪਣੇ ਆਪ ਨੂੰ ਦੂਜਿਆਂ ਦੀਆਂ ਨਜ਼ਰਾਂ ਵਿਚ ਵੱਖਰੀ ਵੱਖਰੀ ਤਰ੍ਹਾਂ ਦਾ ਵਧੀਆ ਇਨਸਾਨ ਪੇਸ਼ ਕਰ ਸਕਦੇ ਹੋ। ਪਰ ਜੇ ਤੁਹਾਨੂੰ ਆਪਣੇ ਅੰਦਰ ਨੂੰ ਛੁਪਾਉਣ ਦੀ ਲੋੜ ਹੀ ਨਾ ਹੋਵੇ, ਜੇ ਤੁਸੀਂ ਸੱਚਮੁੱਚ ਇਕ ਵਧੀਆ ਇਨਸਾਨ ਹੋਵੋਂ, ਤਾਂ ਥੋੜ੍ਹੇ ਸ਼ਬਦਾਂ ਨਾਲ ਹੀ ਤੁਹਾਡੇ ਅੰਦਰ ਦੀ ਸੁੰਦਰਤਾ ਬਾਹਰ ਆ ਜਾਂਦੀ ਹੈ। ਇਸ ਗੱਲ ਦੀ ਸਮਝ ਮੈਨੂੰ ਸੈਮ ਤੋਂ ਆਈ ਹੈ। ਉਹ ਆਪਣੇ ਗਾਹਕਾਂ ਨਾਲ ਪਰੋਫੈਸ਼ਨਲ ਜਾਂ ਵਪਾਰਕ ਕਿਸਮ ਦੀਆਂ ਗੱਲਾਂ ਨਹੀਂ ਕਰਦਾ ਸਗੋਂ

ਸਾਧਾਰਨ ਈ ਇੱਧਰ ਉੱਧਰ ਦੀਆਂ ਆਮ ਗੱਲਾਂ ਮਾਰਦਾ ਰਹਿੰਦਾ ਹੈ। ਉਹਦੇ ਨਾਲ ਕੁਝ ਪਲ ਗੱਲਾਂ ਕਰ ਕੇ ਉਹਦੇ ਸ਼ਬਦਾਂ ਵਿਚਲੀ ਮਿਠਾਸ, ਮਾਸੂਮੀਅਤ ਤੇ ਇਮਾਨਦਾਰੀ ਤੋਂ ਪ੍ਰਭਾਵਤ ਹੋ ਕੇ ਬਹੁਤੇ ਲੋਕ ਉਹਦੇ 'ਤੇ ਯਕੀਨ ਕਰਨ ਲੱਗ ਪੈਂਦੇ ਹਨ। ਤੇ ਵਾਹ ਲਗਦੀ ਨੂੰ ਸੈਮ ਕਦੀ ਕਿਸੇ ਨਾਲ ਵਾਧੂ ਘਾਟੂ ਕਰਦਾ ਵੀ ਨਹੀਂ। ਆਪਣੇ ਵਰਤਾਰੇ ਵਿਚ ਉਹ ਪੁੱਜ ਕੇ ਇਮਾਨਦਾਰ ਹੈ।

ਦਰਅਸਲ ਜ਼ਮਾਨੇ ਮੁਤਾਬਕ ਬਹੁਤ ਹੀ ਸਿੱਧਾ-ਸਾਦਾ ਹੈ ਸੈਮ। ਇਹਨੂੰ ਕਿਸੇ ਸਿਆਸਤ ਨਾਲ, ਕਿਸੇ ਧਰਮ ਨਾਲ ਕੋਈ ਵਾਸਤਾ ਨਹੀਂ। ਆਪਣਾ ਡਟ ਕੇ ਕੰਮ ਕਰਨਾ ਤੇ ਆਪਣੇ ਟੱਬਰ 'ਚ ਮਸਤ ਰਹਿਣਾ, ਬੱਸ ਇਸੇ ਜ਼ਿੰਦਗੀ 'ਚ ਪੂਰਾ ਸੰਤੁਸ਼ਟ ਹੈ ਇਹ। ਇਹਦਾ ਇਸ ਹੱਦ ਤਕ ਸ਼ਰੀਫ ਹੋਣਾ ਮੈਨੂੰ ਕਾਫੀ ਦੇਰ ਤਕ ਬੜਾ ਅਜੀਬ ਲਗਦਾ ਰਿਹਾ। ਮੈਨੂੰ ਲਗਦਾ ਸੀ ਜਿਵੇਂ ਇਹ ਇਕ ਫ਼ਜ਼ੂਲ ਜਿਹੀ ਜ਼ਿੰਦਗੀ ਜਿਉਂ ਰਿਹਾ ਹੋਵੇ। ਇਹਦੇ ਜੀਵਨ ਵਿਚ ਕੋਈ ਉਤਰਾਅ-ਚੜ੍ਹਾਅ ਨਈਂ, ਕੋਈ ਰੋਮਾਂਸ ਨਈਂ, ਕਿਸੇ ਕੋਲ ਜਾਣ ਦੀ ਖਿੱਚ ਨਈਂ, ਕਿਸੇ ਦੇ ਆਉਣ ਦੀ ਨਿੱਘੀ ਜਿਹੀ ਉਡੀਕ ਤੇ ਮਿੱਠਾ ਜਿਹਾ ਡਰ ਨਈਂ। ਮੈਨੂੰ ਇਹਦਾ ਜੀਵਨ ਬੜਾ ਬੇਰਸ ਬੇਹੂਦਾ ਬੋਰ ਜਿਹਾ ਜਾਪਦਾ ਹੁੰਦਾ ਸੀ। ਪਰ ਹੁਣ ਮੈਂ ਅਜਿਹਾ ਨਹੀਂ ਸੋਚਦਾ। ਕਿਤਾਬੀ ਗਿਆਨ ਨੇ ਜ਼ਿੰਦਗੀ ਦੀ ਇਹ ਆਮ ਜਿਹੀ ਗੱਲ ਵੀ ਮੈਨੂੰ ਭੁਲਾ ਦਿੱਤੀ ਹੋਈ ਸੀ। ਹੁਣ ਮੈਨੂੰ ਗਿਆਨ ਹੋਇਆ ਹੈ ਕਿ ਜ਼ਿੰਦਗੀ ਨੂੰ ਮਾਨਣ ਦੇ ਹਰ ਕਿਸੇ ਦੇ ਆਪਣੇ ਤਰੀਕੇ ਹੁੰਦੇ ਹਨ। ਆਪਣੇ ਘਰ ਵਾਲ਼ੀ ਨਾਲ ਚੁੱਪ ਜਿਹੀ ਅਪਣੱਤ ਵਾਲਾ ਇਹਦਾ ਜੀਵਨ ਹੁਣ ਮੈਨੂੰ ਕਿਸੇ ਤਰ੍ਹਾਂ ਵੀ ਬੇਹੂਦਾ ਨਹੀਂ ਲਗਦਾ। ਆਪਣੇ ਬੱਚਿਆਂ ਨਾਲ ਇਹਦੇ ਲਾਡ-ਪਿਆਰ ਇਹਦੇ ਜੀਵਨ ਵਿਚ ਕਿਸੇ ਫਾਲਤੂ ਰੋਮਾਂਸ ਲਈ ਥਾਂ ਹੀ ਕਿੱਥੇ ਰਹਿਣ ਦਿੰਦੇ ਹਨ। ਮੈਨੂੰ ਸੈਮ ਦਾ ਜੀਵਨ ਹਰ ਪੱਖੋਂ ਸੰਪੂਰਨ ਲੱਗਣ ਲੱਗ ਪਿਆ ਹੈ। ਕਈ ਵਾਰੀ ਤਾਂ ਇਸ ਕਦਰ ਸੰਪੂਰਨ ਲਗਦਾ ਹੈ ਕਿ ਮੇਰਾ ਆਪਣੇ ਬਾਰੇ ਬੜਾ ਸੋਚ ਸਮਝ ਕੇ ਕੀਤਾ ਫੈਸਲਾ ਵੀ ਮੈਨੂੰ ਗਲਤ ਜਾਪਣ ਲਗਦਾ ਹੈ। ਤੇ ਲਗਦਾ ਹੈ ਕਿ ਅਸਲੀ ਜ਼ਿੰਦਗੀ ਤਾਂ ਸੈਮ ਜੀ ਰਿਹਾ ਹੈ ਮੈਂ ਤਾਂ ਦਿਨ-ਕਟੀ ਕਰ ਰਿਹਾ ਹਾਂ। ਸੈਮ ਕੋਲ ਆ ਕੇ ਮੇਰੇ ਅੰਦਰ ਇਹਦੇ ਵਰਗੇ ਸੰਪੂਰਨ ਜੀਵਨ ਦੀ ਤਮੰਨਾ ਹੋਣ ਲਗਦੀ ਹੈ। ਤੇ ਕਈ ਵਾਰੀ ਏਸ ਵਜ੍ਹਾ ਕਰਕੇ ਮੈਂ ਸੈਮ ਕੋਲ ਆਉਣ ਤੋਂ ਕੰਨੀ ਵੀ ਕਤਰਾਅ ਜਾਂਦਾ ਹਾਂ।

"ਚੱਲ ਬਈ ਤੁਰ"। ਸੈਮ ਨੇ ਕੁਝ ਮਿੰਟਾਂ ਬਾਅਦ ਆ ਕੇ ਮੇਰੀ ਸੋਚ-ਲੜੀ ਨੂੰ ਤੋੜਿਆ।

ਮੈਨੂੰ ਉਮੀਦ ਸੀ ਕਿ ਕਾਰ 'ਚ ਬਹਿੰਦਿਆਂ ਹੀ ਸੈਮ ਪੁੱਛੇਗਾ, "ਏਸ ਰੈਸਟੋਰੈਂਟ ਵਿਚ ਕਦੀ ਗਿਆਂ ਵੀ ਆਂ ਉਏ, ਖਾਣਾ ਵੀ ਕੰਮ ਦਾ ਹੋਊਗਾ ਕਿ ਨਹੀਂ?"

ਪਰ ਉਹਦੇ ਇੰਝ ਨਾ ਕਰਨ 'ਤੇ ਮੈਂ ਹੈਰਾਨੀ ਜਿਹੀ ਨਾਲ ਉਸ ਵੱਲਾਂ ਦੇਖਿਆ ਤੇ ਉਹਦਾ ਰੌਂਅ ਬਦਲਣ ਦੇ ਇਰਾਦੇ ਨਾਲ ਆਪਣੇ ਇਕ ਹੋਰ ਸਾਂਝੀ ਜਾਣ ਪਛਾਣ ਵਾਲੇ ਬੰਦੇ ਬਾਰੇ ਪੁੱਛਿਆ, "ਦੀਪੇ ਦਾ ਨਈਂ ਫੋਨ ਆਇਆ ਕਦੀ ਅੱਜ ਕੱਲ੍ਹ?"

“ਨਹੀਂ”

ਸੈਮ ਦਾ ਜਵਾਬ ਉਹਦੇ ਸੁਭਾਅ ਤੋਂ ਉਲਟ ਬੜਾ ਸੰਖੇਪ ਜਿਹਾ ਸੀ। ਦੀਪਾ ਬੜੀ ਦੇਰ ਦਾ ਸੈਮ ਦਾ ਗਾਹਕ ਹੈ। ਸੈਮ ਕਰਕੇ ਹੀ ਮੈਂ ਵੀ ਉਸ ਨੂੰ ਜਾਣਦਾ ਹਾਂ। ਉਹ ਬੜਾ ਦਿਲਚਸਪ ਕਿਰਦਾਰ ਹੈ। ਪਹਿਲੀ ਵਾਰੀ ਜਦੋਂ ਉਹ ਸੈਮ ਕੋਲ ਆਪਣੀ ਕਾਰ ਲੈ ਕੇ ਬਣਾਉਣ ਆਇਆ ਤਾਂ ਸੈਮ ਨੇ ਉਹਨੂੰ ਪੁੱਛਿਆ ਕਿ ਐਕਸੀਡੈਂਟ ਕਿੱਦਾਂ ਹੋਇਆ ਤਾਂ ਅੱਗਿਓਂ ਢਿੱਲਾ ਜਿਹਾ ਮੂੰਹ ਕਰਕੇ ਕਹਿਣ ਲੱਗਾ, “ਕੀ ਦੱਸਾਂ ਭਾ ਜੀ, ਸਾਡੇ ਪ੍ਰਾਹੁਣੇ ਦਾ ਇਕ ਰਿਸ਼ਤੇਦਾਰ ਆਇਆ ਆ ਵਿਜ਼ਟਰ। ਉਹਨੂੰ ਫਰੀ ਕਰਾਉਣ ਦਾ ਕੋਈ ਸੂਤ ਜਿਹਾ ਨਹੀਂ ਸੀ ਆ ਰਿਹਾ। ਗੋਰੀਆਂ ਵੀ ਅੱਜ ਕੱਲ੍ਹ ਪੈਸੇ ਬਹੁਤ ਮੰਗਦੀਆਂ, ਤੁਹਾਨੂੰ ਪਤਾ ਈ ਆ। ਉਹਦੇ ਵੀਜ਼ੇ ਦੀ ਮਿਆਦ ਵੀ ਮੁੱਕਣ ਵਾਲ਼ੀ ਸੀ। ਮੈਂ ਕਿਹਾ ਮੈਂ ਕੋਈ ਸਕੀਮ ਬਣਾਉਨਾਂ। ਮੈਂ ਉਹਨੂੰ ਕਾਰ ’ਚ ਬਹਾ ਕੇ ਕਾਰ ਖੰਭੇ ’ਚ ਮਾਰੀ। ਸੱਟਾਂ-ਸੁੱਟਾਂ ਤਾਂ ਲੱਗੀਆਂ ਕਈ, ਉਹ ਥੋੜ੍ਹੇ ਦਿਨ ਹਸਪਤਾਲ ਵੀ ਰਿਹਾ, ਹੁਣ ਘਰ ਆਇਆ। ਪਰ ਹੁਣ ਉਹਦੀ ਵੀਜ਼ੇ ਦੀ ਪ੍ਰਾਬਲਮ ਤਾਂ ਘੱਟੋ ਘੱਟ ਥੋੜ੍ਹੇ ਚਿਰ ਲਈ ਹੱਲ ਹੋ ਗਈ ਕਿ ਨਹੀਂ। ਗਹਾਂ ਨੂੰ ਕੋਈ ਹੋਰ ਗੇੜ ਕਰ ਲਾਂਗੇ”

ਸੈਮ ਨੇ ਜਦੋਂ ਮੈਨੂੰ ਦੀਪੇ ਦੀ ਦੱਸੀ ਕਹਾਣੀ ਸੁਣਾਈ ਤਾਂ ਅਸੀਂ ਦੋਵੇਂ ਜਣੇ ਹੱਸ ਹੱਸ ਲੋਟ-ਪੋਟ ਹੁੰਦੇ ਰਹੇ। ਦੀਪਾ ਦੂਜਿਆਂ ਦੀ ਮਦਦ ਕਰਨ ਲਈ ਇਹੋ ਜਿਹੀਆਂ ਸਕੀਮਾਂ ਘੜਦਾ ਹੀ ਰਹਿੰਦਾ ਆ। ਉਹਨੂੰ ਘਰ ਦੀ ਲੋੜ ਦੀਆਂ ਚੀਜ਼ਾਂ ਲੈਣ ਦੀ ਏਨੀ ਜਾਚ ਆ ਕਿ ਪੁੱਛੋ ਕੁਝ ਨਾ। ਉਹਨੂੰ ਹਮੇਸ਼ਾਂ ਪਤਾ ਹੁੰਦਾ ਪਈ ਕਿੱਥੇ ਕਾਹਦੀ ਸੇਲ ਲੱਗੀ ਆ। ਦੀਪੇ ਦੇ ਸਾਰੇ ਰਿਸ਼ਤੇਦਾਰ ਹਰ ਚੀਜ਼ ਦੀਪੇ ਦੇ ਰਾਹੀਂ ਖਰੀਦਦੇ ਆ। ਤੇ ਉਹ ਕਿਸੇ ਨਾ ਕਿਸੇ ਚੱਕਰ ’ਚ ਸੈਮ ਦੀ ਸ਼ਾਪ ਦਾ ਗੇੜਾ ਵੀ ਕੱਢ ਈ ਜਾਂਦਾ ਆ। ਮੈਂ ਵੀ ਉਹਨੂੰ ਕਈ ਵਾਰ ਸ਼ਾਪ ’ਤੇ ਹੀ ਮਿਲਿਆਂ ਹਾਂ। ਉਹਦਾ ਢਿੱਲੀ ਜਿਹੀ ਅਵਾਜ਼ ’ਚ ਗੱਲਾਂ ਕਰਨ ਦਾ ਅੰਦਾਜ਼ ਤੇ ਉਹਦੀਆਂ ਸਕੀਮਾਂ ਮੇਰੇ ਤੇ ਸੈਮ ਲਈ ਹਮੇਸ਼ਾਂ ਦਿਲਚਸਪੀ ਦਾ ਕਾਰਨ ਬਣਦੀਆਂ ਹਨ।

ਦੀਪੇ ਦਾ ਨਾਂ ਲੈਣ ’ਤੇ ਈ ਸੈਮ ਖੁਸ਼ ਹੋ ਜਾਂਦਾ ਹੈ ਤੇ ਫੇਰ ਅਸੀਂ ਉਹਦੀਆਂ ਨਵੀਆਂ ਪੁਰਾਣੀਆਂ ਗੱਲਾਂ ਕਰਕੇ ਆਨੰਦ ਲੈਂਦੇ ਹਾਂ। ਪਰ ਅੱਜ ਦੀਪੇ ਦਾ ਨਾਂ ਲੈਣ ’ਤੇ ਵੀ ਸੈਮ ਵਿਚ ਉਹ ਚੁਸਤੀ ਨਹੀਂ ਸੀ ਆਈ। ਆਮ ਹਾਲਤ ਵਿਚ ਸੈਮ ਨੇ ਇਕ ਦਮ ਵੱਖਰੇ ਮੂਡ ਵਿਚ ਆ ਜਾਣਾ ਸੀ। ਗੱਲ ਦੱਸਣ ਦਾ ਵੀ ਸੈਮ ਦਾ ਆਪਣਾ ਹੀ ਤਰੀਕਾ ਹੈ। ਜਦੋਂ ਕਦੇ ਸੈਮ ਕੋਲ ਦੀਪੇ ਦੀ ਜਾਂ ਕੋਈ ਹੋਰ ਦਿਲਚਸਪ ਨਵੀਂ ਗੱਲ ਦੱਸਣ ਲਈ ਹੁੰਦੀ ਹੈ ਤਾਂ ਗੱਲ ਨੂੰ ਉਸੇ ਵੇਲੇ ਨਹੀਂ ਦੱਸਦਾ। ਇਸ ਤਰ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਦੱਸਣ ਲੱਗਾ ਅਗਲੇ ਨੂੰ ਤਰਸਾ ਕੇ ਬੜਾ ਅਨੰਦ ਲੈਂਦਾ ਹੈ। ਮੈਨੂੰ ਇਹਦੀਆਂ ਇਸ ਤਰ੍ਹਾਂ ਦੀਆਂ ਬਚਗਾਨਾ ਆਦਤਾਂ ਕਦੀ ਬਹੁਤ ਬੁਰੀਆਂ ਲਗਦੀਆਂ ਹੁੰਦੀਆਂ ਸਨ, ਹੁਣ ਇਹੀ ਮੈਨੂੰ ਬੇਹੱਦ ਪਸੰਦ ਹਨ। ਉਹ ਜਦੋਂ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ ਤਾਂ ਮੇਰੇ ਅੰਦਰ ਉਹਦੇ ਪ੍ਰਤਿ ਇਕ ਪਿਆਰ ਦਾ ਹੁਲਾਰਾ

ਜਿਹਾ ਉਮਡਦਾ ਹੈ। ਕਈ ਵਾਰੀ ਮੈਨੂੰ ਡਰ ਜਿਹਾ ਲੱਗਣ ਲਗਦਾ ਹੈ ਕਿ ਜੇ ਕਿਤੇ ਸੈਮ ਮੇਰੇ ਨਾਲ ਫੇਰ ਗੁੱਸੇ ਹੋ ਜਾਵੇ ਤਾਂ ਮੈਂ ਬਹੁਤ ਇਕੱਲ੍ਹਾ ਰਹਿ ਜਾਵਾਂਗਾ।

ਸੈਮ ਇਕ ਵਾਰੀ ਮੇਰੇ ਨਾਲ ਗੁੱਸੇ ਹੋ ਗਿਆ ਸੀ - ਜਦੋਂ ਮੈਂ ਜਸਵੰਤ ਤੋਂ ਤਲਾਕ ਲਿਆ ਸੀ। ਇਹ ਕਿੰਨੀ ਦੇਰ ਮੇਰੇ ਨਾਲ ਖੁੱਲ੍ਹ ਕੇ ਬੋਲਿਆ ਤਕ ਨਹੀਂ ਸੀ। ਉਦੋਂ ਹੀ ਮੈਨੂੰ ਇਸ ਗੱਲ ਦਾ ਅਹਿਸਾਸ ਹੋਇਆ ਸੀ ਕਿ ਮੇਰੇ ਬਾਰੇ ਜਿਸ ਕਿਸਮ ਦੀ ਹਮਦਰਦੀ ਜਾਂ ਪਿਆਰ ਦੀ ਭਾਵਨਾ ਇਹਦੇ ਮਨ ਵਿਚ ਹੈ, ਕਿਸੇ ਹੋਰ ਦੇ ਮਨ ਵਿਚ ਨਹੀਂ। ਮੇਰੇ ਤਲਾਕ ਵੇਲੇ ਸੈਮ ਨੇ ਮੇਰੇ ਤਰਲੇ ਮਿੰਨਤਾਂ ਵੀ ਕੀਤੇ ਤੇ ਮਗਰੋਂ ਗਾਲੀ ਗਲੋਚ ’ਤੇ ਵੀ ਉੱਤਰ ਆਇਆ ਸੀ।

ਆਪਣੇ ਇਮਾਨਦਾਰ ਤੇ ਉੱਚੇ ਸੁੱਚੇ ਖਿਆਲਾਂ ਕਰਕੇ ਸਾਡੇ ਘਰੇਲੂ ਝਗੜੇ ਦੀ ਬਹੁਤੀ ਕਸੂਰ ਉਹ ਮੇਰੇ ਵਿਚ ਈ ਕੱਢਦਾ ਸੀ। ਮੈਂ ਦੇਸੋਂ ਆ ਕੇ ਇੱਧਰ ਦੀ ਸੁਸਾਇਟੀ ਵਿਚ ਇਸ ਕਦਰ ਮਿਲ-ਜੁਲ ਗਿਆ ਸੀ ਕਿ ਦੇਸੀ ਕਦਰਾਂ-ਕੀਮਤਾਂ ਮੇਰੇ ਲਈ ਕੋਈ ਮਾਇਨੇ ਨਹੀਂ ਸੀ ਰੱਖਦੀਆਂ। ਜਸਵੰਤ ਤਾਂ ਸੀ ਹੀ ਇੱਧਰ ਦੀ ਜੰਮ-ਪਲ। ਸਾਡੇ ਵਿਆਹ ਦੇ ਪਹਿਲੇ ਕੁਝ ਵਰ੍ਹੇ ਤਾਂ ਠੀਕ-ਠਾਕ ਈ ਲੰਘ ਗਏ ਸਨ। ਫੇਰ ਛੋਟੀਆਂ ਛੋਟੀਆਂ ਗੱਲਾਂ ’ਤੇ ਝਗੜੇ ਹੋਣੇ ਸ਼ੁਰੂ ਹੋ ਗਏ। ਤੇ ਇਕ ਦੋ ਵਰ੍ਹੇ ਇਕ ਦੂਜੇ ਲਈ ਦੁਖਦੀ ਰਗ ਬਣੇ ਰਹਿਣ ਬਾਅਦ ਅਸੀਂ ਦੋਹਾਂ ਨੇ ਵੱਖ ਹੋਣ ਦਾ ਫੈਸਲਾ ਕਰ ਲਿਆ ਸੀ।

ਵਿਆਹੇ ਦਿਨਾਂ ਵਿਚ ਸੈਮ ਦਾ ਘਰ ਹੀ ਇਕੋ ਇਕ ਪੰਜਾਬੀ ਘਰ ਸੀ ਜਿੱਥੇ ਅਸੀਂ ਆਉਂਦੇ ਜਾਂਦੇ ਸਾਂ। ਜਸਵੰਤ ਨੇ ਤਾਂ ਸਾਡੇ ਘਰੇਲੂ ਹਾਲਾਤ ਬਾਰੇ ਇਹਨਾਂ ਨਾਲ ਕੋਈ ਗੱਲਬਾਤ ਨਾ ਕੀਤੀ ਪਰ ਮੈਂ ਸੈਮ ਨਾਲ ਇਕ ਦੋ ਵਾਰ ਗੱਲਬਾਤ ਕਰ ਬੈਠਾ। ਮੈਂ ਤੇ ਜਸਵੰਤ ਜਿਸ ਕਿਸਮ ਦੀ ਸੁਸਾਇਟੀ ਤੇ ਲੋਕਾਂ ਵਿਚ ਬਹਿੰਦੇ ਉੱਠਦੇ ਸਾਂ ਉੱਥੇ ਸਾਡੇ ਲਈ ਸਾਡਾ ਦੋਹਾਂ ਦਾ ਨਿੱਜੀ ਵਿਅਕਤੀਤਵ ਬਹੁਤ ਮਹੱਤਵਪੂਰਣ ਹੋ ਗਿਆ ਸੀ। ਸੈਮ ਲਈ ਇਹ ਗੱਲ ਸਮਝਣੀ ਬਹੁਤ ਔਖੀ ਸੀ। ਇਹਦੇ ਮੁਤਾਬਕ ਵਿਆਹ ਤੋਂ ਬਾਅਦ ਮਹੱਤਵਪੂਰਣ ਚੀਜ਼ ਸਿਰਫ ਆਪਣਾ ਘਰ ਤੇ ਟੱਬਰ ਹੋਣਾ ਚਾਹੀਦਾ ਹੈ, ਭਾਈਚਾਰੇ ਦਾ ਖਿਆਲ ਹੋਣਾ ਚਾਹੀਦਾ ਹੈ ਤੇ ਜਿਸਨੂੰ ਕਾਇਮ ਰੱਖਣ ਲਈ ਬੰਦੇ ਨੂੰ ਹਰ ਘਾਟਾ ਵਾਧਾ ਸਹਿਣ ਕਰਨਾ ਚਾਹੀਦਾ ਹੈ।

ਮੈਂ ਇਕ ਦੋ ਵਾਰ ਕੋਸ਼ਿਸ਼ ਕੀਤੀ ਸੈਮ ਨੂੰ ਸਮਝਾਉਣ ਦੀ ਕਿ ਸਾਡੇ ਸੁਭਾਅ ਇਕ ਦੂਜੇ ਤੋਂ ਵੱਖਰੇ ਹਨ, ਸਾਡੇ ਦੋਸਤਾਂ ਦਾ ਘੇਰਾ ਇਕ ਦੂਜੇ ਤੋਂ ਵੱਖਰਾ ਹੈ, ਸਾਡੇ ਸੰਗੀਤ, ਸਾਹਿਤ, ਆਰਟ ਬਾਰੇ ਵੱਖਰੇ ਵੱਖਰੇ ਵਿਚਾਰ ਹਨ। ਅਸੀਂ ਹੁਣ ਇਕ ਦੂਜੇ ਦੇ ਸਾਥ ਵਿਚ ਪਹਿਲਾਂ ਜਿੰਨਾ ਆਨੰਦ ਮਹਿਸੂਸ ਨਹੀਂ ਕਰਦੇ। ਸਾਨੂੰ ਦੋਹਾਂ ਨੂੰ ਹੀ ਇਹ ਮਹਿਸੂਸ ਹੁੰਦਾ ਹੈ ਕਿ ਅਸੀਂ ਇਕ ਦੂਜੇ ਲਈ ਕੁਝ ਅਸੁਖਾਵੀਆਂ ਬੰਦਸ਼ਾਂ ਤੋਂ ਬਿਨਾਂ ਹੋਰ ਕੋਈ ਵਜੂਦ ਨਹੀਂ ਰੱਖਦੇ। ਜਦ ਇਸ ਰਿਸ਼ਤੇ ਵਿਚ ਅਸੀਂ ਦੋਵੇਂ ਜੀਅ ਹੀ ਖੁਸ਼ ਨਹੀਂ ਤਾਂ ਫੇਰ ਅਸੀਂ ਬਿਨਾਂ ਵਜ੍ਹਾ ਇਕ ਦੂਜੇ ਨੂੰ ਤੰਗ ਕਰਨ ਲਈ ਇਕੱਠੇ ਕਿਉਂ ਰਹੀਏ।

ਪਰ ਇਸ ਕਿਸਮ ਦੀਆਂ ਗੱਲਾਂ "ਚੋਂ ਸੈਮ ਦੇ ਪੱਲੇ ਕੁਝ ਵੀ ਨਾ ਪੈਣਾ ਸੀ, ਨਾ ਪਿਆ। ਮੇਰੀਆਂ ਸਾਰੀਆਂ ਗੱਲਾਂ ਸੁਣ ਕੇ ਉਹਨੇ ਮੈਨੂੰ ਬਹੁਤ ਹੀ ਗੁੱਸੇ ਵਿਚ ਕਿਹਾ ਸੀ,"ਮੇਰੇ ਖਿਆਲ ਵਿਚ ਤਾਂ ਹੈਰੀ ਤੂੰ ਇਕ ਦਮ ਪਾਗਲ ਹੋ ਗਿਆਂ, ਇਹ ਜਿਹੜੀਆਂ ਤੂੰ ਗੱਲਾਂ ਕਰਦਾਂ, ਇਹਨਾਂ ਦਾ ਮਤਲਬ ਕੀ ਆ ਜ਼ਿੰਦਗੀ ਵਿਚ। ਤੁਹਾਡੇ ਵਿਆਹ ਹੋਏ ਨੂੰ ਚਾਰ ਪੰਜ ਸਾਲ ਹੋ ਗਏ ਆ, ਹੁਣ ਨੂੰ ਇਕ ਦੋ ਨਿਆਣੇ ਬਣਾਏ ਹੁੰਦੇ, ਕਬੀਲਦਾਰਾਂ ਆਂਗ ਆਪਣੇ ਟੱਬਰ ਬਾਰੇ ਸੋਚ। ਤੈਨੂੰ ਚਾਹੀਦਾ ਪਈ ਜੇ ਜਸਵੰਤ ਕੋਈ ਇਹੋ ਜਿਹੀ ਵਾਧੂ ਘਾਟੂ ਗੱਲ ਕਰਦੀ ਆ ਤਾਂ ਉਹਨੂੰ ਸਮਝਾਵੇਂ। ਤੂੰ ਤਾਂ ਆਪ ਈ ਆਹ ਅਵਾਰਾਗਰਦ ਗੋਰਿਆਂ ਅਰਗੀਆਂ ਗੱਲਾਂ ਕਰਦਾਂ ਫਿਰਦਾਂ। ਕੁਛ ਲੋਕਾਂ ਦਾ, ਭਾਈਚਾਰੇ ਦਾ ਖਿਆਲ ਕਰ"।

ਏਸ ਤੋਂ ਬਾਅਦ ਮੈਂ ਸੈਮ ਨੂੰ ਬਹੁਤਾ ਕੁਛ ਕਹਿਣ ਦੀ ਕੋਸ਼ਿਸ਼ ਨਹੀਂ ਕੀਤੀ। ਜੇਸ ਭਾਈਚਾਰੇ ਦਾ, ਜਿਹਨਾਂ ਲੋਕਾਂ ਦਾ ਮੈਂ ਹਿੱਸਾ ਬਣ ਚੁੱਕਾ ਸਾਂ ਉਹਨਾਂ ਮੁਤਾਬਕ ਤਾਂ ਸਾਡਾ ਇਕੱਠਿਆਂ ਰਹਿਣਾ ਇਕ ਗਲਤ ਗੱਲ ਸੀ। ਮੇਰੇ ਵੀ ਤੇ ਜਸਵੰਤ ਦੇ ਵੀ ਸਾਰੇ ਦੋਸਤਾਂ ਦਾ ਇਹੀ ਖਿਆਲ ਸੀ ਕਿ ਜਿਸ ਮੋੜ 'ਤੇ ਸਾਡੇ ਦੋਹਾਂ ਦੀਆਂ ਜ਼ਿੰਦਗੀਆਂ ਆ ਰੁਕੀਆਂ ਸਨ ਉੱਥੇ ਸਾਡੇ ਲਈ ਅਲੱਗ ਹੋ ਜਾਣਾ ਹੀ ਬਿਹਤਰ ਸੀ। ਤੇ ਜੇਸ ਭਾਈਚਾਰੇ ਦਾ ਖਿਆਲ ਰੱਖਣ ਦਾ ਸੁਝਾਅ ਸੈਮ ਦੇ ਰਿਹਾ ਸੀ, ਉਹਦੇ ਨਾਲ ਨਾ ਮੇਰਾ ਤੇ ਨਾ ਹੀ ਜਸਵੰਤ ਦਾ ਕੋਈ ਵਾਸਤਾ ਰਹਿ ਗਿਆ ਸੀ। ਨਾਲੇ ਮੈਂ ਪੰਜਾਬੀ ਭਾਈਚਾਰੇ ਦੀਆਂ ਇਹਨਾਂ ਸਾਰੀਆਂ ਗੱਲਾਂ ਤੋਂ ਸਮਝ ਸੋਚ ਕੇ ਕਿਨਾਰਾ ਕਰ ਚੁੱਕਾ ਸਾਂ। ਮੈਂ ਔਰਤਾਂ ਮਰਦਾਂ ਨੂੰ ਸਮਾਜੀ ਦਬਾਅ ਥੱਲੇ ਇਕ ਦੂਜੇ ਨਾਲ ਨੂੜੇ ਹੋਏ ਦੇਖ ਚੁੱਕਾ ਸਾਂ। ਇਸ ਸਭ ਕਾਸੇ ਤੋਂ ਮੈਂ ਏਨੀ ਦੂਰ ਜਾ ਚੁੱਕਾ ਸਾਂ ਕਿ ਜੇ ਮੈਂ ਸੈਮ ਦੇ ਆਖੇ ਲੱਗ ਕੇ ਚਾਹੁੰਦਾ ਵੀ ਤਾਂ ਵੀ ਬਦਲ ਨਹੀਂ ਸੀ ਸਕਦਾ।

ਸੋ ਅਸੀਂ ਜੋ ਫੈਸਲਾ ਕਰਨਾ ਸੀ ਉਹ ਕਰ ਲਿਆ। ਜਦੋਂ ਮੈਂ ਸੈਮ ਨੂੰ ਏਸ ਬਾਰੇ ਦੱਸਿਆ ਸੀ ਤਾਂ ਸੁਣ ਕੇ ਉਹ ਬਹੁਤ ਨਿਰਾਸ਼ ਤੇ ਗੁੱਸੇ ਹੋਇਆ ਸੀ। ਪਤਾ ਨਹੀਂ ਮੈਨੂੰ ਉਹਦੀ ਨਿਰਾਸਤਾ ਏਨੀ ਅਸਲੀ ਤੇ ਇਮਾਨਦਾਰ ਲੱਗੀ ਸੀ ਕਿ ਮੈਂ ਉਹਨੂੰ ਇਕ ਦੋਸਤ ਦੇ ਤੌਰ 'ਤੇ ਕਿਸੇ ਵੀ ਕੀਮਤ 'ਤੇ ਗੁਆਉਣਾ ਨਹੀਂ ਸੀ ਚਾਹੁੰਦਾ। ਮੈਨੂੰ ਉਹਦੇ 'ਤੇ ਰਤਾ ਵੀ ਗੁੱਸਾ ਨਾ ਆਇਆ। ਮੈਂ ਇਹਦੀਆਂ ਗਾਲ੍ਹਾਂ ਤੇ ਫਿਟਕਾਰਾਂ ਇਕ ਕਸੂਰਵਾਰ ਨਿਆਣੇ ਵਾਂਗ ਚੁੱਪ ਕਰਕੇ ਸੁਣ ਗਿਆ ਸੀ। ਪਰ ਸੈਮ ਦਾ ਗੁੱਸਾ ਠੰਢਾ ਹੋਣ ਨੂੰ ਬਹੁਤ ਦੇਰ ਲੱਗੀ ਸੀ।

"ਏਥੋਂ ਕਾਰ ਨਹੀਂ ਸੀ ਮੋੜਨੀ ?" ਰੈਸਟੋਰੈਂਟ ਕੋਲ ਦੀ ਲੰਘ ਜਾਣ 'ਤੇ ਸੈਮ ਨੇ ਮੈਨੂੰ ਮੇਰੀਆਂ ਸੋਚਾਂ "ਚੋਂ ਜਗਾਉਂਦਿਆਂ ਕਿਹਾ।

ਅਸੀਂ ਕਾਰ ਖੜ੍ਹੀ ਕਰਕੇ ਰੈਸਟੋਰੈਂਟ ਦੇ ਅੰਦਰ ਚਲੇ ਗਏ। ਇਕ ਲੰਮੀ ਪਤਲੀ ਪਰ ਸਜੀ ਧਜੀ ਕੁੜੀ ਨੇ ਸਾਨੂੰ ਇਕ ਟੇਬਲ 'ਤੇ ਬਿਠਾਉਂਦਿਆਂ ਮੈਨਿਊ ਫੜਾਏ। ਮੈਂ

ਆਪਣਾ ਓਵਰਕੋਟ ਲਾਹ ਕੇ ਕੁਰਸੀ ਦੇ ਪਿੱਛੇ ਟੰਗਦਿਆਂ ਸੈਮ ਨੂੰ ਕਿਹਾ, "ਤੂੰ ਦੇਖ ਕੀ ਖਾਣਾ ਆ, ਮੈਂ ਜ਼ਰਾ ਬਾਥਰੂਮ ਜਾ ਕੇ ਆਇਆ"।

ਰੈਸਟੋਰੈਂਟ ਵਿਚ ਬਹੁਤ ਥੋੜ੍ਹੇ ਲੋਕ ਸਨ। ਮੈਂ ਜੇਸ ਕੁੜੀ ਨੂੰ ਮਿਲਣ ਦੇ ਚੱਕਰ ਵਿਚ ਉਸ ਰੈਸਟੋਰੈਂਟ ਵਿਚ ਗਿਆ ਸੀ ਉਹ ਮੈਨੂੰ ਦਿਸੀ ਨਾ ਤੇ ਮੈਂ ਸੋਚਿਆ ਬਾਰ ਤੇ ਖੜ੍ਹੇ ਵੇਟਰ ਨੂੰ ਪੁੱਛਦਾਂ ਉਹਦੇ ਬਾਰੇ। ਪਤਾ ਲੱਗਾ ਕਿ ਉਹ ਤਾਂ ਅੱਜ ਆਈ ਨਹੀਂ ਸੀ। ਪਰ ਮੈਂ ਕਿੰਨੀ ਦੇਰ ਉਸ ਪਤਲੀ ਲੰਮੀ ਕੁੜੀ ਮਿਊਰੀਅਲ ਨਾਲ ਗੱਲੀਂ ਪਿਆ ਰਿਹਾ। ਜਦੋਂ ਮੈਂ ਮੁੜਿਆ ਤਾਂ ਸੈਮ ਨੇ ਦੋ ਬੀਅਰਾਂ ਮੰਗਾ ਰੱਖੀਆਂ ਸਨ ਤੇ ਆਪਣੀ ਤਾਂ ਉਹਨੇ ਤਕਰੀਬਨ ਖਤਮ ਵੀ ਕਰ ਲਈ ਸੀ। ਉਹ ਸੁਭਾਅ ਤੋਂ ਉਲਟ ਗੰਭੀਰ ਜਿਹਾ ਬੈਠਾ ਸੀ। ਮੇਰੇ ਦੇਰ ਲਾਉਣ 'ਤੇ ਤਾਂ ਉਹਨੇ ਨੱਠ ਕੇ ਪੈਣਾ ਸੀ ਤੇ ਕਹਿਣਾ ਸੀ, "ਬਾਥਰੂਮ 'ਚ ਏਨਾਂ ਚਿਰ ਓਏ ਸਾਲ਼ਿਆ, ਨਾਲੇ ਕਹਿੰਦਾ ਸੀ ਤੇਰੀ ਅਪੁਆਇੰਟਮੈਂਟ ਆ ਕੋਈ"।

ਮੈਂ ਜਵਾਬ ਵਿਚ ਕਹਿਣ ਲਈ ਪਹਿਲਾਂ ਹੀ ਕੋਈ ਬਹਾਨਾ ਸੋਚ ਰਿਹਾ ਸੀ ਪਰ ਇਸ ਦੀ ਲੋੜ ਹੀ ਨਾ ਰਹੀ।

"ਲੈ ਹੁਣ ਆਪਾਂ ਨੂੰ ਜਾਣ ਦੀ ਕੋਈ ਕਾਹਲ ਨਹੀਂ, ਸੁਣਾ ਤੂੰ ਕੋਈ ਰੱਬ ਦੇ ਘਰ ਦੀ", ਮੈਂ ਠੰਡੀ ਬੀਅਰ ਦਾ ਘੁੱਟ ਭਰਦਿਆਂ ਕਿਹਾ।

"ਤੂੰ ਸੁਣਾ ਕੋਈ। ਸਾਡਾ ਕਬੀਲਦਾਰਾਂ ਦਾ ਕੀ ਆ - ਘਰੋਂ ਕੰਮ ਤੇ ਕੰਮੋਂ ਘਰ"।

"ਅੱਜ ਕੀ ਗੱਲ ਆ ਬਹੁਤਾ ਈ ਓਦਰਿਆ ਜਿਹਾ ਆਂ?"

"ਐਵੀਂ ਤੈਨੂੰ ਲਗਦਾ ਆ ਗੱਲ ਕੀ ਹੋਣੀ ਆਂ"।

"ਹੈ ਤਾਂ ਸਹੀ ਕੋਈ ਨਾ ਕੋਈ ਗੱਲ, ਤੂੰ ਤਾਂ ਅੱਜ ਦੀਪੇ ਦੀ ਵੀ ਕੋਈ ਨਈਂ ਸੁਣਾਈ"।

"ਠੀਕ ਆ ਦੀਪੇ ਦਾ ਚੱਕਰ ਵੀ, ਉਹਦਾ ਸਾਲ਼ੇ ਦਾ ਕਿਹੜਾ ਕੋਈ ਟਿਕਾਣਾ ਆ, ਮਨ-ਆਈਆਂ ਕਰਦਾ"।

ਸੈਮ ਸ਼ਾਇਦ ਮੇਰੇ ਮਨ ਅੰਦਰ ਝਾਕ ਗਿਆ ਸੀ ਉਹਨੇ ਪੂਰੀ ਕੋਸ਼ਿਸ਼ ਨਾਲ ਚੁਸਤ ਹੋ ਕੇ ਦੀਪੇ ਦੀ ਗੱਲ ਦੱਸਣੀ ਸ਼ੁਰੂ ਕੀਤੀ: "ਉਹ ਪਿਛਲੇ ਫਰਾਈਡੇ ਆਇਆ ਸੀ। ਖੰਡ ਪਾਠ 'ਤੇ ਆਉਣ ਦਾ ਸੱਦਾ ਦੇਣ"।

"ਅੱਛਾ ਉਹਨੇ ਕਾਹਦਾ ਅਖੰਡ-ਪਾਠ ਕਰਾਉਣਾ ਆ?" ਮੈਂ ਗੱਲ ਚਲਦੀ ਰੱਖਣ ਲਈ ਸੈਮ ਨੂੰ ਪੁੱਛਿਆ।

"ਉਹਦੀ ਘਰ ਵਾਲ਼ੀ ਨੇ ਕਾਸੇ ਦਾ ਸੁੱਖਿਆ ਹੋਇਆ ਸੀ। ਕਹਿੰਦਾ ਕਈਆਂ ਚਿਰਾਂ ਦੀ ਮਗਰ ਪਈ ਹੋਈ ਸੀ, ਮੈਂ ਕਿਹਾ ਚਲੋ ਲਾ ਦਿੰਦੇ ਆਂ ਆਟੇ ਦਾ ਬੋਰਾ ਮੇਨ ਤੋਂ ਲਿਆ ਕੇ, ਘੱਟੋ ਘੱਟ ਘਰ ਆਲੀ ਤਾਂ ਖੁਸ਼ ਹੋ ਜਾਊ"।

“ਹੈ ਦੀਪਾ ਵੀ ਪੂਰਾ ਮੌਜੀ ਬੰਦਾ,” ਬੀਅਰ ਦਾ ਘੁੱਟ ਭਰਦਿਆਂ ਮੈਂ ਕਿਹਾ। ਏਸ ਦੌਰਾਨ ਮਿਊਰੀਅਲ ਸਾਡਾ ਖਾਣੇ ਦਾ ਆਰਡਰ ਲੈਣ ਆਈ ਤਾਂ ਅਸੀਂ ਬੀਅਰ ਵੀ ਹੋਰ ਮੰਗਾ ਲਈ। ਮਿਊਰੀਅਲ ਦਾ ਮੇਰੀ ਵੱਲਾਂ ਬਦਲਿਆ ਰਵੱਈਆ ਦੇਖ ਕੇ ਸੈਮ ਨੂੰ ਕੁਝ ਕੁਝ ਸ਼ੱਕ ਜਿਹੀ ਹੋਈ। ਤੇ ਉਹਨੇ ਤੁਰੀ ਜਾਂਦੀ ਮਿਊਰੀਅਲ ਦੇ ਲੰਮ-ਸਲੰਮੇ ਸਰੀਰ, ਪਤਲੇ ਲੱਕ ਤੇ ਗੋਲ ਗੋਲ ਲੱਤਾਂ ਨੂੰ ਪਿੱਛਿਓਂ ਬੜੇ ਅਜੀਬ ਜਿਹੇ ਢੰਗ ਨਾਲ ਲਲਚਾਉਂਦੀਆਂ ਨਜ਼ਰਾਂ ਨਾਲ ਦੇਖਿਆ। ਉਹਦੀਆਂ ਨਜ਼ਰਾਂ ਵਿਚ ਇਕ ਭੁੱਖ ਜਿਹੀ ਸੀ ਜਿਹੜੀ ਮੈਂ ਕਦੀ ਵੀ ਪਹਿਲਾਂ ਨਹੀਂ ਸੀ ਦੇਖੀ। ਆਪਣੇ ਅੰਦਰ ਦੇ ਭਾਵਾਂ ਨੂੰ ਦਬਾਉਂਦਿਆਂ ਉਹਨੇ ਦੀਪੇ ਦੀ ਗੱਲ ਜਾਰੀ ਰੱਖੀ:

“ਦੀਪਾ ਮੰਡੇ ਫੇਰ ਆਇਆ ਤੇ ਕਹਿੰਦਾ ਭਾ ਜੀ ਖੰਡ ਪਾਠ ਦਾ ਕੰਮ ਤਾਂ ਅਜੇ ਬੰਦ ਈ ਕਰ ਤਾ। ਮੈਂ ਕਿਹਾ ਕੀ ਗੱਲ ਹੋਈ। ਕਹਿੰਦਾ, ਉਹ ਮੈਥੋਂ ਛੋਟੇ ਦੇ ਨਿਆਣਾ ਨਿੱਕਾ ਹੋਣ ਆਲਾ ਤਿੰਨਾਂ ਚੌਂਹ ਮਹੀਨਿਆਂ ਤਾਈਂ। ਜੇ ਉਹਨਾਂ ਦੇ ਮੁੰਡਾ ਹੋ ਗਿਆ ਫੇਰ ਉਹਨੀਂ ਪੂਛ ਚੱਕੀ ਫਿਰਨੀ ਆ ਖੰਡ ਪਾਠ ਦੀ। ਮੈਂ ਸੋਚਿਆ ਫੇਰ ਪੰਗਾ ਪੈਂਦਾ ਫਿਰੂ, ਅਟਕ ਈ ਲੈਨੇ ਆ ਚਾਰ ਮਹੀਨੇ। ਕਿਹੜਾ ਉੱਥੇ ਬੱਤ ਲੰਘਦੀ ਜਾਂਦੀ ਆ। ਨਾਲੇ ਵਿਚੋਂ ਹੋਰ ਵੀ ਗੱਲ ਆ। ਗੁਰਦੁਆਰੇ ਭਾਈ ਨਾਲ ਗੱਲ ਕੀਤੀ, ਉਹਨੇ ਤਾਂ ਖਰਚਾ ਈ ਬੜਾ ਦੱਸਿਆ। ਇਕ ਮੇਰਾ ਭਾਈਬੰਦ ਹੈਗਾ ਆ, ਉਹ ਦੇਸ ਨੂੰ ਗਿਆ ਆ। ਬੜਾ ਯਾਰਾਂ ਦਾ ਯਾਰ ਆ ਉਹ ਭਾਈ। ਆਪਾਂ ਨਾਲ ਕਿਤੇ ਕਿਤੇ ਚੋਰੀ ਛਿੱਪੇ ਪੜਦੇ ਨਾਲ ਦਾਰੂ ਵੀ ਪੀ ਲੈਂਦਾ ਹੁੰਦਾ ਉਹੋ। ਉਹ ਪ੍ਰਾਈਵੇਟ ਈ ਖੰਡ ਪਾਠ ਕਰਦਾ ਆ। ਮੈਂ ਆਪਣੀ ਘਰ ਆਲੀ ਨੂੰ ਕਿਹਾ ਉਹਨੇ ਤਾਂ ਆਪਣਾ ਕੰਮ ਏਦੂੰ ਅੱਧਿਆਂ ’ਚ ਕਰਾ ਦੇਣਾ”

ਸੈਮ ਪੂਰੇ ਅੰਦਾਜ਼ ਨਾਲ ਦੀਪੇ ਦੀ ਗੱਲ ਦੱਸਣ ਲੱਗ ਪਿਆ ਸੀ, “ਹੋਰ ਉਹ ਤਾਂ ਕਹਿੰਦਾ ਸੀ ਭਾ ਜੀ ਕਿਤੇ ਖੰਡ ਪਾਠ ਕਰਾਉਣਾ ਹੋਇਆ ਤਾਂ ਦੱਸੀਂ। ਮੇਰੇ ਭਾਈਬੰਦ ਕੋਲ ਤਾਂ ਸਾਜੋ-ਸਮਾਨ ਵੀ ਸਾਰਾ ਆਪਣਾ ਈ ਆ”।

“ਵਾਹ ਬਈ ਵਾਹ, ਦੀਪੇ ਤੋਂ ਨਈ ਕੋਈ ਵੀ ਕੰਮ ਛੁਪਿਆ, ਹਰ ਗਲ ’ਚ ਮਾਹਿਰ ਆ ਦੀਪਾ ਸਿਹੁੰ ਤਾਂ”। ਮੈਂ ਵੀ ਸੈਮ ਨਾਲ ਦੀਪੇ ਦੀਆਂ ਗੱਲਾਂ ਦਾ ਆਨੰਦ ਲੈਣ ਲੱਗਾ।

ਸੈਮ ਵੀ ਦੋ ਬੀਅਰਾਂ ਦੇ ਨਸ਼ੇ ਨਾਲ ਤੇ ਦੀਪੇ ਦੀ ਗੱਲ ਦੱਸ ਕੇ ਖੁਸ਼ ਨਜ਼ਰ ਆ ਰਿਹਾ ਸੀ ਪਰ ਫੇਰ ਵੀ ਕਿਤੇ ਨਾ ਕਿਤੇ ਕੁਝ ਗੜਬੜ ਜਿਹੀ ਸੀ। ਖਾਣਾ ਖਾ ਕੇ ਬਿੱਲ ਦੇਣ ਲੱਗੇ ਤਾਂ ਆਪਣੀ ਆਦਤ ਦੇ ਬਿਲਕੁਲ ਉਲਟ ਸੈਮ ਨੇ ਆਪ ਬਿੱਲ ਦੇਣ ਦਾ ਬਹੁਤਾ ਹਠ ਨਾ ਕੀਤਾ। ਉਹ ਕਾਉਂਟਰ ਤੋਂ ਦੋ ਕੁ ਮਿੱਠੀਆਂ ਗੋਲੀਆਂ ਤੇ ਦੰਦਾਂ ’ਚ ਫੇਰਨ ਵਾਲਾ ਡੱਕਾ ਚੁੱਕ ਕੇ ਬਾਹਰਲੇ ਦਰਵਾਜ਼ੇ ਕੋਲ ਜਾ ਖੜ੍ਹਾ ਹੋਇਆ। ਮੈਂ ਬਿੱਲ ਦੇਣ ਲੱਗਾ ਮਿਊਰੀਅਲ ਨਾਲ ਫੇਰ ਗੱਲੀਂ ਲੱਗ ਪਿਆ। ਮੈਂ ਬਿੱਲ ਦੇ ਕੇ ਤੇ ਮਿਊਰੀਅਲ ਨਾਲ ਸਨਿੱਚਰਵਾਰ ਸ਼ਾਮ ਦੀ ਡੇਟ ਬਣਾ ਕੇ ਬਾਹਰ ਨਿਕਲਿਆ।

ਮੈਨੂੰ ਪਤਾ ਸੀ ਕਿ ਹੁਣ ਉਹ ਖੁਸ਼ੀ ਦੇ ਰੌਂਅ ਵਿਚ ਮੈਨੂੰ ਝਾੜ ਪਾਵੇਗਾ ਤੇ ਕੁਝ ਇਹੋ ਜਿਹਾ ਕਹੇਗਾ, "ਕਿਉਂ ਮਿਲ ਗਈ ਤੈਨੂੰ ਵੀ ਨਵੀਂ ਜੌਬ, ਮੈਂ ਨਾ ਕਹਾਂ ਸਾਲ਼ਾ ਇਹ ਗਰੀਕ ਖਾਣੇ ਦਾ ਅਚਾਨਕ ਈ ਸੁਕੀਨ ਕਿੱਧਰੋਂ ਹੋ ਗਿਆ"।

ਨਵੀਂ ਜੌਬ ਦੇ ਸਾਡੇ ਦੋਹਾਂ ਦਰਮਿਆਨ ਇਕ ਵੱਖਰੇ ਹੀ ਮਾਇਨੇ ਹਨ - ਇਕ ਵਾਰੀ ਸੈਮ ਨੇ ਮੈਨੂੰ ਕਿਸੇ ਕੰਮ ਲਈ ਫੋਨ ਕੀਤਾ ਤਾਂ ਮੈਂ ਅੱਗਿਓਂ ਬਹਾਨਾ ਲਾ ਗਿਆ। ਇਹਨੇ ਮੇਰੇ ਰੁਝੇਵੇਂ ਦਾ ਕਾਰਨ ਪੁੱਛਿਆ ਤਾਂ ਮੈਂ ਹੱਸਦੇ ਨੇ ਕਹਿ ਦਿੱਤਾ ਕਿ ਨਵੀਂ ਜੌਬ ਮਿਲੀ ਆ। ਤੇ ਮਗਰੋਂ ਜਦੋਂ ਮੈਂ ਇਹਨੂੰ ਦੱਸਿਆ ਪਈ ਮੈਂ ਇਕ ਨਵੀਂ ਗਰਲ ਫਰੈਂਡ ਬਣਾਈ ਸੀ ਤਾਂ ਇਹਨੇ ਆਪਣੇ ਸੁਭਾਅ ਮੁਤਾਬਕ ਕਿਹਾ ਸੀ, "ਨਵੀਂ ਜੌਬ ਕਿੱਦਾਂ ਹੋ ਗਈ ਉਏ?"

ਮੈਂ ਸੁਗਲ ਦੇ ਰੌਂਅ ਵਿਚ ਕਿਹਾ ਸੀ, "ਤੈਨੂੰ ਭਾਈ ਨੂੰ ਕੀ ਪਤਾ ਕਿੰਨੀ ਸਖਤ ਮਿਹਨਤ ਕਰਨੀ ਪੈਂਦੀ ਆ, ਤਾਂ ਜਾ ਕੇ ਕੁੱਛ ਪੱਲੇ ਪੈਂਦਾ - ਅਗਲੀ ਨੂੰ ਡਿਨਰ 'ਤੇ ਲੈ ਕੇ ਜਾਓ, ਡਾਂਸ 'ਤੇ ਲੈ ਕੇ ਜਾਓ, ਫਿਲਮਾਂ ਦਿਖਾਓ ਤੇ ਜੇ ਜ਼ਰਾ ਹਾਈ ਸੁਸਾਇਟੀ ਦੀ ਹੋਵੇ ਤਾਂ ਥੀਏਟਰ, ਮਿਊਜ਼ਿਅਮ ਵਗੈਰਾ। ਦੱਸ ਏਦੂੰ ਵਧ ਸਖਤ ਮਿਹਨਤ ਹੋਰ ਕਿਹੜੀ ਨਵੀਂ ਜੌਬ 'ਤੇ ਕਰਨੀ ਪੈਂਦੀ ਆ"। ਤੇ ਉਦੋਂ ਤੋਂ ਨਵੀਂ ਜੌਬ ਦੀ ਗੱਲ ਸਾਡੇ 'ਚ ਅਕਸਰ ਚਲਦੀ ਰਹਿੰਦੀ ਆ।

ਪਰ ਅੱਜ ਸੈਮ ਨੇ ਕੋਈ ਇਹੋ ਜਿਹੀ ਗੱਲ ਨਾ ਕੀਤੀ। ਜੇ ਕਿਤੇ ਪੂਰਾ ਰੌਂਅ ਵਿਚ ਹੁੰਦਾ ਤਾਂ ਉਹਨੇ ਕਹਿਣਾ ਸੀ," ਕਰ ਲੈ ਮਨ-ਆਈਆਂ, ਭਾਲ ਲੈ ਜਿੰਨੀਆਂ ਨਵੀਆਂ ਤੋਂ ਨਵੀਆਂ ਜੌਬਾਂ ਭਾਲਣੀਆਂ, ਪਰ ਕਾਕਾ ਇਕ ਤੈਨੂੰ ਦੱਸ ਦਿੰਨਾਂ, ਬੁੱਢੇ ਵਾਰੇ ਕਿਸੇ ਰੈਸਟਹੋਮ 'ਚ "ਕੱਲ੍ਹਾ ਈ ਪਿਆ ਸੜੇਂਗਾ, ਉੱਥੇ ਕਿਸੇ ਤੇਰੀ ਜੌਬ ਨੇ ਤੇਰੇ ਕੋਲ ਨਈਂ ਆਉਣਾ"।

ਮੈਂ ਕਾਰ ਵਲ ਜਾਂਦਿਆਂ ਉਹਦੇ ਕੋਲੋਂ ਆਪਣੇ ਆਪ ਨੂੰ ਬੁਰਾ ਭਲਾ ਕਹਾਉਣ ਲਈ ਉਹਨੂੰ ਫੇਰ ਛੇੜਿਆ, "ਕਿਉਂ ਸੈਮੀ ਕਿਵੇਂ ਲੱਗੀ ਫੇਰ ਤੈਨੂੰ ਇਹ ਗਰੀਕ ਰੈਸਟੋਰੈਂਟ ਵਾਲ਼ੀ ਆਪਣੀ ਨਵੀਂ ਜੌਬ?"

"ਠੀਕ ਆ ਤੂੰ ਆਪਣਾ ਰਾਂਝਾ ਰਾਜੀ ਕਰ"।

ਸੈਮ ਨੇ ਇਹ ਗੱਲ ਖੁਸ਼ੀ ਵਾਲੇ ਜਾਂ ਚਾਅ ਵਾਲੇ ਅੰਦਾਜ਼ ਵਿਚ ਨਹੀਂ ਸੀ ਕਹੀ ਸਗੋਂ ਬਹੁਤ ਢਿੱਲੀ ਜਿਹੀ ਆਵਾਜ਼ ਵਿਚ ਕਹੀ ਸੀ। ਮੈਨੂੰ ਫੇਰ ਉਹਦੇ ਬਾਰੇ ਕੁਝ ਫਿਕਰ ਜਿਹਾ ਹੋਣ ਲੱਗਾ। ਪਰ ਮੈਂ ਇਸ ਸੰਬੰਧੀ ਹੋਰ ਪੁੱਛਣਾ ਨਹੀਂ ਸੀ ਚਾਹੁੰਦਾ। ਨਾ ਹੀ ਥੋੜ੍ਹੇ ਕੀਤੇ ਇਹਨੇ ਮੈਨੂੰ ਕੁਝ ਦੱਸਣਾ ਸੀ। ਪਰ ਮੈਨੂੰ ਕੁਝ ਕੁਝ ਸ਼ੱਕ ਜਿਹੀ ਸੀ। ਪਿਛਲੀ ਵਾਰੀ ਜਦੋਂ ਮੈਂ ਇਹਨਾਂ ਦੇ ਘਰ ਗਿਆ ਸੀ ਤਾਂ ਮੈਨੂੰ ਘਰ ਦਾ ਮਾਹੌਲ ਕੁਝ ਬਦਲ ਗਿਆ ਲੱਗਾ ਸੀ। ਮੈਨੂੰ ਕੁਝ ਸਮਝ ਨਹੀਂ ਸੀ ਲੱਗੀ ਕਿ ਸੈਮ ਤੇ ਭਾਬੀ ਚਰਨਜੀਤ ਦੇ ਆਪਸੀ ਰਿਸ਼ਤੇ ਵਿਚ ਕੋਈ ਤ੍ਰੇੜ ਪੈ ਗਈ ਸੀ ਜਾਂ ਪੰਜਾਬੀ ਘਰਾਂ ਵਿਚ

ਰਿਸ਼ਤੇਦਾਰੀਆਂ ਤੋਂ ਪੈਂਦੇ ਤਣਾਵਾਂ ਦਾ ਪ੍ਰਛਾਵਾਂ ਇਹਨਾਂ ਦੇ ਘਰ ’ਤੇ ਵੀ ਪੈ ਗਿਆ ਸੀ। ਪਿਛਲੇ ਕੁਝ ਸਮੇਂ ਤੋਂ ਇਹਨਾਂ ਦਾ ਕੋਈ ਰਿਸ਼ਤੇਦਾਰ ਇਹਨਾਂ ਦੀ ਬੇਸਮਿੰਟ ਵਿਚ ਰਹਿ ਰਿਹਾ ਸੀ। ਰਿਸ਼ਤੇਦਾਰ ਸਿਆਣੀ ਉਮਰ ਦਾ ਬੰਦਾ ਸੀ ਜਿਹਨੇ ਕੁਝ ਵਰ੍ਹੇ ਪਹਿਲਾਂ ਆਪਣੇ ਤੋਂ ਅੱਧੀ ਉਮਰ ਦੀ ਕੁੜੀ ਨਾਲ ਵਿਆਹ ਕਰਾਇਆ ਸੀ। ਉਹ ਪਿਛਲੇ ਪੰਦਰਾਂ ਵੀਹਾਂ ਸਾਲਾਂ ਦਾ ਕਿਸੇ ਛੋਟੇ ਟਾਊਨ ਵਿਚ ਰਹਿੰਦਾ ਸੀ ਅਤੇ ਉੱਥੋਂ ਹੁਣੇ ਮੂਵ ਹੋ ਕੇ ਇੱਥੇ ਆਇਆ ਸੀ।

ਮੈਨੂੰ ਇਸ ਗੱਲ ਦਾ ਪਤਾ ਸੀ ਕਿ ਸੈਮ ਅੰਦਰੋਂ ਅਸਲੀ ਗੱਲ ਕੱਢਣ ਲਈ ਮੈਨੂੰ ਅਜੇ ਕਈ ਵਾਰ ਹੋਰ ਇਹਦੇ ਕੋਲ ਆਉਣਾ ਪਊ। ਫੇਰ ਵੀ ਮੈਂ ਗੱਲ ਨੂੰ ਮਖੌਲ ’ਚ ਪਾਉਂਦਿਆਂ ਕੋਸ਼ਿਸ਼ ਕੀਤੀ, “ਸੈਮ ਅੱਜ ਤਾਂ ਤੂੰ ਯਾਰ ਬਹੁਤ ਹੀ ਨਿੱਘਰਿਆ ਜਿਹਾ ਲੱਗਦਾਂ ਕੀ ਗੱਲ ਆ? ਕਹੇਂ ਤਾਂ ਇਹ ਨਵੀਂ ਜੌਬ ਤੈਨੂੰ ਲੈ ਦਿਆਂ?”

ਜਵਾਬ ਵਿਚ ਸੈਮ ਨੇ ਬਹੁਤ ਹੀ ਢਿੱਲੇ ਹਾਰੇ ਇਨਸਾਨ ਦੇ ਅੰਦਾਜ਼ ਵਿਚ ਹੌਲ਼ੀ ਦੇਣੀ ਕਿਹਾ, “ਕਿਸਮਤ ਆਲ਼ੇ ਆਂ ਯਾਰ ਤੁਸੀਂ, ਸਾਡੇ ਭਾਗਾਂ ’ਚ ਇਹੋ ਜਿਹੀਆਂ ਗੱਲਾਂ ਕਿੱਥੇ। ਜ਼ਿੰਦਗੀ ਦਾ ਅਸਲੀ ਅਨੰਦ ਤਾਂ ਤੁਸੀਂ ਲੈਨੇ ਓਂ। ਅਸੀਂ ਤਾਂ ਐਵੀਂ ਦਿਨ-ਕਟੀ ਈ ਕਰਨ ਆਏ ਆਂ ਇੱਥੇ”।

ਸੈਮ ਕੋਲੋਂ ਮੈਨੂੰ ਇਸ ਕਿਸਮ ਦੇ ਪ੍ਰਤਿਕਰਮ ਦੀ ਜ਼ਰਾ ਉਮੀਦ ਨਾ ਸੀ। ਉਸ ਵੱਲੋਂ ਅਚਨਚੇਤ ਕੀਤੀ ਇਸ ਗੱਲ ਦਾ ਮੈਨੂੰ ਕੋਈ ਜਵਾਬ ਨਾ ਔੜਿਆ।

❍●❍●❍●

# ਬਰਫ ਦਾ ਗੀਤ

ਚਰਨ ਸਿੰਘ ਦੀ ਅੱਖ ਫਿਰ ਖੁੱਲ੍ਹ ਗਈ। ਉਸ ਨੇ ਸਿਰ ਚੁੱਕ ਕੇ ਕਲਾਕ ਵਲ ਦੇਖਿਆ। ਹਨ੍ਹੇਰੇ ਵਿਚ ਚਮਕਦੀਆਂ ਸੂਈਆਂ ਦੋ ਵਜਾ ਰਹੀਆਂ ਸਨ। ਉਸ ਨੂੰ ਕਲਾਕ ’ਤੇ ਅਜੀਬ ਜਿਹੀ ਖਿਝ ਆਈ। ਇਸੇ ਦੀ ਵਜ੍ਹਾ ਕਰਕੇ ਉਸ ਦੇ ਮੁੰਡੇ ਨੇ ਉਸ ਦੀ ਲਾਹ-ਪਾਹ ਕੀਤੀ ਸੀ। ਭਾਵੇਂ ਉਹ ਰਾਤ ਨੂੰ ਅਲਾਰਮ ਲਾ ਕੇ ਸੌਂਦਾ ਸੀ ਪਰ ਉਹਨੂੰ ਜਾਗ ਤਾਂ ਪਹਿਲਾਂ ਈ ਆ ਜਾਂਦੀ ਤੇ ਉਹ ਅਲਾਰਮ ਖੜਕਣ ਤੋਂ ਪਹਿਲਾਂ ਹੀ ਬੰਦ ਕਰ ਦਿੰਦਾ। ਪਰ ਸਵੇਰੇ ਪਤਾ ਨਈਂ ਕਿਵੇਂ ਉਸ ਦੀ ਤੜਕੇ ਅੱਖ ਲੱਗ ਗਈ ਤੇ ਕਲਾਕ ਦੀ ਤਿੱਖੀ ਤੇ ਕੰਨ-ਚੀਰਵੀਂ ਆਵਾਜ਼ ਨੇ ਨਾਲ ਦੇ ਕਮਰੇ ਵਿਚ ਸੁੱਤੇ ਕਿਰਾਏਦਾਰ ਗੋਰਾ ਗੋਰੀ ਉਠਾ ਦਿੱਤੇ ਸਨ। ਤੇ ਉਹਨਾਂ ਉੱਠ ਕੇ ਉੱਚੀ ਉੱਚੀ ਗਾਲ੍ਹਾਂ ਕੱਢਣੀਆਂ ਤੇ ਕੰਧਾਂ ਵਿਚ ਠੁੱਡੇ ਮਾਰਨੇ ਸ਼ੁਰੂ ਕਰ ਦਿੱਤੇ ਸਨ।

ਤੇ ਉਹਦੇ ਨਾਲ ਹਮਦਰਦੀ ਕਰਨ ਦੀ ਥਾਂ ਜਸਵੰਤ ਨੇ ਝਿੜਕਿਆ ਸੀ ਪਈ ਉਹਨੂੰ ਗੋਰੇ ਲੋਕਾਂ ਵਿਚ ਰਹਿਣਾ ਨਹੀਂ ਸੀ ਆਉਂਦਾ। ਮਨ ’ਚ ਜਸਵੰਤ ਨੂੰ ਗਾਲ਼ ਕੱਢਦਿਆਂ ਉਹਨੇ ਕਿਹਾ, “ਹੁਣ ਇਹ ਮੈਨੂੰ ਗੋਰੇ ਲੋਕਾਂ ’ਚ ਬੈਠਣਾ ਉੱਠਣਾ ਸਿਖਾਊਗਾ।”

ਫੇਰ ਉਹਨੂੰ ਬੇਸਮਿੰਟ ਵਿਚ ਰਹਿੰਦੀ ਪਹਿਲੀ ਗੋਰੀ ਔਰਤ ਦਾ ਖਿਆਲ ਆਇਆ। ਥੋੜ੍ਹੇ ਜਿਹੇ ਭਾਰੇ ਕੱਦ ਦੀ ਉਹ ਔਰਤ ਚਰਨ ਸਿੰਘ ਨੂੰ ਬੜੀ ਚੰਗੀ ਲਗਦੀ ਸੀ। ਉਹ ਚਰਨ ਸਿੰਘ ਨਾਲ ਕਈ ਵਾਰੀ ਗੱਲਾਂ ਕਰਨ ਦੀ ਕੋਸ਼ਿਸ਼ ਕਰਦੀ ਤੇ ਚਰਨ ਸਿੰਘ ਨੂੰ ਵੀ ਉਸ ਦੇ ਗੋਲ਼ ਗੋਲ਼ ਮੂੰਹ ਉੱਤੇ ਖਿੱਲਰੀ ਮੁਸਕ੍ਰਾਹਟ ਵਿਚ ਹਮਦਰਦੀ ਤੇ ਸਨੇਹ ਦੀ ਭਾਵਨਾ ਦਿਸਦੀ ਤੇ ਉਹਦੇ ਅੰਦਰੋਂ ਉਹਨੂੰ ਬਾਕੀ ਗੋਰਿਆਂ ਕੋਲੋਂ ਆਉਂਦਾ ਡਰ ਚੁੱਕਿਆ ਜਾਂਦਾ ਤੇ ਉਹ ਵੀ ਉਹਦੇ ਨਾਲ ਜਾਣੇ ਪਹਿਚਾਣੇ ਸ਼ਬਦ ਜੋੜ ਜੋੜ ਅੰਗਰੇਜ਼ੀ ਵਿਚ ਗੱਲਾਂ ਕਰਨ ਲਗਦਾ। ਉਸ ਦਾ ਨਾਂ ਜੋਇਸ ਸੀ। ਚਰਨ ਸਿੰਘ ਨੂੰ ਉਸ ਦਾ ਨਾਂ ਲੈਣ ਵਿਚ ਮੁਸ਼ਕਲ ਆਉਂਦੀ ਤੇ ਉਹ ਉਹਨੂੰ “ਜੋਸ” ਕਹਿੰਦਾ। ਪਹਿਲਾਂ ਪਹਿਲਾਂ ਉਹਨੇ ਚਰਨ ਸਿੰਘ ਨੂੰ ਠੀਕ ਤਰ੍ਹਾਂ ਜੋਇਸ ਕਹਿਣਾ ਸਿਖਾਲਣ ਦੀ ਕੋਸ਼ਿਸ਼ ਕੀਤੀ ਪਰ ਫੇਰ ਉਹ ਉਂਝ ਹੀ ਹੱਸ ਛੱਡਦੀ। ਚਰਨ ਸਿੰਘ ਨੂੰ ਵੀ ਉਹਦਾ ਘੁਮਾ ਜਿਹਾ ਪਾ ਕੇ ਆਪਣੇ ਨਾਂ ਨੂੰ “ਸ਼ੈਰਾਨ” ਕਹਿਣਾ ਅਜੀਬ ਜਿਹਾ ਲਗਦਾ ਤੇ ਉਹ ਵੀ ਹਰ ਵਾਰੀ ਅੱਗੋਂ ਹੱਸ ਛੱਡਦਾ। ਜੋਇਸ ਨੇ ਕਈ ਵਾਰੀ ਉਸ ਦੇ ਕਮਰੇ ਦਾ ਬੂਹਾ ਖੜਕਾ ਕੇ ਉਸ ਨੂੰ ਕੌਫੀ ਪੀਣ ਲਈ ਦਿੱਤੀ ਸੀ। ਚਰਨ ਸਿੰਘ ਨੂੰ ਲਗਦਾ ਕਿ ਘਰ

ਵਿਚ ਉਸ ਦੀ ਜੋ ਹਾਲਤ ਸੀ, ਜੋਇਸ ਉਸ ਨੂੰ ਚੰਗੀ ਤਰ੍ਹਾਂ ਸਮਝਦੀ ਸੀ, ਇਸੇ ਕਰਕੇ ਉਹ ਉਸ ਨਾਲ ਏਨੀ ਹਮਦਰਦੀ ਜਤਾਉਂਦੀ ਸੀ। ਜੋਇਸ ਦੀ ਅਠਾਰਾਂ ਉੱਨੀ ਸਾਲ ਦੀ ਕੁੜੀ ਵੀ ਉਸ ਦੇ ਨਾਲ ਰਹਿੰਦੀ ਸੀ, ਉਹ ਵੀ ਚਰਨ ਸਿੰਘ ਨਾਲ ਬੜਾ ਹੱਸ ਕੇ, ਸਲੀਕੇ ਨਾਲ ਬੋਲਦੀ। ਵਿਚਾਰੀ ਜੋਇਸ ਇਕ ਦੋ ਵਾਰ ਕਿਰਾਇਆ ਦੇਣ ਵਿਚ ਲੇਟ ਹੋ ਗਈ ਤਾਂ ਜਸਵੰਤ ਨੇ ਉਸ ਨੂੰ ਬੇਸਮਿੰਟ ਵਿਚੋਂ ਹੀ ਕੱਢ ਦਿੱਤਾ। ਉਂਜ ਜੋਇਸ ਵਾਂਗ ਚਰਨ ਸਿੰਘ ਨੂੰ ਵੀ ਪਤਾ ਸੀ ਕਿ ਅਸਲ ਗੱਲ ਤਾਂ ਇਹ ਸੀ ਕਿ ਜਸਵੰਤ ਬੇਸਮਿੰਟ ਵਧ ਕਿਰਾਏ ’ਤੇ ਚੜ੍ਹਾਉਣੀ ਚਾਹੁੰਦਾ ਸੀ ਤੇ ਉਹ ਇੱਕੋ ਵਾਰੀ ਜੋਇਸ ਦਾ ਕਿਰਾਇਆ ਏਨਾ ਨਹੀਂ ਸੀ ਵਧਾ ਸਕਦਾ।

ਜੇ ਗੱਲ ਚਰਨ ਸਿੰਘ ਦੇ ਵੱਸ ਵਿਚ ਹੁੰਦੀ ਤਾਂ ਉਹਨੇ ਉਸ ਭਲੀ ਔਰਤ ਨੂੰ ਥੋੜ੍ਹੇ ਕਿਰਾਏ ਵਿਚ ਹੀ ਰਹੀ ਜਾਣ ਦੇਣਾ ਸੀ। ਪਰ ਰੋਣਾ ਤਾਂ ਇਹੀ ਆ, ਚਰਨ ਸਿੰਘ ਨੇ ਅੱਧਾ ਕੁ ਪਾਸਾ ਪਲਟਦਿਆਂ ਸੋਚਿਆ, “ਮੁੰਡਾ ਹੁਣ ਮੇਰੀ ਕੋਈ ਗੱਲ ਸੁਣਦਾ ਈ ਨਈਂ। ਉਹਨੂੰ ਵਿਚਾਰੀ ਨੂੰ ਕੱਢ ਕੇ ਇਹ ਵਾੜ ਲਏ ਆ ਨਵੇਂ, ਜਾਦੇ ਕਿਰਾਇਆ ਦੇਣ ਆਲ਼ੇ। ਰਾਤ ਨੂੰ ਦੋ ਤਿੰਨ ਵਜੇ ਤਕ ਸ਼ਰਾਬ ਪੀਂਦੇ ਰਹਿੰਦੇ ਆ, ਤੇ ਉੱਚੀ ਉੱਚੀ ਗਾਣੇ ਲਾਈ ਰੱਖਦੇ ਆ। ਅੱਧਾ ਦਿਨ ਗਏ ਮੰਜੇ ਵਿਚੋਂ ਨਿਕਲਦੇ ਆ। ਤੇ ਜਦ ਅਲਾਰਮ ਨੇ ਉਹਨਾਂ ਨੂੰ ਤੜਕੇ ਜਗਾ ਦਿੱਤਾ ਤਾਂ ਸਾਲ਼ਿਆ ਨੇ ਘਰ ਸਿਰ ’ਤੇ ਚੁੱਕ ਲਿਆ।”

ਏਸੇ ਗੱਲ ਤੋਂ ਡਰਦੇ ਚਰਨ ਸਿੰਘ ਨੇ ਅੱਜ ਅਲਾਰਮ ਨਹੀਂ ਸੀ ਲਾਇਆ ਤੇ ਹੁਣ ਉਸ ਨੂੰ ਡਰ ਸੀ ਕਿ ਉਹ ਕਿਤੇ ਕੰਮ ’ਤੇ ਜਾਣ ਲਈ ਲੇਟ ਹੀ ਨਾ ਹੋ ਜਾਵੇ।

ਰਾਤੀਂ ਉਹ ਨੌਂ ਵਜੇ ਮੰਜੇ ’ਤੇ ਪੈ ਗਿਆ ਸੀ ਪਰ ਬਾਰਾਂ ਤੋਂ ਬਾਅਦ ਨੀਂਦ ਆਈ ਸੀ। ਚੰਗੀ ਕਿਸਮਤ ਨੂੰ ਗੋਰਾ ਗੋਰੀ ਵੀ ਕਿਤੇ ਗਏ ਹੋਏ ਸੀ ਤੇ ਬੇਸਮਿੰਟ ਵਿਚ ਪੂਰੀ ਸ਼ਾਂਤੀ ਸੀ। ਪਰ ਉਸ ਦੇ ਮਨ ਵਿਚ ਟਿਕਾਅ ਨਹੀਂ ਸੀ। ਜਸਵੰਤ ਤੋਂ ਖਾਧੀ ਝਿੜਕ ਨੇ ਉਸ ਦੇ ਅੰਦਰ ਜਿਵੇਂ ਕੁਝ ਤੋੜ ਕੇ ਰੱਖ ਦਿੱਤਾ ਸੀ। ਇਹ ਗੱਲ ਨਹੀਂ ਸੀ ਪਈ ਜਸਵੰਤ ਨੇ ਉਹਨੂੰ ਪਹਿਲਾਂ ਕਦੀ ਘੂਰਿਆ ਨਹੀਂ ਸੀ ਪਰ ਪਤਾ ਨਹੀਂ ਕਿਉਂ ਇਸ ਵਾਰ ਚਰਨ ਸਿੰਘ ਨੂੰ ਕੁਝ ਜ਼ਿਆਦਾ ਹੀ ਦੁੱਖ ਲੱਗਾ ਸੀ। ਤੇ ਉਹ ਖਬਰੇ ਉਸ ਟੁੱਟੇ ਨੂੰ ਜੋੜਨ ਦੀ ਕੋਸ਼ਿਸ਼ ਹੀ ਕਰ ਰਿਹਾ ਸੀ ਕਿ ਉਸ ਦੇ ਦੁਖੀ ਮਨ ਵਿਚ ਸੋਚਾਂ ਦੀ ਇਕ ਅਟੁੱਟ ਲੜੀ ਤੁਰੀ ਜਾਂਦੀ ਸੀ। ਉਸ ਦੀਆਂ ਸੋਚਾਂ ਉਸ ਦੇ ਹਨ੍ਹੇਰੇ ਕਮਰੇ ਦੀਆਂ ਸੱਖਣੀਆਂ ਕੰਧਾਂ ਨਾਲ ਟਕਰਾ ਕੇ ਰਹਿ ਜਾਂਦੀਆਂ ਪਰ ਉਸ ਨੂੰ ਸੌਣ ਨਾ ਦਿੰਦੀਆਂ।

ਹੁਣ ਤਾਂ ਬਲਵੰਤ ਕੌਰ ਵੀ ਕੋਲ ਹੈ ਨਹੀਂ ਸੀ ਜਿਹਦੇ ਨਾਲ ਗੱਲਾਂ ਕਰਕੇ ਉਹ ਦਿਲ ਦੀ ਭੜਾਸ ਕੱਢ ਲੈਂਦਾ। ਬਲਵੰਤ ਕੌਰ ਦੀ ਘਾਟ ਨੂੰ ਉਹ ਅਜਿਹੇ ਮੌਕੇ ਬਹੁਤ ਮਹਿਸੂਸ ਕਰਦਾ। ਉਹਨੂੰ ਲਗਦਾ ਜਿਵੇਂ ਉਹ ਦੁਨੀਆਂ ਵਿਚ ਬਿਲਕੁਲ ਇਕੱਲ੍ਹਾ ਹੋਵੇ ਤੇ ਇਸ ਅਹਿਸਾਸ ਨਾਲ ਉਸ ਨੂੰ ਇਕ ਅਜੀਬ ਜਿਹਾ ਡਰ ਲਗਦਾ ਤੇ ਉਸ ਉੱਪਰ ਘੋਰ ਉਦਾਸੀ ਛਾ ਜਾਂਦੀ। ਉਹਨਾਂ ਦੋਹਾਂ ਨੇ ਜ਼ਿੰਦਗੀ ਦੀ ਹਰ ਔਖਿਆਈ ਇਕ ਦੂਜੇ

ਦੇ ਸਹਾਰੇ ਕੱਢੀ ਸੀ। ਪਰ ਬਲਵੰਤ ਕੌਰ ਨੂੰ ਤਾਂ ਸਾਲ ਤੋਂ ਉੱਤੇ ਹੋ ਗਿਆ ਸੀ ਕੈਲਗਰੀ ਆਪਣੀ ਕੁੜੀ ਕੋਲ ਗਿਆਂ। ਉਹ ਹੁਣ ਉੱਥੇ ਉਸ ਦੇ ਬੱਚਿਆਂ ਦੀ ਦੇਖਭਾਲ ਕਰਦੀ ਸੀ। ਉਹਦੇ ਜਾਣ ’ਤੇ ਚਰਨ ਸਿੰਘ ਨੂੰ ਲੱਗਾ ਸੀ ਕਿ ਜਸਵੰਤ ਹੋਰੀਂ ਉਹਨੂੰ ਭੇਜਣ ਵਿਚ ਮਿੰਟ ਨਹੀਂ ਸੀ ਲਾਇਆ ਕਿਉਂਕਿ ਇਹਨਾਂ ਦੇ ਆਪਣੇ ਨਿਆਣੇ ਤਾਂ ਹੁਣ ਸਿਆਣੇ ਹੋ ਗਏ ਸਨ। ਤੇ ਬਲਵੰਤ ਕੌਰ ਬਾਹਰ ਕੋਈ ਕੰਮ ਵੀ ਨਹੀਂ ਸੀ ਕਰ ਸਕਦੀ। ਘਰ ਵਿਹਲੀ ਬੈਠੀ ਪੁੱਤ ਨੂੰਹ ਨੂੰ ਚੰਗੀ ਲੱਗਣੋਂ ਹਟ ਗਈ ਸੀ। ਉਹਦੇ ਮਨ ’ਚ ਫੇਰ ਹਾਉਕੇ ਦੇ ਨਾਲ ਸਵਾਲ ਉੱਠਿਆ ਕਿ ਇਹ ਸਭ ਕਿਵੇਂ ਵਾਪਰ ਗਿਆ? ਉਹਨਾਂ ਦੇ ਚੰਗੇ ਦਿਨਾਂ ਦੇ ਸੁਪਨਿਆਂ ਨੂੰ ਇਹ ਕਿਹਦੀ ਨਜ਼ਰ ਖਾ ਗਈ? ਦੋ ਧੀਆਂ ਤੋਂ ਬਾਅਦ ਇਕ ਪੁੱਤਰ ਦੇ ਜੰਮਦਿਆਂ ਹੀ ਮਰ ਜਾਣ ਮਗਰੋਂ ਸੌ ਸੁੱਖਾਂ ਸੁੱਖਣ ਉਪਰੰਤ ਜੰਮੇ ਉਸ ਦੇ ਪੁੱਤਰ ਜਸਵੰਤ ਨੂੰ ਪੈਸਿਆਂ ਦਾ ਹੁਣ ਕੋਈ ਘਾਟਾ ਨਹੀਂ ਸੀ। ਪਰ ਉਸ ਦਾ ਪੈਸਿਆਂ ਲਈ ਲਾਲਚ ਦਿਨ ਦਿਨ ਵਧਦਾ ਹੀ ਜਾ ਰਿਹਾ ਸੀ ਤੇ ਚਰਨ ਸਿੰਘ ਉਸ ਵਲ ਦੇਖ ਕੇ ਸੋਚਣ ਲਗਦਾ ਜਿਵੇਂ ਕਿਸੇ ਅਜੀਬ ਸ਼ੈਅ ਨੇ ਉਸ ਉੱਪਰ ਜਾਦੂ ਕਰ ਦਿੱਤਾ ਹੋਵੇ। ਚਰਨ ਸਿੰਘ ਨੇ ਸੌਣ ਦੀ ਕੋਸ਼ਿਸ਼ ਕੀਤੀ। ਪਰ ਸੌਣ ਦੀ ਥਾਂ ਉਹ ਫੇਰ ਸੋਚਾਂ ਤੇ ਯਾਦਾਂ ਦੇ ਡੂੰਘੇ ਖੂਹ ਵਿਚ ਲਹਿੰਦਾ ਜਾ ਰਿਹਾ ਸੀ।

ਉਹਨੂੰ ਆਪਣੇ ਪਿੰਡੋਂ ਬਾਹਰ ਖੇਤਾਂ ’ਚ ਬਣੇ ਘਰ ਦੀ ਯਾਦ ਆਈ ਜਿੱਥੇ ਖੁੱਲ੍ਹੀ ਹਵਾ ਵਿਚ ਦਿਨ ਦੇ ਥੱਕੇ ਨੂੰ ਉਹਨੂੰ ਕਦੀ ਸੌਣ ਵਿਚ ਮੁਸ਼ਕਿਲ ਹੀ ਨਹੀਂ ਸੀ ਆਈ ਤੇ ਜੇ ਕਿਤੇ ਕਿਸੇ ਫਿਕਰ ਕਾਰਨ ਉਹਨੂੰ ਨੀਂਦ ਨਾ ਆਉਂਦੀ ਤਾਂ ਉਹ ਹਨ੍ਹੇਰੀਆਂ ਰਾਤਾਂ ਨੂੰ ਵੀ ਨਿੰਬਲ ਅਸਮਾਨ ’ਤੇ ਚਮਕਦੇ ਤਾਰਿਆਂ ਦੀ ਇਬਾਰਤ ਪੜ੍ਹਦਾ ਪੜ੍ਹਦਾ ਸੌਂ ਜਾਂਦਾ ਹੁੰਦਾ ਸੀ। ਇਸ ਕਮਰੇ ਦੀ ਨੀਵੀਂ, ਛੋਟੀ ਜਿਹੀ ਛੱਤ ਦੇ ਵਿਚਾਲੇ ਤਾਂ ਸਿਰਫ ਇਕ ਨੰਗਾ ਬਲਬ ਲਟਕਦਾ ਸੀ ਜੋ ਮੰਜੇ ’ਤੇ ਉੱਠਣ ਬੈਠਣ ਲੱਗਿਆਂ ਉਸ ਦੇ ਸਿਰ ’ਤੇ ਵੱਜਦਾ। ਤੇ ਜਦੋਂ ਇਕ ਵਾਰੀ ਉਸ ਕੋਲੋਂ ਬਲਬ ਭੱਜ ਗਿਆ ਤਾਂ ਉਹਨੂੰ ਆਪਣੀ ਨੂੰਹ ਦੀ ਬੁੜ ਬੁੜ ਸੁਣਨੀ ਪਈ ਸੀ। ਹੁਣ ਉਹ ਇਸ ਗੱਲੋਂ ਬੜਾ ਸਾਵਧਾਨ ਰਹਿੰਦਾ।

ਉਸ ਦਾ ਦਿਲ ਕੀਤਾ ਕਿ ਉਹ ਉੱਠ ਕੇ ਬੱਤੀ ਜਗਾ ਲਵੇ। ਪਰ ਫੇਰ ਉਹ ਆਪਣੀ ਸੋਚ ’ਤੇ ਪਹਿਲਾਂ ਹੱਸਿਆ ਤੇ ਫੇਰ ਖਿਝਿਆ ਕਿ ਉਹ ਬੱਤੀ ਜਗਾ ਕੇ ਕੀ ਕਰੇਗਾ? ਉਹਨੂੰ ਤਾਂ ਸਗੋਂ ਦੋ ਪਲ ਸੌਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤੜਕੇ ਪੰਜ ਵਜੇ ਤਾਂ ਉਹਨੇ ਕੰਮ ’ਤੇ ਜਾਣ ਲਈ ਉੱਠਣਾ ਹੀ ਸੀ।

ਕੰਮ ਦਾ ਚੇਤਾ ਆਉਂਦਿਆਂ ਹੀ ਉਸ ਨੇ ਸੌਣ ਲਈ ਅੱਖਾਂ ਮੀਟੀਆਂ ਤੇ ਆਪਣੀ ਰਜ਼ਾਈ ਨੂੰ ਪਾਸੀਂ ਘੁੱਟਿਆ। ਪਰ ਠੰਢ ਸੀ ਕਿ ਉਸ ਦੀਆਂ ਹੱਡੀਆਂ ਵਿਚ ਵੜਦੀ ਜਾ ਰਹੀ ਸੀ। ਉਹਨੇ ਮੀਟੀਆਂ ਅੱਖਾਂ ਨਾਲ ਹੀ ਜਿਵੇਂ ਸਾਰੇ ਕਮਰੇ ਦਾ ਜਾਇਜ਼ਾ ਲਿਆ। ਘਰ ਦੀ ਬੇਸਮਿੰਟ ਵਿਚ ਬਣੇ ਇਸ ਕਮਰੇ ਵਿਚ ਨਾ ਕੋਈ ਹੀਟਰ ਸੀ ਤੇ ਨਾ ਹੀ ਹੀਟ ਵਾਲਾ ਝਰਨਾ। ਇਕ ਦਰਵਾਜ਼ੇ ਤੋਂ ਸਿਵਾਏ ਇਸ ਵਿਚ ਇਕ ਡੇਡ੍ਹ ਕੁ ਗਿੱਠ ਚੌੜੀ ਤੇ ਢਾਈ ਕੁ ਗਿੱਠਾਂ ਉੱਚੀ ਤਾਕੀ ਸੀ ਜਿਸਦਾ ਸ਼ੀਸ਼ਾ ਖੁੱਲ੍ਹਣ ਵਾਲਾ ਨਹੀਂ ਸੀ

ਤੇ ਜਿਸ ’ਤੇ ਇਕ ਮੋਟੇ ਕੱਪੜੇ ਦਾ ਮੈਲੇ ਰੰਗ ਦਾ ਪਰਦਾ ਲਾਇਆ ਹੋਇਆ ਸੀ। ਇਸ ਦੀ ਫਰਸ਼ ਵੀ ਸੀਮਿੰਟ ਦੀ ਸੀ ਤੇ ਨਾ ਹੀ ਉਸ ਉੱਪਰ ਕੋਈ ਪਲਾਈਵੁੱਡ ਲਾਈ ਗਈ ਸੀ ਤੇ ਨਾ ਹੀ ਕੋਈ ਕਾਰਪਿੱਟ ਵਿਛਾਈ ਗਈ ਸੀ। ਜਸਵੰਤ ਨੇ ਇਹ ਕਮਰਾ ਘਰ ਵਿਚਲਾ ਵਾਧੂ ਘਾਟੂ ਸਾਮਾਨ ਰੱਖਣ ਲਈ ਬਣਾਇਆ ਸੀ।

ਘਰ ਵਿਚ ਆਪਣੀ ਦੁਰਦਸ਼ਾ ’ਤੇ ਚਰਨ ਸਿੰਘ ਨੂੰ ਅੰਤਾਂ ਦੀ ਖਿਝ ਆਉਂਦੀ ਤੇ ਉਹਨੂੰ ਮਾਇਆ ਦੇ ਚੱਕਰ ਬਾਰੇ ਗੁਰਦਵਾਰੇ ਤੇ ਹੋਰਨਾਂ ਲੋਕਾਂ ਤੋਂ ਸੁਣੀਆਂ ਗੱਲਾਂ ਸੱਚ ਹੀ ਲੱਗਣ ਲਗਦੀਆਂ ਕਿ ਕਿਸ ਤਰ੍ਹਾਂ ਪੈਸੇ ਦਾ ਵਧਿਆ ਲਾਲਚ ਬੰਦੇ ਨੂੰ ਸ਼ੈਤਾਨ ਬਣਾ ਦਿੰਦਾ ਹੈ। ਫੇਰ ਚਰਨ ਸਿੰਘ ਦੇ ਮਨ ਵਿੱਚ ਖਿਆਲ ਆਇਆ ਕਿ ਉਹਨੇ ਪਹਿਲਾਂ ਕਦੀ ਵੀ ਪੈਸੇ ਬਾਰੇ ਜਾਂ ਜਸਵੰਤ ਦੇ ਬਹੁਤੇ ਪੈਸੇ ਮਗਰ ਭੱਜਣ ਬਾਰੇ ਏਦਾਂ ਨਹੀਂ ਸੀ ਸੋਚਿਆ। ਸਗੋਂ ਪਹਿਲਾਂ ਪਹਿਲਾਂ ਤਾਂ ਚਰਨ ਸਿੰਘ ਨੂੰ ਜਸਵੰਤ ਦੀ ਜ਼ਿਆਦਾ ਪੈਸੇ ਬਣਾਉਣ ਦੀ ਤਮ੍ਹਾ ਬੜੀ ਚੰਗੀ ਲਗਦੀ ਸੀ ਕਿਉਂਕਿ ਉਹਨੇ ਖੁਦ ਸਾਰੀ ਉਮਰ ਤੰਗੀ ’ਚ ਕੱਟੀ ਸੀ ਤੇ ਉਹਦੇ ਮਨ ’ਚ ਸੀ ਕਿ ਹੋਰ ਜੋ ਮਰਜ਼ੀ ਹੋਵੇ ਬੰਦੇ ਕੋਲ ਪੈਸੇ ਏਨੇ ਹੋਣ ਕਿ ਉਸ ਨੂੰ ਕਿਸੇ ਲੋੜ ਲਈ ਕਦੀ ਵੀ ਕਿਸੇ ਅੱਗੇ ਹੱਥ ਨਾ ਅੱਡਣੇ ਪੈਣ।

ਏਸੇ ਕਰਕੇ ਜਦੋਂ ਚਰਨ ਸਿੰਘ ਤੇ ਬਲਵੰਤ ਕੌਰ ਦੇਸੋਂ ਆਏ ਸਨ ਤਾਂ ਉਹਨਾਂ ਨੇ ਜਸਵੰਤ ਦੇ ਘਰ ਦੀ ਹਾਲਤ ਦੇਖ ਕੇ ਆਪਣੀ ਵੱਲੋਂ ਪੂਰਾ ਜ਼ੋਰ ਲਾਇਆ ਸੀ ਕਿ ਉਸ ਦੀ ਹਾਲਤ ਸੁਧਰ ਜਾਵੇ। ਦੇਸੋਂ ਆਉਣ ’ਤੇ ਰਿਸ਼ਤੇਦਾਰ ਤੇ ਉਹਨਾਂ ਦੇ ਪੇਂਡੂ ਉਹਨਾਂ ਨੂੰ ਮਿਲਣ ਆਉਂਦੇ ਤਾਂ ਉਹ ਸਾਰੇ ਪੁੱਜ ਕੇ ਜਸਵੰਤ ਦੀ ਸਿਫਤ ਕਰਦੇ। ਸੁਣ ਕੇ ਉਹਨਾਂ ਦੋਨਾਂ ਦਾ ਸਿਰ ਮਾਣ ਵਿਚ ਉੱਚਾ ਹੋ ਜਾਂਦਾ। ਪਰ ਗੱਲਾਂ ਬਾਤਾਂ ਵਿਚ ਉਹ ਚਰਨ ਸਿੰਘ ਤੇ ਬਲਵੰਤ ਕੌਰ ਨੂੰ ਇਹ ਵੀ ਚਤਾਰ ਜਾਂਦੇ ਪਈ ਜਸਵੰਤ ਨੇ ਪਿਛਾਂ ਤਾਂ ਸਵਾਰ ਦਿੱਤਾ ਹੋਊ ਉਹਨੇ ਇੱਥੇ ਕੁਛ ਨਈਂ ਬਣਾਇਆ। ਤੇ ਜਦੋਂ ਉਹ ਦੂਜਿਆਂ ਲੋਕਾਂ ਦੇ ਵੱਡੇ ਵੱਡੇ ਘਰ ਦੇਖਦੇ ਤਾਂ ਉਹਨਾਂ ਨੂੰ ਇਹ ਗੱਲ ਬਿਲਕੁਲ ਠੀਕ ਵੀ ਲਗਦੀ।

ਰਾਤ ਨੂੰ ਸੌਣ ਲੱਗੇ ਉਹ ਦੋਵੇਂ ਵਿਚਾਰਾਂ ਕਰਦੇ। “ਉੱਦਾਂ ਹਜ਼ਾਰਾ ਸੌਂਹ ਦੀ ਗੱਲ ਤਾਂ ਠੀਕ ਆ, ਜਦ ਹੁਣ ਇੱਥੇ ਈ ਰਹਿਣਾ ਆਂ ਤਾਂ ਬੰਦੇ ਕੋਲ ਆਪਣਾ ਘਰ ਤਾਂ ਘੱਟੋ ਘੱਟ ਹੋਣਾ ਈ ਚਾਹੀਦਾ ਆ,” ਚਰਨ ਸਿੰਘ ਨਿੱਕੇ ਜਿਹੇ ਕਮਰੇ ਵਿਚ ਆਪਣੇ ਨਾਲ ਪਏ ਪੋਤੇ ਦੀ ਪਿੱਠ ’ਤੇ ਹੱਥ ਫੇਰਦਾ ਨਾਲ ਦੇ ਮੰਜੇ ’ਤੇ ਪਈ ਬਲਵੰਤ ਕੌਰ ਨੂੰ ਕਹਿੰਦਾ।

ਤੇ ਫੇਰ ਉਹ ਵੀ ਆਪਣੇ ਨਾਲ ਪਈ ਆਪਣੀ ਪੋਤੀ ਨੂੰ ਰਜ਼ਾਈ ਨਾਲ ਢਕਦਿਆਂ ਕਹਿੰਦੀ, “ਚਲੋ ਹੁਣ ਪਿਛਲੀ ਸਾਰੀ ਕਬੀਲਦਾਰੀ ਨਿੱਬੜ ਗਈ ਆ, ਕੁੜੀਆਂ ਵਿਆਹ ਹੋ ਗਈਆਂ। ਛੋਟੀ ਨੇ ਤਾਂ ਹੋਰ ਸਾਲ ਖੰਡ ਤਕ ਏਧਰ ਆ ਈ ਜਾਣਾ ਆਂ, ਏਦਾਂ ਈ ਕਿਤੇ ਰੱਬ ਵੱਡੀ ਦਾ ਬੇੜਾ ਬੰਨੇ ਲਾ ਦੇਊਗਾ। ਹੁਣ ਇਹ ਆਪਣਾ ਘਰ ਬਣਾਵੇ ਜੋ ਮਰਜ਼ੀ ਕਰੇ”।

"ਹੁਣ ਆਪਾਂ ਵੀ ਤਾਂ ਹੈ ਗੇ ਆਂ ਏਥੇ, ਆਪਾਂ ਵੀ ਤਾਂ ਥੋੜ੍ਹਾ ਬਹੁਤਾ ਹੱਥ ਵਟਾਂਵਾਂਗੇ ਈ ਕਿ ਨਈਂ"? ਚਰਨ ਸਿੰਘ ਨੇ ਜਿਵੇਂ ਆਪਣੀ ਹਿੰਮਤ ਨੂੰ ਵੰਗਾਰਿਆ।

"ਹੈ, ਵਟਾਂਵਾਂਗੇ ਕਿਉਂ ਨਾ, ਮੈਂ ਤਾਂ ਕੱਲ੍ਹ ਈ ਜੀਤੀ ਨੂੰ ਕਿਹਾ ਸੀ ਪਈ ਮੱਲ ਨਿਆਣਿਆਂ ਦਾ ਹੁਣ ਮੈਂ ਦੇਖ ਲਿਆ ਕਰੂੰ ਤੂੰ ਕੋਈ ਆਪਦੇ ਲਈ ਕੰਮ ਕੁੰਮ ਟੋਲ ਲੈ। ਉਹ ਹਜ਼ਾਰਾ ਸੌਂਹ ਦੀ ਨੂੰਹ ਵੀ ਤੇ ਢੱਕੀਆਂ ਆਲਿਆਂ ਦੀਆਂ ਦੋਵੇਂ ਵਹੁਟੀਆਂ ਕੰਮ ਕਰਦੀਆਂ"।

"ਕੀ ਕਹਿੰਦੀ ਸੀ ਫੇਰ?" ਚਰਨ ਸਿੰਘ ਨੇ ਉਤਸੁਕਤਾ ਨਾਲ ਪੁੱਛਿਆ।

"ਕਹਿੰਦੀ ਸੀ ਬੀਬੀ ਤੁਸੀਂ ਹੁਣੇ ਦੇਸੋਂ ਆਏ ਆਂ, ਅਜੇ ਦੋ ਚਾਰ ਦਿਨ ਤੁਹਾਡੀ ਸੇਵਾ ਤਾਂ ਕਰ ਲਵਾਂ"।

ਚਰਨ ਸਿੰਘ ਨੂੰ ਸੁਣ ਕੇ ਚੈਨ ਜਿਹਾ ਆ ਗਿਆ ਤੇ ਉਹ ਆਪਣੀ ਖੁਸ਼ੀ ਬਲਵੰਤ ਕੌਰ ਨਾਲ ਸਾਂਝੀ ਕਰਦਿਆਂ ਬੋਲਿਆ, "ਜਸਵੰਤ ਦਾ ਤਾਂ ਪਹਿਲਾਂ ਤੋਂ ਈ ਸੁਭਾਅ ਠੰਢਾ ਸੀ ਤੇ ਵਹੁਟੀ ਦਾ ਸੁਭਾਅ ਤਾਂ ਉਹਤੋਂ ਵੀ ਚੰਗਾ ਆ। ਬਾਹਰਲੀਆਂ ਨੂੰਹਾਂ ਧੀਆਂ ਬਾਰੇ ਬੜੀਆਂ ਅਜੀਬ ਅਜੀਬ ਗੱਲਾਂ ਸੁਣਦੇ ਹੁੰਦੇ ਸੀ ਪਿੰਡ, ਤੇ ਮਨ 'ਚ ਡਰ ਬੜਾ ਸੀ ਪਈ ਖਬਰਿਆ ਕਿਹੋ ਜਿਹੀ ਹੋਊਗੀ"।

"ਆਪਣੇ ਪਿਛਲੇ ਜਨਮ ਦੇ ਚੰਗੇ ਕਰਮ ਕੀਤੇ ਹੋਏ ਸਾਹਮਣੇ ਆਏ ਆ ਇਹ ਤਾਂ", ਬਲਵੰਤ ਕੋਰ ਨੇ ਸੁਖ ਦਾ ਸਾਹ ਭਰਦਿਆਂ ਕਿਹਾ।

ਥੋੜ੍ਹੀ ਦੇਰ ਰੁਕ ਕੇ ਚਰਨ ਸਿੰਘ ਬੋਲਿਆ, "ਤੂੰ ਉਹਨੂੰ ਫੇਰ ਕਹੀਂ ਕੋਈ ਕੰਮ ਕੁੰਮ ਟੋਲੇ, ਮੈਂ ਜਸਵੰਤ ਨੂੰ ਵੀ ਕਹੂੰਗਾ। ਮੈਂ ਤਾਂ ਆਪ ਕਹਿੰਨਾਂ ਮੈਨੂੰ ਵੀ ਕਿਤੇ ਲੁਆ ਦੇਵੇ। ਪਰ ਸਿਆਣੇ ਬੰਦੇ ਲਈ ਦੱਸਦੇ ਆ ਏਥੇ ਕੋਈ ਕੰਮ ਈ ਨਹੀਂ। ਬੱਸ ਫਾਰਮਾਂ 'ਚ ਕੰਮ ਮਿਲਦਾ ਆ ਤਾਂ ਉਹ ਹਜ਼ਾਰਾ ਸੌਂਹ ਦੱਸਦਾ ਸੀ ਪਈ ਅਜੇ ਜਾ ਕੇ ਦੋ ਢਾਈ ਮਹੀਨਿਆਂ ਤਾਈਂ ਚੱਲੂ"।

"ਚਲੋ ਇਹ ਦੋ ਢਾਈ ਮਹੀਨੇ ਵੀ ਲੰਘ ਜਾਣੇ ਆਂ, ਜਦੋਂ ਕੰਮ ਤੁਰੂ ਉਦੋਂ ਸਹੀ", ਬਲਵੰਤ ਕੌਰ ਨੇ ਕੁੜੀ ਨੂੰ ਥਾਪੜਦਿਆਂ ਕਿਹਾ ਜਿਹੜੀ ਸ਼ਾਇਦ ਉਹਨਾਂ ਦੀਆਂ ਗੱਲਾਂ ਸੁਣ ਕੇ ਜਾਗ ਪਈ ਸੀ।

ਪਹਿਲਾਂ ਤਾਂ ਜਸਵੰਤ ਵੀ ਸੁਰਜੀਤ ਦੇ ਬਾਹਰ ਕੰਮ ਕਰਨ ਦੇ ਹੱਕ ਵਿਚ ਨਹੀਂ ਸੀ ਪਰ ਫੇਰ ਉਹਨਾਂ ਦੋਹਾਂ ਦੇ ਕਹਿਣ 'ਤੇ ਉਹ ਵੀ ਮੰਨ ਗਿਆ। ਸੁਰਜੀਤ ਦੀ ਇਕ ਸਹੇਲੀ ਕੱਪੜੇ ਸੀਣ ਦਾ ਕੰਮ ਕਰਦੀ ਸੀ। ਸੁਰਜੀਤ ਨੂੰ ਵੀ ਉਸ ਨੇ ਆਪਣੇ ਨਾਲ ਹੀ ਕੰਮ 'ਤੇ ਲੁਆ ਲਿਆ। ਠੰਢ ਘਟਣ ਲੱਗੀ ਤੇ ਥੋੜ੍ਹੇ ਜਿਹੇ ਦਿਨ ਪੱਧਰੇ ਹੋਏ ਤਾਂ ਫਾਰਮਾਂ ਵਿਚ ਵੀ ਕੰਮ ਚੱਲਣ ਲੱਗ ਪਏ। ਚਰਨ ਸਿੰਘ ਆਪਣੇ ਪੇਂਡੂ ਹਜ਼ਾਰਾ ਸਿੰਘ ਨਾਲ ਕੰਮ 'ਤੇ ਜਾਣ ਲੱਗ ਪਿਆ। ਉਹ ਸਵੇਰੇ ਸਵਖਤੇ ਹੀ ਤਿਆਰ ਹੋ ਕੇ ਠੇਕੇਦਾਰ ਨਾਲ ਉਸ ਦੀ ਵੈਨ ਵਿਚ ਬੈਠ ਜਾਂਦੇ ਤੇ ਕੰਮ 'ਤੇ ਪਹੁੰਚਦਿਆਂ ਨੂੰ ਉਹਨਾਂ ਨੂੰ ਦੋ ਘੰਟੇ

ਲੱਗ ਜਾਂਦੇ। ਤੇ ਸ਼ਾਮ ਨੂੰ ਘਰ ਪਹੁੰਚਦਿਆਂ ਪਹੁੰਚਦਿਆਂ ਹਨ੍ਹੇਰਾ ਹੋ ਜਾਂਦਾ। ਪਰ ਫਾਰਮਾਂ ਵਿਚ ਦਿਨ ਵੇਲੇ ਚਰਨ ਸਿੰਘ ਦਾ ਜੀਅ ਲੱਗਾ ਰਹਿੰਦਾ। ਪਹਿਲਾਂ ਭਾਵੇਂ ਉਹ ਕੱਲ੍ਹੇ ਹਜ਼ਾਰਾ ਸਿੰਘ ਨੂੰ ਜਾਣਦਾ ਸੀ ਪਰ ਬੜੀ ਛੇਤੀਂ ਬਾਕੀਆਂ ਨਾਲ ਵੀ ਉਸ ਦੀ ਨੇੜਤਾ ਹੋ ਗਈ।

ਜਦੋਂ ਉਹ ਘਰ ਆਉਂਦਾ ਤਾਂ ਸਾਰਾ ਟੱਬਰ ਇਕੱਠੇ ਬੈਠ ਕੇ ਰੋਟੀ ਖਾਂਦੇ। ਨਿਆਣੇ ਇਕ ਦੂਜੇ ਮਗਰ ਭੱਜਦੇ, ਲੜਦੇ, ਰੌਲ਼ਾ ਪਾਉਂਦੇ, ਉਹਨਾਂ ਦਾ ਦਿਲ ਪਰਚਾਈ ਰੱਖਦੇ। ਬਲਵੰਤ ਕੌਰ ਉਹਨਾਂ ਨੂੰ ਰੋਕਦੀ ਹਟਾਉਂਦੀ ਨਾਲ ਨਾਲ ਜਸਵੰਤ ਤੇ ਸੁਰਜੀਤ ਨੂੰ ਹਾਸੇ ਨਾਲ ਕਹਿੰਦੀ, "ਏਦਾਂ ਇਹ ਮੇਰੀ ਸਾਰੀ ਦਿਹਾੜੀ ਪਰੇਡ ਕਰਾਉਂਦੇ ਆ, ਮੇਰੀ ਇਕ ਵੀ ਤਾਂ ਨਹੀਂ ਸੁਣਦੇ, ਬਈ ਇਕ ਵੀ ਸੁਣ ਲੈਣ"।

ਚਰਨ ਸਿੰਘ ਉਹਨੂੰ ਛੇੜਦਿਆਂ ਕਹਿੰਦਾ, "ਦੇਖ ਲੈ ਜੇ ਇੱਥੇ ਪਰੇਡ ਨਈਂ ਕਰਨੀ ਤਾਂ ਫੇਰ ਫਾਰਮਾਂ 'ਚ ਚਲੇ ਚਲਿਆ ਕਰ। ਏਥੇ ਤਾਂ ਨਿੱਘੇ ਥਾਂ ਕਾਰਪਟ 'ਤੇ ਈ ਨਿਆਣਿਆਂ ਮਗਰ ਦੌੜਦੀ ਆਂ ਉੱਥੇ ਫਾਰਮਾਂ 'ਚ ਸਟਰਾਬੇਰੀ ਦੀਆਂ ਰੋਲ਼ਾਂ 'ਚ ਘਿਸੜਨਾ ਪੈਂਦਾ ਆ, ਜਿੱਦਾਂ ਨਿਆਣੇ ਢੇਰ 'ਤੇ ਘੀਸੀ ਕਰਦੇ ਹੁੰਦੇ ਆ"।

ਬਲਵੰਤ ਕੌਰ ਅੱਗੋਂ ਹੱਸ ਕੇ ਕਹਿੰਦੀ, "ਨਾ ਬਾਬਾ ਤੂੰ ਹੀ ਕਰੀ ਜਾਇਆ ਕਰ ਘੀਸੀਆਂ ਉੱਥੇ, ਮੈਂ ਨਈਂ ਜਾਂਦੀ ਫੜੇ ਫਾਰਮਾਂ ਨੂੰ। ਨਾਲੇ ਮੇਰਾ ਪੁੱਤ, ਮੇਰੀ ਨੂੰਹ ਕਮਾਉਂਦੇ ਆ, ਤੂੰ ਕਮਾਊ ਆਂ, ਫੇਰ ਮੇਰੀ ਕੀ ਬਾਕੀ ਆ ਹੁਣ"।

ਜਸਵੰਤ ਵੀ ਹਾਸੇ ਵਿਚ ਆਪਣੇ ਪਿਓ ਦਾ ਪੱਖ ਲੈ ਲੈਂਦਾ ਤੇ ਕਹਿੰਦਾ, "ਦੇਖ ਲੈ ਬੀਬੀ ਜੇ ਤੂੰ ਜਾਣਾ ਆਂ ਤਾਂ ਅਸੀਂ ਨਿਆਣਿਆਂ ਦਾ ਤਾਂ ਕੋਈ ਨਾ ਕੋਈ ਪ੍ਰਬੰਧ ਕਰ ਈ ਲਵਾਂਗੇ"।

ਦੋਨਾਂ ਪਿਓ ਪੁੱਤ ਨੂੰ ਬੀਬੀ ਦੇ ਉਲਟ ਹੋਇਆ ਦੇਖ ਸੁਰਜੀਤ ਉਸ ਦਾ ਪੱਖ ਲੈ ਲੈਂਦੀ, "ਤੁਸੀਂ ਆਪਣੀਆਂ ਸਕੀਮਾਂ ਆਪਣੇ ਕੋਲ ਈ ਰੱਖੋ, ਅਸੀਂ ਨਈਂ ਆਪਣੀ ਬੇ ਜੀ ਨੂੰ ਫਾਰਮਾਂ ਨੂੰ ਭੇਜਣਾ"।

ਬਲਵੰਤ ਕੌਰ ਉਹਨਾਂ ਦੀਆਂ ਗੱਲਾਂ ਦਾ ਆਨੰਦ ਮਾਣਦੀ ਆਪਣੇ ਨਿੱਕੇ ਜਿਹੇ ਤੋਤਲੀ ਬੋਲੀ ਬੋਲਦੇ ਪੋਤੇ ਨੂੰ ਕਹਿੰਦੀ, "ਵੇ ਦੀਪਿਆ ਦੇਖ ਲੈ ਤੇਰਾ ਪਿਓ ਮੈਨੂੰ ਫਾਰਮਾਂ ਨੂੰ ਭੇਜਣ ਲੱਗਿਐ, ਜਾਇਆ ਕਰਾਂ ਮੈਂ ਵੀ ਤੇਰੇ ਬਾਬੇ ਨਾਲ, ਤੂੰ ਸਾਂਭ ਲਏਂਗਾ ਨਾ ਕੱਲ੍ਹਾ ਈ ਆਪਣੀ ਭੈਣ ਰਾਣੀ ਨੂੰ?"

ਦੀਪਾ ਨੱਸ ਕੇ ਆ ਕੇ ਆਪਣੀ ਦਾਦੀ ਦੇ ਗਲ ਨੂੰ ਚੁੰਬੜ ਜਾਂਦਾ ਤੇ ਚਾਮਲ੍ਹੀ ਹੋਈ ਆਵਾਜ਼ ਵਿਚ ਉੱਚੀ ਉੱਚੀ ਕਰਦਾ "ਨੋ, ਨੋ, ਤੂੰ ਨਈਂ ਜਾਣਾ"।

ਇਸ 'ਤੇ ਸਾਰੇ ਖਿੜ ਖਿੜਾ ਕੇ ਹੱਸ ਪੈਂਦੇ।

ਉਹਨਾਂ ਹੱਸਦੇ ਚਿਹਰਿਆਂ ਦਾ ਚੇਤਾ ਆਉਣ ’ਤੇ ਚਰਨ ਸਿੰਘ ਦੇ ਚਿਹਰੇ ’ਤੇ ਖ਼ੁਸ਼ੀ ਦੇ ਚਿੰਨ੍ਹ ਉੱਭਰੇ ਪਰ ਫੇਰ ਉਸੇ ਪਲ ਉਸ ਨੇ ਇਕ ਵੱਡਾ ਸਾਰਾ ਹਉਕਾ ਲਿਆ ਤੇ ਪਾਸਾ ਜਿਹਾ ਪਰਤ ਕੇ ਸੌਣ ਦੀ ਕੋਸ਼ਿਸ਼ ਕਰਨ ਲੱਗਾ।

ਪਰ ਨੀਂਦ ਤਾਂ ਜਿਵੇਂ ਅੱਜ ਉਸ ਨਾਲ ਉਸ ਦੀਆਂ ਖ਼ੁਸ਼ੀਆਂ ਵਾਂਗ ਹੀ ਰੁੱਸ ਗਈ ਸੀ। ਉਸ ਦਾ ਉਦਾਸ ਮਨ ਫੇਰ ਯਾਦਾਂ ਦੇ ਦੇਸ ਬੇਵਤਨਿਆਂ ਵਾਂਗ ਘੁੰਮਣ ਲੱਗਾ। ਚਰਨ ਸਿੰਘ ਨੂੰ ਉਸ ਦਿਨ ਦੀ ਯਾਦ ਕਦੀ ਨਹੀਂ ਭੁਲਦੀ ਸੀ ਜਿਸ ਦਿਨ ਉਨ੍ਹਾਂ ਨੇ ਆਪਣਾ ਨਵਾਂ ਘਰ ਲੈ ਕੇ ਉਸ ਵਿਚ ਅਖੰਡਪਾਠ ਕਰਵਾਇਆ ਸੀ। ਉਸ ਖ਼ੁਸ਼ੀ ਦੇ ਮੌਕੇ ’ਤੇ ਉਨ੍ਹਾਂ ਨੇ ਸਾਰੇ ਰਿਸ਼ਤੇਦਾਰ, ਪਿੰਡ ਦੇ ਸਾਰੇ ਟੱਬਰ, ਪਿੰਡ ਦੀਆਂ ਕੁੜੀਆਂ, ਮਿਲਣ-ਗਿਲਣ ਵਾਲੇ ਤੇ ਖਾਸ ਕਰ ਚਰਨ ਸਿੰਘ ਨਾਲ ਫਾਰਮਾਂ ਵਿਚ ਕੰਮ ਕਰਨ ਵਾਲੇ ਉਹਦੇ ਦੋਸਤ ਵੀ ਸੱਦੇ ਸਨ। ਭੋਗ ਪੈਣ ਬਾਅਦ ਸਾਰਿਆਂ ਨੇ ਚਰਨ ਸਿੰਘ ਨੂੰ ਤੇ ਬਲਵੰਤ ਕੌਰ ਨੂੰ ਆਪਣੇ ਪੁੱਤ ਨੂੰਹ ਵੱਲੋਂ ਸੁਖੀ ਹੋਣ ਲਈ ਕਿਸਮਤ ਵਾਲੇ ਆਖਿਆ ਸੀ। ਘਰ ਦੀ ਬੇਸਮਿੰਟ ਅਜੇ ਬਣੀ ਹੋਈ ਨਹੀਂ ਸੀ ਤੇ ਸਾਰਿਆਂ ਨੇ ਜਸਵੰਤ ਨੂੰ ਤੇ ਚਰਨ ਸਿੰਘ ਨੂੰ ਸਲਾਹਾਂ ਦਿੱਤੀਆਂ ਸੀ ਪਈ ਬੇਸਮਿੰਟ ਬਣਾ ਕੇ ਕਿਰਾਏ ’ਤੇ ਚੜ੍ਹਾ ਦੇਵੋ, ਜਿਹਦੇ ਨਾਲ ਉਹਨਾਂ ਦੀ ਬੜੀ ਸੋਹਣੀ ਕਿਸ਼ਤ ਤੁਰੀ ਜਾਣੀ ਸੀ। ਪਰ ਜਸਵੰਤ ਨੇ ਸਾਰਿਆਂ ਨੂੰ ਕਿਹਾ ਸੀ ਕਿ ਉਹ ਅੱਗੇ ਏਨੀ ਦੇਰ ਕਿਰਾਏ ’ਤੇ ਰਹੇ ਆ, ਉੱਨੀ ਕੁ ਘਰ ਦੀ ਕਿਸ਼ਤ ਆ। ਐਵੀਂ ਕਾਹਦੇ ਲਈ ਬੇਸਮਿੰਟ ਕਿਰਾਏ ’ਤੇ ਚੜ੍ਹਾਉਣੀ ਆਂ। ਅਜੇ ਚਰਨ ਸਿੰਘ ਦੇ ਮਨ ਨੂੰ ਉਹਨਾਂ ਦੀਆਂ ਗੱਲਾਂ ਠੀਕ ਲਗਦੀਆਂ ਸੀ ਪਰ ਉਹਨੇ ਵੀ ਬਹੁਤਾ ਜ਼ੋਰ ਨਹੀਂ ਸੀ ਪਾਇਆ।

ਭੋਗ ਵਾਲ਼ੀ ਸ਼ਾਮ ਨੂੰ ਜਸਵੰਤ ਨੇ ਆਪਣੇ ਕੁਝ ਖਾਸ ਦੋਸਤਾਂ ਤੇ ਚਰਨ ਸਿੰਘ ਨੇ ਆਪਣੇ ਦੋ ਤਿੰਨ ਭਾਈਬੰਦਾਂ ਨੂੰ ਸ਼ਰਾਬ ਵੀ ਪਿਲਾਈ ਸੀ। ਚਰਨ ਸਿੰਘ ਨੂੰ ਯਾਦ ਆਈ ਕਿ ਜਦੋਂ ਰਾਤ ਨੂੰ ਉਹ ਬੈਠੇ ਸ਼ਰਾਬ ਪੀ ਰਹੇ ਸਨ ਤਾਂ ਉਸ ਦੇ ਫਾਰਮਾਂ ਦੇ ਦੋਸਤ ਦੀਦਾਰ ਸਿੰਘ ਨੇ ਥੋੜ੍ਹਾ ਜਿਹਾ ਨਸ਼ੇ ’ਚ ਆਉਂਦਿਆਂ ਕਿਹਾ ਸੀ, “ਚਰਨ ਸਿਆਂ ਤੇਰੇ ਜਸਵੰਤ ਵਰਗੇ ਪੁੱਤ ਕਨੇਡੇ ’ਚ ਘਰ ਘਰ ਨਈਂ ਹੈ ਗੇ ਤੈਨੂੰ ਦੱਸਾਂ। ਏਥੇ ਤਾਂ ਪਤਾ ਨਈਂ ਕੀ ਹਵਾ ਨੂੰ ਮਾਰ ਵਗੀ ਹੋਈ ਆ, ਬਸ ਪੈਸੇ ਬਿਨਾਂ ਕੁਝ ਦਿਸਦਾ ਈ ਨਈਂ ਸੌਹਰਿਆਂ ਨੂੰ। ਮੈਂ ਆਹ ਨਾ ਅੱਜ ਪਹਿਲੀ ਵਾਰੀ ਤੇਰੇ ਮੁੰਡੇ ਦੇ ਮੂੰਹੋਂ ਸੁਣਿਆਂ ਪਈ ਬੇਸਮਿੰਟ ਕੀ ਕਿਰਾਏ ’ਤੇ ਚੜ੍ਹਾਉਣੀ ਆਂ। ਵਾਹ ਬਈ ਵਾਹ ਪੁੱਤ ਹੋਵੇ ਤਾਂ ਤੇਰੇ ਜਸਵੰਤ ਵਰਗਾ”। ਦੀਦਾਰ ਸਿੰਘ ਦੀਆਂ ਗੱਲਾਂ ਸੁਣ ਕੇ ਚਰਨ ਸਿੰਘ ਦੀ ਛਾਤੀ ਮਾਣ ਵਿਚ ਫੁੱਲ ਗਈ ਸੀ।

ਤੇ ਆਪਣੀ ਗੱਲ ’ਤੇ ਪੱਕਾ ਰਹਿੰਦਿਆਂ ਜਸਵੰਤ ਨੇ ਸੱਚੀਂ ਬੇਸਮਿੰਟ ਨਹੀਂ ਸੀ ਬਣਾਈ। ਉਹਨੇ ਬੱਸ ਬੇਸਮਿੰਟ ਵਿਚ ਫਾਇਰ ਪਲੇਸ ਵਾਲੇ ਪਾਸੇ ਨਿਆਣਿਆਂ ਦੇ ਖੇਡਣ ਲਈ ਤੇ ਕਿਤੇ ਆਏ ਗਏ ਦੇ ਬੈਠਣ ਲਈ ਛੋਟਾ ਜਿਹਾ ਕਮਰਾ ਬਣਾ ਲਿਆ ਸੀ। ਚਰਨ ਸਿੰਘ ਫਾਰਮਾਂ ’ਚ ਕੰਮ ਕਰਦਾ ਤੇ ਸਿਆਲ ਨੂੰ ਅਨਇੰਪਲੁਆਏਮੈਂਟ

ਲੈਂਦਾ। ਸੁਰਜੀਤ ਸੀਣ ਦਾ ਕੰਮ ਕਰੀ ਜਾਂਦੀ ਸੀ। ਉਹਨਾਂ ਦੇ ਘਰ ਦਾ ਤੋਰਾ ਵਧੀਆ ਤੁਰੀ ਜਾਂਦਾ ਸੀ। ਘਰ ਲੈਣ ਤੋਂ ਦੂਜੇ ਸਾਲ ਹੀ ਜਦੋਂ ਸਿਆਲ ਨੂੰ ਫਾਰਮਾਂ ਦੇ ਕੰਮ ਮੁੱਕੇ ਤਾਂ ਜਸਵੰਤ ਨੇ ਜ਼ੋਰ ਪਾ ਕੇ ਚਰਨ ਸਿੰਘ ਤੇ ਬਲਵੰਤ ਕੌਰ ਨੂੰ ਦੋ ਕੁ ਮਹੀਨਿਆਂ ਲਈ ਦੇਸ ਨੂੰ ਭੇਜ ਦਿੱਤਾ ਸੀ। ਚਰਨ ਸਿੰਘ ਨੂੰ ਯਾਦ ਹੈ ਉਨ੍ਹਾਂ ਲਈ ਦੇਸ ਦਾ ਉਹ ਫੇਰਾ ਕਿੰਨਾ ਖੁਸ਼ੀਆਂ ਭਰਿਆ ਸੀ। ਉਹਨਾਂ ਪਿੰਡ ਜਾ ਕੇ ਵੀ ਪਿੰਡ ਦੀ ਜਗ੍ਹਾ, ਜਿਹਨੂੰ ਬਾਬਾਤਾਣਾ ਕਹਿੰਦੇ ਸਨ, ਉੱਥੇ ਅਖੰਡਪਾਠ ਕਰਵਾਇਆ ਸੀ ਤੇ ਨਾਲੇ ਸ਼ਹੀਦਾਂ ਦੀ ਬਣਦੀ ਜਗ੍ਹਾ ਲਈ ਪੈਸੇ ਦਿੱਤੇ ਸਨ। ਸਾਰੇ ਪਿੰਡ ਵਿਚ ਉਹਨਾਂ ਦੇ ਟੱਬਰ ਦੀ ਚੰਗੀ ਕਿਸਮਤ ਦੀਆਂ ਤੇ ਖਾਸ ਕਰ ਜਸਵੰਤ ਦੀ ਨੇਕੀ ਦੀਆਂ ਗੱਲਾਂ ਹੁੰਦੀਆਂ ਰਹੀਆਂ ਸੀ।

ਚਰਨ ਸਿੰਘ ਨੇ ਫੇਰ ਪਾਸਾ ਬਦਲਿਆ ਤੇ ਰਜ਼ਾਈ ਨੂੰ ਆਪਣੇ ਪਾਸੀਂ ਘੁੱਟਣ ਦੀ ਕੋਸ਼ਿਸ਼ ਕੀਤੀ। ਉਹਨੇ ਇਕ ਵਾਰ ਫੇਰ ਸਿਰਹਾਣੇ ਤੋਂ ਥੋੜ੍ਹਾ ਜਿਹਾ ਸਿਰ ਚੁੱਕ ਕੇ ਕਲਾਕ ਵਲ ਦੇਖਿਆ। ਅਜੇ ਮਸੀਂ ਤਿੰਨ ਈ ਵੱਜੇ ਸੀ। ਉਸ ਨੇ ਅੱਖਾਂ ਬੰਦ ਕਰਨ ਦੀ ਕੋਸ਼ਿਸ਼ ਕੀਤੀ ਪਰ ਬੇਕਾਰ ਸਾਬਤ ਹੋਈ। ਫੇਰ ਜਿਵੇਂ ਉਸ ਨੇ ਆਪਣੇ ਆਪ ਅੱਗੇ ਹਾਰ ਜਿਹੀ ਮੰਨ ਲਈ ਹੋਵੇ। ਆਪਣੀਆਂ ਯਾਦਾਂ ਨੂੰ ਰੋਕਣ ਦੀ ਬਜਾਏ ਉਹ ਖੁਦ ਹੀ ਸਭ ਕੁਝ ਫੋਲਣ ਲੱਗ ਪਿਆ।

ਜਦੋਂ ਉਹ ਤੇ ਬਲਵੰਤ ਕੌਰ ਦੇਸ ਗੇੜਾ ਮਾਰ ਕੇ ਆਏ ਸਨ ਤਾਂ ਉਸ ਤੋਂ ਅਗਲੇ ਕੁਝ ਮਹੀਨਿਆਂ ਵਿਚ ਦੋ ਤਿੰਨ ਅਹਿਮ ਘਟਨਾਵਾਂ ਘਟੀਆਂ ਸਨ ਜਿਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਮੁੜ ਕਦੀ ਪਹਿਲਾਂ ਵਾਲ਼ੀ ਲੀਹ ’ਤੇ ਨਾ ਆਈ। ਪਹਿਲੀ ਗੱਲ ਤਾਂ ਇਹ ਹੋਈ ਸੀ ਕਿ ਸੁਰਜੀਤ ਦੇ ਕੰਮ ’ਤੇ ਕੋਈ ਹੜਤਾਲ ਹੋ ਗਈ ਤੇ ਉਸ ਦਾ ਕੰਮ ਖੜ੍ਹ ਗਿਆ। ਘਰ ਦੀ ਕਿਸ਼ਤ ਤੇ ਹੋਰ ਖਰਚੇ ਚੱਲਣੇ ਮੁਸ਼ਕਿਲ ਹੋ ਗਏ। ਫੇਰ ਸੁਰਜੀਤ ਦੇ ਪੈਰ ਭਾਰੇ ਹੋ ਗਏ ਤੇ ਉਹ ਕੋਈ ਹੋਰ ਕੰਮ ਟੋਲਣੋਂ ਜਾਂਦੀ ਰਹੀ। ਉਹਨਾਂ ਦਿਨਾਂ ਵਿਚ ਮਜਬੂਰ ਹੋ ਕੇ ਜਸਵੰਤ ਨੂੰ ਬੇਸਮਿੰਟ ਬਣਾ ਕੇ ਕਿਰਾਏ ’ਤੇ ਚੜ੍ਹਾਉਣੀ ਪਈ। ਉਸੇ ਸਾਲ ਉਨ੍ਹਾਂ ਉੱਪਰ ਇਕ ਮੁਸੀਬਤ ਹੋਰ ਆ ਪਈ। ਜਸਵੰਤ ਦਾ ਕੰਮ ’ਤੇ ਜਾਂਦੇ ਦਾ ਐਕਸੀਡੈਂਟ ਹੋ ਗਿਆ। ਉਸ ਦੇ ਕਾਫੀ ਸੱਟਾਂ ਲੱਗੀਆਂ ਤੇ ਉਸ ਨੂੰ ਦੋ ਕੁ ਹਫਤੇ ਹਸਪਤਾਲ ਵੀ ਰਹਿਣਾ ਪਿਆ। ਚਰਨ ਸਿੰਘ ਨੂੰ ਯਾਦ ਹੈ ਕਿ ਅਸਲ ਵਿਚ ਇਹ ਐਕਸੀਡੈਂਟ ਹੀ ਸੀ ਜਿਸ ਨੇ ਉਨ੍ਹਾਂ ਦੀਆਂ ਜ਼ਿੰਦਗੀਆਂ ਦਾ ਰੁਖ ਹੋਰ ਈ ਪਾਸੇ ਮੋੜ ਕੇ ਰੱਖ ਦਿੱਤਾ ਸੀ।

ਸੱਟਾਂ ਲੱਗੀਆਂ ਹੋਣ ਕਰਕੇ ਜਸਵੰਤ ਸਿੰਘ ਕਿੰਨੀ ਦੇਰ ਕੰਮ ’ਤੇ ਨਹੀਂ ਸੀ ਗਿਆ। ਚਰਨ ਸਿੰਘ ਨੂੰ ਯਾਦ ਹੈ ਉਸ ਨੇ ਇਕ ਵਾਰੀ ਜਸਵੰਤ ਨੂੰ ਕਿਹਾ ਸੀ, “ਪੁੱਤ ਜਸਵੰਤ ਹੁਣ ਤੇਰੀਆਂ ਸੱਟਾਂ ਸੁੱਟਾਂ ਤਾਂ ਕਦੋਂ ਦੀਆਂ ਠੀਕ ਹੋ ਗਈਆਂ ਲਗਦੀਆਂ ਤੂੰ ਹੁਣ ਕੰਮ ’ਤੇ ਕਿਉਂ ਨਈਂ ਜਾਂਦਾ?”

"ਭਾਈਆ ਘਰ ਬੈਠੇ ਨੂੰ ਪੈਸੇ ਮਿਲੀ ਜਾਂਦੇ ਆ ਕੰਮ 'ਤੇ ਕਾਹਦੇ ਲਈ ਜਾਣਾ ਆਂ?"

"ਫੇਰ ਵੀ ਪੁੱਤ ਬੰਦੇ ਨੂੰ ਜ਼ਿੰਦਗੀ 'ਚ ਵਾਹ ਲਗਦੀ ਨੂੰ ਇਮਾਨਦਾਰੀ ਵਰਤਣੀ ਚਾਹੀਦੀ ਆ, ਜੇ ਤੂੰ ਹੁਣ ਕੰਮ ਕਰ ਸਕਦਾ ਆਂ ਤਾਂ ਤੈਨੂੰ ਜਾਣਾ ਚਾਹੀਦਾ ਆ", ਚਰਨ ਸਿੰਘ ਨੇ ਆਪਣੇ ਦਿਲ ਦੀ ਗੱਲ ਕੀਤੀ ਤੇ ਨਾਲੇ ਉਸ ਨੂੰ ਡਰ ਜਿਹਾ ਲਗਦਾ ਸੀ ਕਿ ਕਿਤੇ ਜਸਵੰਤ ਦਾ ਕੰਮ ਹੀ ਨਾ ਟੁੱਟ ਜਾਵੇ॥

"ਭਾਈਆ ਮੈਂ ਕੋਈ ਹੇਰਾ ਫੇਰੀ ਥੋੜ੍ਹੋ ਕਰ ਰਿਹਾਂ। ਸਾਡਾ ਹੱਕ ਹੈ, ਅਸੀਂ ਸੱਟ ਚੋਟ ਲੱਗੀ 'ਤੇ ਪੈਸੇ ਲੈ ਸਕਦੇ ਆਂ, ਉਹੋ ਈ ਮੈਂ ਲੈ ਰਿਹਾਂ। ਨਾਲੇ ਸਾਰੇ ਏਦਾਂ ਕਰਦੇ ਆ, ਮੈਂ ਕਿਤੇ ਕੱਲ੍ਹਾ ਥੋੜ੍ਹੋ ਆਂ"।

ਚਰਨ ਸਿੰਘ ਨੂੰ ਲੱਗਾ ਸੀ ਕਿ ਜਿਵੇਂ ਉਸ ਨੂੰ ਕਨੇਡੇ ਦੇ ਰਸਮਾਂ ਰਿਵਾਜਾਂ ਦੀ ਸਮਝ ਨਹੀਂ ਸੀ ਆ ਰਹੀ। ਪਰ ਜਸਵੰਤ ਦੀਆਂ ਗੱਲਾਂ ਨਾਲ ਉਹਨੂੰ ਕੁਝ ਹੌਂਸਲਾ ਜਿਹਾ ਹੋ ਗਿਆ ਸੀ। ਫੇਰ ਕੁਝ ਮਹੀਨਿਆਂ ਬਾਦ ਤਾਂ ਚਰਨ ਸਿੰਘ ਤੇ ਬਲਵੰਤ ਕੌਰ ਨੂੰ ਸਗੋਂ ਬਹੁਤ ਹੀ ਫਿਕਰ ਹੋਣ ਲੱਗ ਪਿਆ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਜਸਵੰਤ ਨੂੰ ਜਿਹੜੇ ਪੈਸੇ ਮਿਲਦੇ ਸਨ ਉਹ ਮਿਲਣੋ ਬੰਦ ਹੋ ਗਏ ਸਨ। ਉਹਨਾਂ ਦੋਹਾਂ ਨੇ ਇਕ ਦਿਨ ਮੌਕਾ ਦੇਖ ਕੇ ਫੇਰ ਜਸਵੰਤ ਨੂੰ ਕਿਹਾ ਸੀ ਕਿ ਉਹ ਕੰਮ 'ਤੇ ਜਾਣ ਲੱਗ ਪਵੇ। ਜਸਵੰਤ ਨੇ ਹੌਲ਼ੀ ਹੌਲ਼ੀ ਉਹਨਾਂ ਨੂੰ ਦੱਸਿਆ ਸੀ ਕਿ ਉਸ ਦਾ ਕਾਰਾਂ ਦੀ ਬੀਮਾ ਕੰਪਨੀ ਆਈ. ਸੀ. ਬੀ. ਸੀ. ਨਾਲ ਮੁਕੱਦਮਾ ਚੱਲਦਾ ਸੀ। ਤੇ ਜਿਹੜਾ ਵਕੀਲ ਉਸ ਨੇ ਕੀਤਾ ਸੀ ਉਸ ਦਾ ਕਹਿਣਾ ਸੀ ਕਿ ਉਹ ਇਹ ਕੇਸ ਜ਼ਰੂਰ ਹੀ ਜਿੱਤ ਜਾਵੇਗਾ। ਉਸ ਵਕੀਲ ਨੇ ਅੱਗੇ ਵੀ ਕਈ ਲੋਕਾਂ ਦੇ ਇਹੋ ਜਿਹੇ ਕੇਸ ਜਿੱਤੇ ਸਨ। ਮੁਕੱਦਮੇ ਦਾ ਫੈਸਲਾ ਹੋਣ ਤੋਂ ਪਹਿਲਾਂ ਹੀ ਜਸਵੰਤ ਕੰਮ 'ਤੇ ਜਾਣ ਲੱਗ ਪਿਆ ਸੀ। ਫੇਰ ਕੁਝ ਮਹੀਨਿਆਂ ਬਾਦ ਘਰ ਵਿਚ ਅਚਾਨਕ ਇਕ ਖੁਸ਼ੀ ਜਿਹੀ ਪੱਸਰ ਗਈ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਜਸਵੰਤ ਦੇ ਮੁਕੱਦਮੇ ਦਾ ਫੈਸਲਾ ਉਹਨਾਂ ਦੇ ਹੱਕ ਵਿਚ ਹੋ ਗਿਆ ਸੀ ਤੇ ਬੀਮਾ ਕੰਪਨੀ ਵੱਲੋਂ ਜਸਵੰਤ ਨੂੰ ਵੱਡੀ ਰਕਮ ਮਿਲਣੀ ਸੀ।

ਚਰਨ ਸਿੰਘ ਨੂੰ ਯਾਦ ਹੈ ਕਿ ਉਸ ਦਿਨ ਰਾਤ ਨੂੰ ਸੌਣ ਲੱਗਿਆਂ ਬਲਵੰਤ ਕੌਰ ਨੇ ਦੋਵੇਂ ਹੱਥ ਜੋੜ ਕੇ ਰੱਬ ਦਾ ਸੁਕਰ ਕੀਤਾ ਸੀ। ਤੇ ਉਹਨੇ ਚਰਨ ਸਿੰਘ ਨੂੰ ਦੱਸਿਆ ਸੀ ਕਿ ਜਦੋਂ ਜਸਵੰਤ ਦਾ ਐਕਸੀਡੈਂਟ ਹੋਇਆ ਸੀ ਤਾਂ ਉਸ ਨੇ ਮਨ 'ਚ ਪਿੰਡ ਵਾਲ਼ੀ ਜਗ੍ਹਾ 'ਤੇ ਇਕ ਵਾਰ ਫੇਰ ਅਖੰਡਪਾਠ ਕਰਾਉਣ ਦੀ ਸੁੱਖ ਸੁੱਖੀ ਸੀ। ਅੱਗੋਂ ਚਰਨ ਸਿੰਘ ਨੇ ਵੀ ਖੁਸ਼ ਹੁੰਦਿਆਂ ਕਿਹਾ ਸੀ ਕਿ ਇਸ ਵਾਰ ਉਹ ਸਾਰੇ ਟੱਬਰ ਨੂੰ ਲੈ ਕੇ ਪਿੰਡ ਜਾਣਗੇ। ਪਰ ਉਹਨਾਂ ਦੀ ਇਹ ਆਸ ਕਦੀ ਪੂਰੀ ਨਾ ਹੋਈ। ਇਹ ਯਾਦ ਆਉਂਦਿਆਂ ਹੀ ਚਰਨ ਸਿੰਘ ਨੂੰ ਆਪਣੇ ਪੁੱਤ 'ਤੇ ਲੋਹੜੇ ਦੀ ਖਿਝ ਆਈ। ਫੇਰ ਉਸ ਨੇ ਜਿਵੇਂ ਆਪਣੇ ਆਪ ਨੂੰ ਸਮਝਾਉਣ ਲਈ ਕਿਹਾ, "ਜੋ ਬੰਦੇ ਦੇ ਕਰਮਾਂ 'ਚ ਹੁੰਦਾ ਹੈ, ਉਹ ਹੀ ਭੋਗਣਾ ਹੁੰਦਾ ਹੈ। ਕਰਮਾਂ ਦੀ ਈ ਗੱਲ ਹੋਈ ਕਿ ਹੱਸਦੇ ਖੇਲ੍ਹਦੇ

ਪਰਿਵਾਰ 'ਤੇ ਜਦੋਂ ਲੱਛਮੀ ਦੇਵੀ ਦਿਆਲ ਹੋਈ ਤਾਂ ਖੁਸ਼ੀਆਂ ਸਮੇਟ ਕੇ ਲੈ ਗਈ।" ਕਰਮਾਂ ਨੂੰ ਦੋਸ਼ੀ ਦਰਸਾ ਕੇ ਉਹਨੂੰ ਕੁਝ ਕੁਝ ਸੌਖ ਮਹਿਸੂਸ ਹੋਈ। ਪਰ ਨੀਂਦ ਆਉਣ ਜੋਗੀ ਮਨ ਨੂੰ ਚੈਨ ਨਾ ਆਈ।

ਉਹਨੂੰ ਯਾਦ ਆਇਆ ਕਿ ਜਦੋਂ ਬੀਮਾ ਕੰਪਨੀ ਵੱਲੋਂ ਜਸਵੰਤ ਨੂੰ ਪੈਸੇ ਮਿਲੇ ਸਨ ਤਾਂ ਉਹਨੇ ਆਪਣੇ ਦੋਸਤ ਦੀ ਸਲਾਹ ਨਾਲ ਘਰ ਪਾਉਣ ਲਈ ਇਕ ਲਾਟ ਖਰੀਦ ਲਈ। ਪਰ ਘਰ ਪਾਉਣ ਲਈ ਉਹਨਾਂ ਨੂੰ ਪੈਸੇ ਬੈਂਕ ਤੋਂ ਚੁੱਕਣੇ ਪੈਣੇ ਸਨ। ਚਰਨ ਸਿੰਘ ਨੂੰ ਉਹਦੀ ਇਹ ਗੱਲ ਚੰਗੀ ਨਾ ਲੱਗੀ। ਚਰਨ ਸਿੰਘ ਸਮਝਦਾ ਸੀ ਕਿ ਘਰ ਤਾਂ ਹੁਣ ਉਹਨਾਂ ਕੋਲ ਵਥੇਰਾ ਵਧੀਆ ਹੈ, ਹੋਰ ਕੀ ਕਰਨਾ ਹੈ। ਪਰ ਜਦੋਂ ਜਸਵੰਤ ਨੇ ਚਰਨ ਸਿੰਘ ਨੂੰ ਸਾਰੀ ਸਕੀਮ ਸਮਝਾਈ ਕਿ ਇਸ ਵਿਚ ਘਰ ਪਾ ਕੇ ਵੇਚ ਦਿਆਂਗੇ ਤਾਂ ਚਾਲੀ ਪੰਜਾਹ ਹਜ਼ਾਰ ਦਾ ਫਾਇਦਾ ਹੋਊਗਾ ਤਾਂ ਚਰਨ ਸਿੰਘ ਨੂੰ ਤਾਂ ਸੁਣ ਕੇ ਚਾਅ ਚੜ੍ਹ ਗਿਆ ਸੀ। ਉਹਨੇ ਆਪਣੀ ਵੱਲੋਂ ਜਸਵੰਤ ਨੂੰ ਪੂਰੀ ਹੱਲਾਸ਼ੇਰੀ ਦਿੱਤੀ।

ਜਸਵੰਤ ਨਾਲੇ ਮਿੱਲ ਵਿਚ ਕੰਮ ਕਰਦਾ ਤੇ ਨਾਲੇ ਘਰ ਬਣਾਉਣ ਦਾ ਕੰਮ ਕਰਨ ਲੱਗ ਪਿਆ। ਉਹਨੇ ਚਰਨ ਸਿੰਘ ਨੂੰ ਦੱਸਿਆ ਸੀ ਕਿ ਘਰ ਬਣਾਉਣ ਦਾ ਕੰਮ ਤਾਂ ਕੁਛ ਵੀ ਨਹੀਂ ਸੀ। ਉਹਦੀ ਮਿੱਲ ਵਿਚ ਕੰਮ ਕਰਦੇ ਦੋ ਤਿੰਨ ਜਣੇ ਇਹ ਕੰਮ ਕਰਦੇ ਸਨ ਤੇ ਸਾਲ ਵਿਚ ਇੱਕ ਦੋ ਘਰ ਬਣਾ ਕੇ ਵੇਚ ਦਿੰਦੇ ਸਨ। ਨਾਲੇ ਆਪ ਤਾਂ ਕੁਛ ਕਰਨਾ ਈ ਨਹੀਂ ਸੀ ਪੈਣਾਂ, ਸਿਰਫ ਠੇਕੇਦਾਰਾਂ ਨੂੰ ਠੇਕੇ ਦੇਣੇ ਸਨ। ਕਿਸੇ ਨੂੰ ਘਰ ਦੀ ਚਾਰ ਦਿਵਾਰੀ ਖੜ੍ਹੀ ਕਰਨ ਦਾ, ਕਿਸੇ ਨੂੰ ਛੱਤ ਪਾਉਣ ਦਾ, ਕਿਸੇ ਨੂੰ ਬਾਹਰ ਸਟੱਕੋਂ ਕਰਨ ਦਾ, ਕਿਸੇ ਨੂੰ ਬਿਜਲੀ ਲਾਉਣ ਦਾ ਤੇ ਕਿਸੇ ਨੂੰ ਪਲੰਬਿੰਗ ਦਾ। ਚਰਨ ਸਿੰਘ ਨੂੰ ਵੀ ਗੱਲਾਂ ਬੜੀਆਂ ਵਧੀਆ ਲੱਗੀਆਂ। ਉਹ ਰਾਤ ਨੂੰ ਬਲਵੰਤ ਕੌਰ ਨੂੰ ਸਾਰੀਆਂ ਗੱਲਾਂ ਏਦਾਂ ਦੱਸਦਾ ਤੇ ਸਮਝਾਉਂਦਾ ਜਿੱਦਾਂ ਉਹਨੂੰ ਦੱਸ ਕੇ ਉਹ ਪੱਕ ਕਰਨਾ ਚਾਹੁੰਦਾ ਹੋਵੇ ਪਈ ਉਹਨੂੰ ਆਪ ਸਾਰੀ ਗੱਲ ਦੀ ਸਮਝ ਆ ਗਈ ਹੈ ਕਿ ਨਹੀਂ।

ਜਸਵੰਤ ਨੇ ਘਰ ਪਾਉਣਾ ਸੁਰੂ ਕਰ ਲਿਆ। ਘਰ ਦੀ ਪਲੈਨ ਬਣਵਾਉਣ, ਸਿਟੀ ਤੋਂ ਪਾਸ ਕਰਵਾਉਣ ਦੇ ਕੰਮ ਤੋਂ ਲੈ ਕੇ ਠੇਕੇਦਾਰਾਂ ਨਾਲ ਗੱਲਬਾਤ ਕਰਨ ਦੇ ਚੱਕਰ ਵਿਚ ਪਏ ਜਸਵੰਤ ਨੂੰ ਤਾਂ ਕੰਮ ਤੋਂ ਆ ਕੇ ਸਿਰ ਖੁਰਕਣ ਦੀ ਵਿਹਲ ਨਾ ਮਿਲਦੀ। ਨਾ ਕਦੀ ਉਹਦੇ ਕੋਲ ਨਿਆਣਿਆਂ ਨਾਲ ਗੱਲ ਕਰਨ ਦਾ ਸਮਾਂ ਹੁੰਦਾ ਸੀ ਤੇ ਨਾ ਹੀ ਕਿਸੇ ਹੋਰ ਨਾਲ। ਜਿਹਨਾਂ ਦਿਨਾਂ ਵਿਚ ਉਹਦੀ ਕੰਮ ਤੇ ਰਾਤ ਦੀ ਸ਼ਿਫਟ ਹੁੰਦੀ ਉਹ ਮਸੀਂ ਦੋ ਚਾਰ ਘੰਟੇ ਹੀ ਸੌਂਦਾ ਤੇ ਫੇਰ ਉੱਠ ਕੇ ਚੱਲ ਸੋ ਚੱਲ। ਕਦੀ ਕਿਸੇ ਨੂੰ ਫੋਨ ਕਰ, ਕਦੀ ਕਿਸੇ ਠੇਕੇਦਾਰ ਨਾਲ ਖਹਿਬੜ, ਕਦੀ ਕਿਸੇ ਨਾਲ। ਠੇਕੇਦਾਰ ਵੀ ਬਹੁਤੇ ਆਪਣੇ ਹੀ ਬੰਦੇ ਸਨ ਤੇ ਉਹ ਕੰਮ ਦਾ ਲਾਰਾ ਲਾ ਦਿੰਦੇ ਤੇ ਮੌਕੇ ਸਿਰ ਕਰਦੇ ਕਦੀ ਨਾ। ਜਸਵੰਤ ਸਿੰਘ ਕਦੀ ਇਕ ਪਾਸੇ ਨੂੰ ਨੱਠਦਾ ਕਦੀ ਦੂਜੇ ਨੂੰ।

ਜਿੰਨੇ ਮਹੀਨੇ ਘਰ ਦਾ ਕੰਮ ਚਲਦਾ ਰਿਹਾ ਚਰਨ ਸਿੰਘ ਦਾ ਵੀ ਸਾਰਾ ਵਕਤ ਘਰ ਦੇ ਚੱਕਰਾਂ ਵਿਚ ਹੀ ਲਗਦਾ। ਜਸਵੰਤ ਕਦੀ ਉਹਨੂੰ ਇੱਧਰੋਂ ਮਿੱਟੀ ਪੁੱਟ ਕੇ ਉੱਧਰ

ਸੁੱਟਣ ਲਾ ਦੇਂਦਾ ਤੇ ਕਦੀ ਕੋਈ ਲੱਕੜਾਂ ਇਕ ਪਾਸੇ ਚੁੱਕ ਕੇ ਦੂਜੇ ਪਾਸੇ ਰੱਖਣ ਲਾ ਦੇਂਦਾ ਤੇ ਕਦੀ ਕੁਝ ਕਰਨ। ਨਹੀਂ ਤਾਂ ਉਹਨੂੰ ਕਹਿ ਦੇਂਦਾ ਪਈ ਜਿੰਨਾ ਚਿਰ ਆਹ ਠੇਕੇਦਾਰ ਦੇ ਬੰਦੇ ਫਲਾਣਾ ਕੰਮ ਕਰਦੇ ਆ, ਇਹਨਾਂ ਦਾ ਖਿਆਲ ਰੱਖੀਂ।

ਚਰਨ ਸਿੰਘ ਨੂੰ ਬੜੀ ਖਿਝ ਆਉਂਦੀ। ਉਸ ਨੇ ਸਾਰੀ ਉਮਰ ਕੰਮ ਤਾਂ ਡਟ ਕੇ ਕੀਤਾ ਸੀ ਪਰ ਉਹਨੇ ਬੜੀ ਟਿਕ ਕੇ ਜ਼ਿੰਦਗੀ ਗੁਜ਼ਾਰੀ ਸੀ। ਕਈ ਵਾਰ ਉਹ ਥੱਕਿਆ ਤੇ ਖਿਝਿਆ ਜਿਹਾ ਬਲਵੰਤ ਕੌਰ ਕੋਲ ਸ਼ਿਕਾਇਤ ਲਾਉਂਦਾ, "ਇਹ ਵੀ ਕੀ ਜੂਨ ਹੋਈ ਬਈ ਸਾਰੀ ਦਿਹਾੜੀ ਬੰਦਾ ਸੂਲੀ 'ਤੇ ਈ ਚੜ੍ਹਿਆ ਰਹੇ। ਜਿੱਦਣ ਦਾ ਆਹ ਘਰ ਦਾ ਕੰਮ ਸ਼ੁਰੂ ਕੀਤਾ ਆ ਮੁੰਡਾ ਇਕ ਪਲ ਨਾ ਤਾਂ ਆਪ ਰਮਾਨ ਨਾਲ ਘਰ ਬੈਠਾ ਆ ਤੇ ਨਾ ਕਿਸੇ ਹੋਰ ਨੂੰ ਬੈਠਣ ਦਿੱਤਾ"।

ਬਲਵੰਤ ਕੌਰ ਦਾ ਵੀ ਇਹੋ ਜਿਹਾ ਹੀ ਵਿਚਾਰ ਸੀ, "ਪੈਸੇ ਤਾਂ ਮੰਨਿਆ ਬਣ ਜਾਣਗੇ ਪਰ ਮੁੰਡੇ ਦਾ ਤਾਂ ਸੁਭਾਅ ਈ ਬੜਾ ਖਰ੍ਹਵਾ ਜਿਹਾ ਹੋਈ ਜਾਂਦਾ ਆ, ਜਦੋਂ ਵੀ ਬੋਲਦਾ ਖਿਝ ਕੇ ਬੋਲਦਾ ਆ। ਮੈਂ ਕੱਲ੍ਹ ਕਹਿ ਬੈਠੀ ਪਈ ਛੋਟੀ ਕੁੜੀ ਨੂੰ ਬੁਖਾਰ ਜਿਹਾ ਹੋਇਆ ਲਗਦਾ ਆ, ਤੂੰ ਇਹਨੂੰ ਡਾਕਟਰ ਦੇ ਈ ਦਿਖਾਲ ਲਿਆ ਕਿਸੇ ਵੇਲੇ, ਤਾਂ ਅੱਗਿਓਂ ਨੱਠ ਕੇ ਪਿਆ, ਅਖੇ ਮੇਰੇ ਕੋਲ ਤਾਂ ਮਰਨ ਦੀ ਵਿਹਲ ਨਈਂ, ਕੁੜੀ ਨੂੰ ਮੈਂ ਡਾਕਟਰ ਦੇ ਕਦੋਂ ਲੈ ਜਾਊਂਗਾ? ਅਖੇ ਜੇ ਨਾ ਠੀਕ ਹੋਈ ਤਾਂ ਕੱਲ੍ਹ ਨੂੰ ਜੀਤੀ ਨੂੰ ਕਹਿ ਦੇਈਂ ਤਕਾਲਾਂ ਨੂੰ ਕੰਮ ਤੋਂ ਬਾਅਦ ਲੈ ਜਾਵੇ"।

"ਇਕ ਵਾਰੀ ਇਹ ਕਰ ਲਿਆ, ਮੁੜ ਕੇ ਉਹਨੂੰ ਕਹਿਣਾ ਆਂ ਏਸ ਕੰਮ ਵਿਚ ਨਾ ਪਵੇ। ਬੜਾ ਸੁਹਣਾ ਮਿੱਲ 'ਚ ਉਹਦਾ ਕੰਮ ਲੱਗਾ ਆ, ਸਰੀ ਜਾਊਗਾ, ਨਾਲੇ ਬੰਦਾ ਥੋੜ੍ਹੀ ਖਾ ਲਵੇ ਜ਼ਰੂਰੀ ਥੋੜ੍ਹੋ ਆ ਪਈ ਸਾਰੇ ਕੰਮਾਂ ਵਿਚ ਦੂਜੇ ਲੋਕਾਂ ਦੀ ਰੀਸ ਈ ਕਰਨੀ ਆਂ"।

ਘਰ ਦਾ ਕੰਮ ਖਤਮ ਹੋਏ 'ਤੇ ਸਾਰੇ ਟੱਬਰ ਨੇ ਸੁਖ ਦਾ ਸਾਹ ਲਿਆ। ਘਰ ਵਿਚ ਅਜੇ ਕਾਰਪਿੱਟ ਪਾਉਣ ਵਾਲ਼ੀ ਤੇ ਹੋਰ ਵੀ ਨਿੱਕੇ ਮੋਟੇ ਕੰਮ ਖਤਮ ਹੋਣ ਵਾਲੇ ਰਹਿੰਦੇ ਸਨ ਕਿ ਇਕ ਪੰਜਾਬੀ ਰੀਅਲ ਅਸਟੇਟ ਏਜੰਟ ਨੇ ਚੀਨਿਆਂ ਨਾਲ ਘਰ ਦਾ ਸੌਦਾ ਕਰਾ ਦਿੱਤਾ। ਜਸਵੰਤ ਬਹੁਤ ਖੁਸ਼ ਸੀ। ਉਹ ਕਹਿ ਰਿਹਾ ਸੀ ਕਿ ਉਹਨਾਂ ਦੀ ਕਿਸਮਤ ਬਹੁਤ ਵਧੀਆ ਨਿਕਲੀ ਸੀ। ਘਰਾਂ ਦੀਆਂ ਕੀਮਤਾਂ ਚੜ੍ਹ ਰਹੀਆਂ ਸਨ। ਘਰ ਵਿਚੋਂ ਉਹਨਾਂ ਨੂੰ ਸੱਚਮੁੱਚ ਹੀ ਪੰਜਾਹ ਹਜ਼ਾਰ ਡਾਲਰ ਬਚ ਗਿਆ ਸੀ।

ਏਨੀ ਵੱਡੀ ਰਕਮ ਦਾ ਨਫਾ ਸੁਣ ਕੇ ਤਾਂ ਚਰਨ ਸਿੰਘ ਤੇ ਬਲਵੰਤ ਕੌਰ ਵੀ ਬਹੁਤ ਖੁਸ਼ ਹੋਏ। ਚਰਨ ਸਿੰਘ ਨੂੰ ਪਿਛਲੇ ਮਹੀਨਿਆਂ ਦੀ ਖਿਝ ਤੇ ਥਕਾਵਟ ਦਾ ਜਿਵੇਂ ਚਿੱਤ ਚੇਤਾ ਈ ਭੁੱਲ ਗਿਆ ਸੀ। ਉਹ ਦੋਵੇਂ ਜਣੇ ਮਨ 'ਚ ਸਕੀਮਾਂ ਲਾਉਣ ਲੱਗੇ ਪਈ ਹੁਣ ਉਹ ਸਾਰਾ ਟੱਬਰ ਦੇਸ ਇਕ ਗੇੜਾ ਮਾਰ ਆਉਣ। ਪਰ ਉਹਨਾਂ ਨੂੰ ਪਤਾ ਈ

ਉਦੋਂ ਲੱਗਾ ਜਦੋਂ ਜਸਵੰਤ ਨੇ ਦੋ ਹੋਰ ਨਵੀਂਆਂ ਲਾਟਾਂ ਖਰੀਦ ਲਈਆਂ ਤੇ ਦੋ ਘਰ ਪਾਉਣ ਦੀ ਸਕੀਮ ਬਣਾ ਲਈ।

ਚਰਨ ਸਿੰਘ ਨੇ ਉਹਨੂੰ ਰੋਕਣ ਦੀ ਕੋਸ਼ਿਸ਼ ਕੀਤੀ, "ਦੇਖ ਕਾਕਾ ਇਹ ਕੰਮ ਮੈਨੂੰ ਤਾਂ ਏਨਾ ਸੁਖਾਲਾ ਨਹੀਂ ਲਗਦਾ। ਸਾਰੀ ਦਿਹਾੜੀ ਭੱਜ ਨੱਠ, ਫੇਰ ਤੂੰ ਕੰਮ 'ਤੇ ਵੀ ਜਾਣਾ ਹੁੰਦਾ ਆ। ਨਿਆਣੇ ਵਾਧੂ ਦੇ ਰੁਲਦੇ ਆ। ਤੇਰੇ ਕੋਲ ਤਾਂ ਕਦੀ ਟੈਮ ਨਹੀਂ ਹੁੰਦਾ ਉਹਨਾਂ ਨਾਲ ਗੱਲ ਕਰਨ ਦਾ ਵੀ"।

"ਪਰ ਭਾਈਆ ਪਹਿਲੀ ਵਾਰੀ ਹੋਣ ਕਰਕੇ ਆਪਾਂ ਨੂੰ ਜ਼ਿਆਦਾ ਮੁਸ਼ਕਿਲ ਆਈ ਆ, ਹੁਣ ਦੇਖੀਂ ਤੂੰ ਫਟਾਫਟ ਆਪਣੇ ਆਪ ਕੰਮ ਹੁੰਦਾ"।

ਜਸਵੰਤ ਦੀ ਗੱਲ ਤੇ ਗੱਲ ਕਰਨ ਦੇ ਅੰਦਾਜ਼ ਤੋਂ ਚਰਨ ਸਿੰਘ ਨੂੰ ਲੱਗਾ ਕਿ ਹੁਣ ਉਸ ਨੂੰ ਇਸ ਕੰਮ ਤੋਂ ਹਟਾਉਣਾ ਮੁਸ਼ਕਿਲ ਹੈ। ਪਰ ਫੇਰ ਵੀ ਉਸ ਨੇ ਇਕ ਵਾਰੀ ਹੋਰ ਕੋਸ਼ਿਸ਼ ਕੀਤੀ, "ਪੁੱਤ ਟੱਬਰ ਵਲ ਧਿਆਨ ਦੇਣਾ ਵੀ ਤਾਂ ਜ਼ਰੂਰੀ ਹੈ ਕਿ ਨਹੀਂ, ਕੀ ਪੈਸਾ ਈ ਸਭ ਕੁਛ ਹੁੰਦਾ ਆ"।

ਜਸਵੰਤ ਚਰਨ ਸਿੰਘ ਦੀ ਗੱਲ ਤੋਂ ਖਿਝ ਗਿਆ ਸੀ ਤੇ ਕਹਿਣ ਲੱਗਾ, "ਭਾਈਆ ਤੂੰ ਐਵੀਂ ਆਪਣੀਆਂ ਮਾਰੀ ਜਾਨਾਂ ਆਂ, ਟੱਬਰ ਕਿੱਥੇ ਨੂੰ ਦੌੜਿਆ ਜਾਂਦਾ ਆ। ਹੁਣ ਮੌਕਾ ਵਧੀਆ ਆ ਜੇ ਇਹ ਦੋ ਘਰ ਵੀ ਛੇਤੀਂ ਦੇਣੀ ਬਣਾ ਕੇ ਵੇਚ ਦੇਈਏ ਤਾਂ ਸਾਰੀ ਉਮਰ ਮੌਜ ਕਰਾਂਗੇ"।

ਚਰਨ ਸਿੰਘ ਨੂੰ ਜਸਵੰਤ ਦਾ ਰਵੱਈਆ ਚੰਗਾ ਨਹੀਂ ਸੀ ਲੱਗਾ ਤੇ ਉਹਨੇ ਰਾਤ ਨੂੰ ਬਲਵੰਤ ਕੌਰ ਨੂੰ ਕਿਹਾ ਸੀ, "ਮੈ ਤਾਂ ਸੋਚਦਾ ਸੀ ਹੁਣ ਚਾਰ ਪੈਸੇ ਹੱਥ 'ਚ ਹੈ ਗੇ ਆ ਆਪਾਂ ਸਾਰਾ ਟੱਬਰ ਦੇਸ ਗੇੜਾ ਮਾਰ ਆਉਨੇ ਆਂ। ਨਾਲੇ ਮੇਰੇ ਦਿਲ 'ਚ ਸੀ ਪਈ ਆਪਣੇ ਬਾਹਰਲੇ ਖੂਹ ਨਾਲ ਲਗਦੇ ਦੋ ਖੱਤੇ ਭਗਤੂ ਅਮਲੀ ਕੋਲੋਂ ਲੈ ਲੈਂਦੇ, ਉਹਨੇ ਤਾਂ ਹੋਰ ਸਾਲ ਖੰਡ ਤਾਈਂ ਕਿਸੇ ਨਾ ਕਿਸੇ ਨੂੰ ਦੇ ਈ ਦੇਣੇ ਆਂ। ਖਬਰੇ ਹਜ਼ਾਰਾ ਸੌਂਹ ਹੋਣੀ ਈ ਹੱਥ ਮਾਰ ਜਾਣ। ਏਥੇ ਤਾਂ ਠੀਕ ਆ ਪਿੱਛੇ ਦਾ ਹੁਣ ਕਿਤੇ ਆਪਾਂ ਚੇਤਾ ਈ ਥੋੜ੍ਹੋ ਭੁਲਾ ਦੇਣਾ ਆਂ"।

ਜ਼ਮੀਨ ਲੈਣ ਵਾਲ਼ੀ ਗੱਲ ਬਲਵੰਤ ਕੌਰ ਨੂੰ ਬਹੁਤੀ ਜਚੀ ਨਹੀਂ ਸੀ ਲਗਦੀ। ਉਹਨੇ ਆਪਣੀ ਵੱਲੋਂ ਇਕ ਤਰ੍ਹਾਂ ਫੈਸਲਾ ਜਸਵੰਤ ਦੇ ਹੱਕ ਵਿਚ ਕਰ ਦਿੱਤਾ ਸੀ, "ਜੇ ਮੁੰਡਾ ਟੁੱਟ ਟੁੱਟ ਕੇ ਮਰਦਾ ਆ ਤਾਂ ਘਰ ਲਈ ਕਰਦਾ ਆ ਕਿਸੇ ਹੋਰ ਲਈ ਥੋੜ੍ਹੋ ਲੱਗਾ ਆ ਆਪਣੀ ਜਾਨ ਮਾਰਨ। ਨਾਲੇ ਪਿੱਛੇ ਜ਼ਮੀਨ ਨੂੰ ਹੁਣ ਤੂੰ ਕੀ ਕਰੇਂਗਾ। ਕਿਹਨੇ ਸਾਂਭਣੀ ਆਂ ਹੁਣ? ਭਾਈ ਤੂੰ ਬਾਹਲੀ ਟੋਕਾ ਟਾਕੀ ਨਾ ਕਰਿਆ ਕਰ ਮੁੰਡੇ ਨੂੰ। ਕੀ ਮਾੜਾ ਆ ਜੇ ਚਾਰ ਪੈਸੇ ਹੱਥ ਵਿਚ ਹੋਣਗੇ?"

ਬਲਵੰਤ ਕੌਰ ਦੀ ਗੱਲ ਸੁਣ ਕੇ ਚਰਨ ਸਿੰਘ ਕੁਝ ਬੋਲਿਆ ਨਹੀਂ। ਉਹਦਾ ਦਿਲ ਤਾਂ ਕਰਦਾ ਸੀ ਪਈ ਘੱਟੋ ਘੱਟ ਬਲਵੰਤ ਕੌਰ ਤਾਂ ਮੁੰਡੇ ਦਾ ਪੱਖ ਨਾ ਲਵੇ। ਪਰ ਫੇਰ

ਉਹ ਆਪਣੇ ਸੁਭਾਅ ਮੁਤਾਬਕ ਚੁੱਪ ਕਰ ਗਿਆ ਸੀ। ਉਂਝ ਘਰਾਂ ਦੇ ਕੰਮ “ਚੋਂ ਏਨਾ ਫਾਇਦਾ ਹੋਣ ਦੀ ਗੱਲ ਉਹਨੂੰ ਵੀ ਬਹੁਤ ਵਧੀਆ ਲਗਦੀ ਸੀ।

ਚਰਨ ਸਿੰਘ ਨੇ ਜਸਵੰਤ ਨੂੰ ਟੋਕਣੋਂ ਛੱਡ ਦਿੱਤਾ। ਜਸਵੰਤ ਨੇ ਉਹ ਦੋ ਘਰ ਬਣਾਏ ਤੇ ਵੇਚ ਲਏ। ਉਸ ਵਿਚੋਂ ਵੀ ਉਸ ਨੂੰ ਵਾਹਵਾ ਪੈਸੇ ਬਣੇ। ਤੇ ਫੇਰ ਉਹ ਪੈਸੇ ਉਸ ਨੇ ਹੋਰ ਲਾਟਾਂ ’ਤੇ ਲਾਏ ਤੇ ਹੋਰ ਘਰ ਬਣਾਏ। ਪਰ ਫੇਰ ਇਕ ਵਾਰੀ ਉਹਦੇ ਬਣਾਏ ਹੋਏ ਤਿੰਨ ਘਰ ਵਿਕਣ ਵਿਚ ਹੀ ਨਾ ਆਉਣ। ਘਰ ਵੀ ਕਾਫੀ ਵੱਡੇ ਵੱਡੇ ਸਨ ਤੇ ਜਸਵੰਤ ਨੇ ਜਿੰਨੇ ਕੋਲ ਪੈਸੇ ਸੀ, ਉਹ ਹੀ ਨਹੀਂ, ਉਹਨਾਂ ’ਤੇ ਬੈਂਕ ਕੋਲੋਂ ਵੀ ਕਾਫੀ ਕਰਜ਼ਾ ਚੱਕ ਕੇ ਲਾਇਆ ਹੋਇਆ ਸੀ। ਹਾਰ ਕੇ ਖਿਝ ਕੇ ਉਸ ਨੇ ਦੋ ਘਰ ਸਸਤੇ ਹੀ ਵੇਚ ਦਿੱਤੇ ਤੇ ਤੀਜੇ ਵਿਚ ਆਪ ਰਹਿਣ ਲੱਗ ਪਏ। ਪਰ ਫੇਰ ਵੀ ਉਸ ਕੋਲ ਏਨੇ ਕੁ ਪੈਸੇ ਸਨ ਕਿ ਉਹਨੇ ਤਿੰਨ ਲਾਟਾਂ ਹੋਰ ਲੈ ਲਈਆਂ ਅਤੇ ਉਹਨਾਂ ਵਿਚੋਂ ਇਕ ਵਿਚ ਘਰ ਪਾਉਣ ਲੱਗ ਪਿਆ।

ਚਰਨ ਸਿੰਘ ਨੂੰ ਹੁਣ ਯਾਦ ਕਰਕੇ ਦੁੱਖ ਜਿਹਾ ਮਹਿਸੂਸ ਹੋ ਰਿਹਾ ਹੈ ਕਿ ਕਿਸ ਤਰ੍ਹਾਂ ਉਹਨਾਂ ਦੇ ਘਰ ਦਾ ਰੁਖ ਹੀ ਬਦਲ ਗਿਆ ਸੀ। ਤੇ ਘਰ ਬਣਾ ਕੇ ਵੇਚਣ ਦੇ ਲਗਾਤਾਰ ਚੱਲ ਰਹੇ ਇਸ ਸਿਲਸਲੇ ਅੱਗੇ ਚਰਨ ਸਿੰਘ ਆਪਣੇ ਆਪ ਨੂੰ ਬੇਬੱਸ ਮਹਿਸੂਸ ਕਰਦਾ। ਉਹਨੂੰ ਲਗਦਾ ਜਿਵੇਂ ਉਹ ਤੇਜ਼ ਚਲਦੇ ਪਾਣੀ ’ਤੇ ਤਰ ਰਿਹਾ ਪੱਤਾ ਹੋਵੇ। ਘਰ ’ਚ ਉਹਦੀ ਉਹ ਪਹਿਲਾਂ ਵਾਲ਼ੀ ਥਾਂ ਨਹੀਂ ਸੀ ਰਹੀ। ਜਸਵੰਤ ਹੁਣ ਉਸ ਦੀ ਸਲਾਹ ਵੀ ਨਹੀਂ ਸੀ ਪੁੱਛਦਾ। ਸਗੋਂ ਚਰਨ ਸਿੰਘ ਤੇ ਬਲਵੰਤ ਕੌਰ ਨੂੰ ਲਗਦਾ ਕਿ ਜਸਵੰਤ ਹੁਣ ਸਭ ਕੁਝ ਸੁਰਜੀਤ ਦੀ ਸਲਾਹ ਨਾਲ ਹੀ ਕਰਦਾ ਸੀ। ਇਸ ਨਾਲ ਉਹਨਾਂ ਦੋਹਾਂ ਦੇ ਮਨਾਂ ਵਿਚ ਸੁਰਜੀਤ ਪ੍ਰਤੀ ਪਹਿਲਾਂ ਵਾਲਾ ਪਿਆਰ ਨਫਰਤ ਵਿਚ ਵਟਣ ਲੱਗ ਪਿਆ। ਜੁਆਨ ਹੋ ਰਹੇ ਨਿਆਣੇ ਵੀ ਆਪ-ਮੁਹਾਰੇ ਹੋ ਰਹੇ ਸਨ। ਪਰ ਜਸਵੰਤ ਦਾ ਇਹਨਾਂ ਗੱਲਾਂ ਵਲ ਜਿਵੇਂ ਕੋਈ ਧਿਆਨ ਹੀ ਨਹੀਂ ਸੀ। ਘਰਾਂ ’ਤੇ ਕੰਮ ਕਰਨ ਵਾਲੇ ਬੰਦਿਆਂ ਨੂੰ ਖੁਸ਼ ਰੱਖਣ ਲਈ ਉਹ ਰੋਜ਼ ਰਾਤ ਨੂੰ ਸ਼ਰਾਬ ਪੀਂਦਾ। ਚਰਨ ਸਿੰਘ ਨੂੰ ਉਸ ਵਿਚੋਂ ਕੋਈ ਵੀ ਪਹਿਲਾਂ ਵਾਲ਼ੀ ਗੱਲ ਨਾ ਲੱਭਦੀ। ਘਰ ਵੇਚ ਕੇ ਪੈਸੇ ਬਣ ਜਾਂਦੇ, ਉਸ ਤੋਂ ਵਧ ਬਣਾਉਣ ਦੇ ਲਾਲਚ ਵਿਚ ਹੋਰ ਲਾਟਾਂ ਲੈ ਲੈਂਦਾ ਹੈ। ਹੁਣ ਉਸ ਕੋਲ ਤਿੰਨ ਚਾਰ ਲਾਟਾਂ ਹਨ ਤੇ ਤਿੰਨ ਪੁਰਾਣੇ ਘਰ ਲੈ ਕੇ ਕਿਰਾਏ ’ਤੇ ਵੀ ਦਿੱਤੇ ਹੋਏ ਹਨ। ਹੁਣ ਇੱਕ ਦੋ ਘਰ ਉਸ ਦੇ ਹਮੇਸ਼ਾਂ ਪੈ ਰਹੇ ਹੁੰਦੇ ਹਨ। ਉਸ ਨੂੰ ਉਮੀਦ ਹੈ ਕਿ ਜਿੱਥੇ ਉਸ ਦੀਆਂ ਤਿੰਨ ਲਾਟਾਂ ਹਨ ਉੱਥੇ ਅਪਾਰਟਮੈਂਟ ਬਣਨ ਦਾ ਕਾਨੂੰਨ ਪਾਸ ਹੋ ਜਾਵੇਗਾ। ਏਸ ਆਸ ਵਿਚ ਉਸ ਨੇ ਮਿਉਂਸਪੈਲਟੀ ਦੀ ਇਲੈਕਸ਼ਨ ਵਿਚ ਜਿੱਤਣ ਵਾਲ਼ੀ ਪਾਰਟੀ ਦੀ ਵਾਹਵਾ ਮਦਦ ਵੀ ਕੀਤੀ ਸੀ। ਜਸਵੰਤ ਦੇ ਵਧਦੇ ਕੰਮ ਬਾਰੇ ਜਦ ਕਦੀ ਉਹ ਦੂਜੇ ਲੋਕਾਂ ਕੋਲੋਂ ਸੁਣਦਾ ਤਾਂ ਉਹਨੂੰ ਖੁਸ਼ੀ ਵੀ ਬਹੁਤ ਹੁੰਦੀ। ਪਰ ਜਦ ਉਹ ਆਪਣੀ ਹਾਲਤ ਵਲ ਦੇਖਦਾ ਤਾਂ ਫੇਰ ਉਸ ਦਾ ਮਨ ਜਸਵੰਤ ਲਈ ਨਫਰਤ ਨਾਲ ਭਰ ਜਾਂਦਾ।

ਤੇ ਚਰਨ ਸਿੰਘ ਨੇ ਪਏ ਪਏ ਨੇ ਕਮਰੇ ਦੇ ਵਿਚ ਨਿਗ੍ਹਾ ਦੁੜਾਈ ਤੇ ਸੋਚਿਆ ਕਿ ਉਹਨਾਂ ਦੇ ਬਣਾਏ ਏਨੇ ਘਰਾਂ ਵਿਚੋਂ ਉਸ ਦੇ ਪੱਲੇ ਇਹ ਕਮਰਾ ਹੀ ਆਇਆ ਸੀ। ਇਸ ਸੋਚ ਨਾਲ ਉਸ ਦੇ ਅੰਦਰੋਂ ਆਪ-ਮੁਹਾਰੇ ਜਸਵੰਤ ਲਈ ਗਾਲ਼ ਨਿਕਲੀ। ਉਸ ਦਾ ਖਿਆਲ ਸੀ ਕਿ ਜਸਵੰਤ ਨੂੰ ਘਰਾਂ ਤੇ ਪੈਸੇ ਬਿਨਾਂ ਕੋਈ ਤੀਜੀ ਗੱਲ ਸੁੱਝਦੀ ਹੀ ਨਹੀਂ ਸੀ। ਚਰਨ ਸਿੰਘ ਨੂੰ ਸਭ ਤੋਂ ਵਧ ਜਸਵੰਤ ’ਤੇ ਖਿਝ ਉਸ ਵੇਲੇ ਆਈ ਸੀ ਜਦੋਂ ਬਲਵੰਤ ਕੌਰ ਦੇ ਵਾਰ ਵਾਰ ਕਹਿਣ ’ਤੇ ਵੀ ਉਹ ਦੇਸ ਨੂੰ ਜਾਣ ਨੂੰ ਨਹੀਂ ਸੀ ਮੰਨਿਆਂ। ਕਹਿੰਦਾ ਉੱਥੇ ਅੱਜ ਕੱਲ੍ਹ ਸੌ ਕਿਸਮ ਦੇ ਖਤਰੇ ਆ ਕਾਹਦੇ ਲਈ ਐਵੇਂ ਵਾਧੂ ਪੰਗੇ ’ਚ ਪੈਣਾ ਆਂ। ਬਲਵੰਤ ਕੌਰ ਨੇ ਵਾਸਤਾ ਪਾਇਆ ਸੀ, “ਪੁੱਤ ਮੈਂ ਤਾਂ ਜਦੋਂ ਤੇਰੇ ਸੱਟ ਲੱਗੀ ਸੀ, ਉਦੋਂ ਦੀ ਬਾਬੇ ਤਾਣੇ ਖੰਡ ਪਾਠ ਕਰਾਉਣ ਦੀ ਸੁੱਖ ਸੁੱਖੀ ਹੋਈ ਸੀ”।

“ਚੱਲ ਬੀਬੀ ਏਦਾਂ ਕਰਦੇ ਆਂ ਆਪਾਂ ਏਥੇ ਗੁਰਦਵਾਰੇ ਖੰਡ ਪਾਠ ਕਰਾ ਦਿੰਦੇ ਆਂ ਤੇ ਦੇਸ ਨੂੰ ਥੋੜ੍ਹੇ ਜਿਹੇ ਪੈਸੇ ਭੇਜ ਦਿਆਂਗੇ। ਤੇ ਫੇਰ ਜਦੋਂ ਪੰਜਾਬ ’ਚ ਰੌਲ਼ਾ-ਗੌਲ਼ਾ ਘਟ ਗਿਆ ਆਪਾਂ ਜਾ ਆਵਾਂਗੇ”।

ਜਸਵੰਤ ਦੀ ਪਿੰਡ ਨੂੰ ਜਾਣ ਵਾਲ਼ੀ ਗੱਲ ਦਾ ਬਲਵੰਤ ਕੌਰ ਨੂੰ ਕੋਈ ਯਕੀਨ ਨਹੀਂ ਸੀ ਪਰ ਉਹ ਉਸ ਦੀ ਅਖੰਡ-ਪਾਠ ਵਾਲ਼ੀ ਗੱਲ ਨਾਲ ਰਾਜ਼ੀ ਹੋ ਗਈ ਸੀ। ਤੇ ਜਸਵੰਤ ਨੇ ਅਖੰਡ-ਪਾਠ ਕਰਵਾ ਦਿੱਤਾ ਸੀ। ਤੇ ਫੇਰ ਚਰਨ ਸਿੰਘ ਇਹ ਦੇਖ ਕੇ ਹੈਰਾਨ ਹੋਇਆ ਸੀ ਕਿ ਹੁਣ ਉਹ ਹਰ ਸਾਲ ਈ ਅਖੰਡ-ਪਾਠ ਕਰਾਉਣ ਲੱਗ ਪਿਆ। ਇਸ ਬਹਾਨੇ ਸੱਦ ਕੇ ਠੇਕੇਦਾਰਾਂ ਨੂੰ ਸ਼ਰਾਬ ਪਿਲਾ ਦਿੰਦਾ ਹੈ। ਨਾਲੇ ਬਲਵੰਤ ਕੌਰ ਨੂੰ ਵੀ ਖੁਸ਼ ਕਰ ਰੱਖਦਾ ਹੈ। ਅਖੰਡ-ਪਾਠ ਕਰਾਉਂਦੇ ਰਹਿਣ ਕਰਕੇ ਹੁਣ ਉਹਦੀ ਗੁਰਦਵਾਰੇ ਵੀ ਕਾਫੀ ਪੁੱਛ-ਗਿੱਛ ਹੈ। ਪਰ ਜਦੋਂ ਦਾ ਚਰਨ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਸੀ ਕਿ ਉਹ ਜਿਹੜੇ ਪੈਸੇ ਅਖੰਡ-ਪਾਠ ’ਤੇ ਖਰਚਦਾ ਸੀ ਉਹਦੇ ਵਿਚੋਂ ਬਹੁਤੇ ਤਾਂ ਗੁਰਦਵਾਰੇ ਵਾਲਿਆਂ ਨਾਲ ਗੰਢ-ਤੁੱਪ ਕਰਕੇ ਕਿਸੇ ਨਾ ਕਿਸੇ ਤਰੀਕੇ ਨਾਲ ਇਨਕਮ ਟੈਕਸ ਵਿਚ ਭਰ ਦਿੰਦਾ ਸੀ, ਤਾਂ ਉਸ ਨੂੰ ਲੱਗਾ ਸੀ ਜਿੱਦਾਂ ਜਸਵੰਤ ਹੁਣ ਰੱਬ ਨਾਲ ਵੀ ਹੇਰਾ-ਫੇਰੀ ਕਰਨ ਲੱਗ ਪਿਆ ਸੀ। ਪਰ ਨਾਲ ਹੀ ਉਹਨੂੰ ਲਗਦਾ ਜਿਵੇਂ ਜਸਵੰਤ ਨੂੰ ਤਾਂ ਇਹ ਸਭ ਕੁਝ ਬੜਾ ਰਾਸ ਆ ਰਿਹਾ ਸੀ ਤੇ ਉਹ ਬੜਾ ਖੁਸ਼ ਸੀ।

ਚਰਨ ਸਿੰਘ ਨੂੰ ਯਾਦ ਆਇਆ ਕਿ ਬਲਵੰਤ ਕੌਰ ਨੇ ਨਿਆਣਿਆਂ ਨੂੰ ਨਾਲ ਲੈ ਕੇ ਪਿੰਡ ਨਾ ਜਾ ਸਕਣ ਵਾਲ਼ੀ ਗੱਲ ਨੂੰ ਬਹੁਤ ਮਨ ’ਤੇ ਲਾਇਆ ਸੀ। ਜਦੋਂ ਡੇਢ੍ਹ ਕੁ ਸਾਲ ਪਹਿਲਾਂ ਉਹ ਕੈਲਗਰੀ ਨੂੰ ਗਈ ਸੀ ਤਾਂ ਜਾਣ ਤੋਂ ਪਹਿਲੀ ਰਾਤ ਉਹਨੇ ਅੱਖਾਂ ਭਰ ਕੇ ਕਿਹਾ ਸੀ, “ਬੜਾ ਈ ਦਿਲ ’ਚ ਚਾਅ ਸੀ ਪਈ ਦੀਪੇ ਨੂੰ, ਰਾਣੀ ਨੂੰ ਤੇ ਛੋਟੀ ਦੇਬੀ ਨੂੰ ਲੈ ਕੇ ਪਿੰਡ ਜਾਵਾਂਗੇ। ਸੌ ਚਾਅ-ਮਲ੍ਹਾਰ ਕਰਾਂਗੇ”।

“ਕਿਸ਼ਮਤ ਕੀ ਕੀ ਰੰਗ ਦਿਖਾਉਂਦੀ ਆ ਬੰਦੇ ਨੂੰ। ਉੱਪਰਲੇ ਦੀ ਨਿਗ੍ਹਾ ਬਿਨਾਂ ਕਾਹਨੂੰ ਕਿਸੇ ਨੂੰ ਖੁਸ਼ੀ ਨਸੀਬ ਹੁੰਦੀ ਆ। ਹੁਣ ਪੈਸੇ ਦਾ ਤਾਂ ਇਹਨੂੰ ਕੋਈ ਘਾਟਾ ਨਈਂ ਪਰ ਸਹੁਰੇ ਦੀ ਰੂਹ ਤਾਂ ਜਿਵੇਂ ਰਹੀ ਨਹੀਂ”। ਚਰਨ ਸਿੰਘ ਨੂੰ ਵੀ ਨਾ ਜਾਣ ਦਾ ਡਾਢਾ ਦੁੱਖ ਸੀ।

“ਟੱਬਰ ਦਾ ਵੀ ਕੀ ਬਚਿਆ ਆ ਹੁਣ”, ਬਲਵੰਤ ਕੌਰ ਨੇ ਵੱਡਾ ਸਾਰਾ ਹਉਕਾ ਭਰਿਆ।

“ਜਿੰਨਾ ਗੁੜ ਪਾਓ ਉੱਨਾਂ ਈ ਮਿੱਠਾ ਹੋਣਾ ਆ ਬਲਵੰਤ ਕੌਰੇ। ਹੁਣ ਆਪਣੇ ਈ ਘਰ ਦੀ ਬਿਗਾਨਿਆਂ ਕੋਲ ਕੀ ਮਿੱਟੀ ਪੱਟੀਏ? ਮੁੰਡ ਨੇ ਜਦੋਂ ਦੀ ਕਾਰ ਲਈ ਆ ਘਰੋਂ ਬਾਹਰ ਈ ਰਹਿੰਦਾ ਆ। ਪਤਾ ਨਈਂ ਕਿਸ ਕਿਸਮ ਦੀ ਮੜੀਰ ਨਾਲ ਘੁੰਮਦਾ ਖਾਂਦਾ ਆ। ਸ਼ਰਮ ਨਾਲ ਮਰ ਜਾਣ ਨੂੰ ਜੀਅ ਕਰਦਾ ਆ। ਜਿੱਦਣ ਸਹੁਰੇ ਨੂੰ ਸੁੱਤੇ ਪਏ ਨੂੰ ਘਰੋਂ ਪੁਲਸ ਆਲਾ ਉਠਾਲ ਕੇ ਕੜੀ ਲਾ ਕੇ ਲੈ ਗਿਆ, ਸਾਲ਼ਾ ਕੰਧ ’ਚ ਸਿਰ ਮਾਰ ਕੇ ਮਰ ਜਾਣ ਨੂੰ ਜੀਅ ਕਰੇ। ਜਰ ਹੁੰਦੀ ਆ ਇਹੋ ਜਿਹੀ ਗੱਲ। ਇਹਨਾਂ ਵਲ ਦੇਖ ਲਓ, ਕੋਈ ਫਰਕ ਈ ਨਈਂ, ਬਈ ਜਿੱਦਾਂ ਕੁਛ ਹੋਇਆ ਈ ਨਈਂ ਹੁੰਦਾ। ਏਡੀ ਵੱਡੀ ਗੱਲ ਹੋ ਗਈ ਆ। ਮੁੰਡੇ ਨੇ ਚੋਰੀ ਕੀਤੀ ਆ, ਫੇਰ ਫੜਿਆ ਗਿਆ। ਸਹੁਰਿਓ ਕੁਛ ਨਮੋਸ਼ੀ ਮੰਨੋ, ਕੁਛ ਸ਼ਰਮ ਮੰਨੋ ਪਈ ਗਾਹਾਂ ਨੂੰ ਇਹੋ ਜਿਹੀ ਕਰਤੂਤ ਨਾ ਕਰੇ”।

“ਅੱਛਾ ਮ੍ਹਾਰਾਜ ਜੋ ਕਰਦਾ ਆ ਸੋਚ ਸਮਝ ਕੇ ਈ ਕਰਦਾ ਆ। ਕੋਈ ਸਾਡੇ ਕੋਲੋਂ ਈ ਕਿਤੇ ਭੁੱਲ ਹੋ ਗਈ ਹੋਊਗੀ”। ਬਲਵੰਤ ਕੌਰ ਨੇ ਆਪਣੀਆਂ ਗਿੱਲੀਆਂ ਅੱਖਾਂ ਨੂੰ ਪੂੰਝਦਦਿਆਂ ਕਿਹਾ ਸੀ।

“ਕਿੰਨਾ ਕੁ ਚਿਰ ਰੱਖਣਗੇ ਤੈਨੂੰ ਕੈਲਗਰੀ ਵਾਲੇ?” ਚਰਨ ਸਿੰਘ ਨੇ ਪੁੱਛਿਆ ਸੀ।

“ਕੀ ਪਤਾ ਹੁਣ, ਨਿੱਕੇ ਨਿੱਕੇ ਨਿਆਣੇ ਆ ਉਹਨਾਂ ਦੇ। ਨਾਲੇ ਉਹਨਾਂ ਨਾਲੋਂ ਤਾਂ ਜਾਦੇ ਗੱਲ ਇਹਨਾਂ ਦੇ ਵੱਸ ’ਚ ਆ। ਜਦੋਂ ਮੁੜ ਕੇ ਲਿਆਉਣਗੇ ਉਦੋਂ ਈ ਆਊਂਗੀ। ਹੁਣ ਕੈਲਗਰੀ ਬਰਾਮ ਤਾਂ ਹੈ ਨਈਂ ਪਈ ਤਾਂਗਾ ਫੜ ਕੇ ਪਿੰਡ ਨੂੰ ਆ ਜਾਊਂਗੀ”। ਬਲਵੰਤ ਕੌਰ ਨੇ ਖਿਝ ਜਿਹੀ ਨਾਲ ਕਿਹਾ ਸੀ।

ਚਰਨ ਸਿੰਘ ਨੇ ਇਕ ਵਾਰ ਮੁੜ ਕੇ ਬਲਵੰਤ ਕੌਰ ਵਲ ਦੇਖਿਆ ਸੀ ਤੇ ਫੇਰ ਹੈਰਾਨ ਜਿਹਾ ਹੁੰਦਿਆਂ ਸੋਚਿਆ ਸੀ ਕਿ ਉਹ ਵੀ ਕਿੰਨੀ ਬਦਲ ਗਈ ਸੀ। ਉਹਨੂੰ ਲੱਗਾ ਜਿੱਦਾਂ ਕੁਛ ਵੀ ਪਹਿਲਾਂ ਵਰਗਾ ਨਹੀਂ ਸੀ ਰਿਹਾ। ਉਹ ਖੁਦ ਵੀ ਪਹਿਲਾਂ ਵਾਲਾ ਨਹੀਂ ਸੀ ਰਿਹਾ। ਉਹਨੂੰ ਯਾਦ ਹੈ ਕਿ ਔਖੇ ਦਿਨਾਂ ਵਿਚ ਵੀ ਉਹਦੇ ਮਨ ਵਿਚ ਇਕ ਸ਼ਾਂਤੀ ਜਿਹੀ ਇਕ ਠਰ੍ਹੰਮਾ ਹੁੰਦਾ ਸੀ। ਹੁਣ ਉਹ ਵੀ ਕਿਹੜਾ ਜਸਵੰਤ ਨਾਲੋਂ ਘੱਟ ਟੁੱਟ ਟੁੱਟ ਕੇ ਮਰਦਾ ਸੀ। ਉਸ ਨੂੰ ਇਸ ਗੱਲ ਦੀ ਵੀ ਸਮਝ ਜਿਹੀ ਨਹੀਂ ਸੀ ਲਗਦੀ ਕਿ ਉਹ ਕਿਹਦੇ ਲਈ ਪੈਸੇ ਕਮਾ ਰਿਹਾ ਸੀ? ਪਰ ਰੱਬ ਦੀ ਅਜਿਹੀ ਕਰਨੀ

ਸੀ ਕਿ ਉਸ ਤੋਂ ਕੰਮ ਕੀਤੇ ਬਿਨਾਂ ਰਹਿ ਹੀ ਨਹੀਂ ਸੀ ਹੁੰਦਾ। ਇੱਕ ਪਲ ਉਸ ਨੂੰ ਆਪਣੇ ਆਪ 'ਤੇ ਬੜੀ ਖਿਝ ਆਈ ਤੇ ਫੇਰ ਉਹਨੇ ਆਪਣੇ ਆਪ ਨੂੰ ਏਸ ਸੋਚ ਤੋਂ ਪਰੇ ਖਿੱਚ ਲਿਆ।

ਉਹ ਫੇਰ ਬਲਵੰਤ ਕੌਰ ਬਾਰੇ ਸੋਚਣ ਲੱਗ ਪਿਆ। ਉਹਦਾ ਕਦੀ ਕਦੀ ਦਿਲ ਬੜਾ ਕਾਹਲਾ ਪੈਂਦਾ ਜਾਪਦਾ ਤੇ ਚਾਹੁੰਦਾ ਕਿ ਬਲਵੰਤ ਕੌਰ ਉਸੇ ਪਲ ਉਹਦੇ ਨਾਲ ਦੇ ਮੰਜੇ 'ਤੇ ਪਈ ਹੋਵੇ। ਚਰਨ ਸਿੰਘ ਨੇ ਅੰਦਾਜ਼ਾ ਲਾਇਆ ਪਈ ਬਲਵੰਤ ਕੌਰ ਨੂੰ ਗਈ ਨੂੰ ਅਜੇ ਤਿੰਨ ਕੁ ਮਹੀਨੇ ਹੀ ਹੋਏ ਸੀ ਜਦੋਂ ਸੁਰਜੀਤ ਦੇ ਭੈਣ ਤੇ ਭਣੋਈਆ ਨਿਆਣਿਆਂ ਨੂੰ ਲੈ ਕੇ ਟਰਾਂਟੋ ਤੋਂ ਏਥੇ ਆਏ ਸੀ। ਕਹਿੰਦੇ ਸੀ, "ਉੱਥੇ ਕੰਮਾਂ ਕਾਰਾਂ ਦਾ ਬੜਾ ਮੰਦਾ ਸੀ"।

ਉਹਨਾਂ ਦੇ ਆਉਣ 'ਤੇ ਚਰਨ ਸਿੰਘ ਦਾ ਮੰਜਾ ਉਹਨਾਂ ਨੇ ਬੇਸਮਿੰਟ ਦੇ ਏਸ ਕਮਰੇ ਵਿਚ ਰੱਖ ਦਿੱਤਾ।

ਕਮਰੇ ਵਿਚ ਮੰਜਾ ਰੱਖਦਿਆਂ ਜਸਵੰਤ ਨੇ ਕਿਹਾ ਸੀ, "ਦੋ ਕੁ ਮਹੀਨਿਆਂ ਤਾਈਂ ਬੇਸਮਿੰਟ ਗੋਰਿਆਂ ਤੋਂ ਵਿਹਲੀ ਕਰਾ ਲਾਂਗੇ ਤੇ ਇਨ੍ਹਾਂ ਨੂੰ ਬੇਸਮਿੰਟ ਵਿਚ ਮੂਵ ਕਰ ਦਿਆਂਗੇ ਤੇ ਫੇਰ ਤੂੰ ਮੁੜ ਕੇ ਉੱਤੇ ਆਪਣੇ ਕਮਰੇ ਵਿਚ ਆ ਜਾਈਂ"।

"ਲੈ ਅੱਜ ਹੁੰਦੇ ਆ ਦੋ ਮਹੀਨੇ।" ਚਰਨ ਸਿੰਘ ਨੇ ਖਿਝਦਿਆਂ ਸੋਚਿਆ।

"ਵਾਹ ਉਏ ਕਰਮਾਂ ਦਿਆ ਵਲੀਆ ਰਿੱਧੀ ਖੀਰ ਤੇ ਬਣ ਗਿਆ ਦਲੀਆ।" ਚਰਨ ਸਿੰਘ ਨੇ ਪਾਸਾ ਬਦਲਦਿਆਂ ਆਪਣੇ ਆਪ ਨੂੰ ਕਹਾਣਾ ਪਾ ਕੇ ਸੁਣਾਇਆ। ਉਹਨੇ ਕਲਾਕ ਵਲ ਦੇਖਿਆ ਪੰਜ ਵੱਜਣ ਵਾਲੇ ਸੀ। ਉਹਨੇ ਤਾਕੀ ਦਾ ਪਰਦਾ ਪਰੇ ਹਟਾ ਕੇ ਬਾਹਰ ਦੇਖਿਆ। ਬਾਹਰ ਕਈਆਂ ਦਿਨਾਂ ਦੀ ਪੈਣ ਪੈਣ ਕਰਦੀ ਬਰਫ ਬੜੇ ਜ਼ੋਰ ਸ਼ੋਰ ਨਾਲ ਪੈ ਰਹੀ ਸੀ। ਸਭ ਕੁਝ ਚਿੱਟਾ ਹੋਇਆ ਪਿਆ ਸੀ।

"ਤੂੰ ਵੀ ਕੱਢ ਲੈ ਜਿਹੜੀ ਕਸਰ ਰਹਿੰਦੀ ਆ", ਉਹਨੇ ਬਰਫ ਵਲ ਦੇਖਦੇ ਨੇ ਕਿਹਾ। ਉਹਨੂੰ ਯਾਦ ਆਇਆ ਕੱਲ੍ਹ ਟਰੱਕੀ "ਚੋਂ ਉੱਤਰਨ ਲੱਗੇ ਨੂੰ ਕਰਮ ਸੌਂਹ ਠੇਕੇਦਾਰ ਨੇ ਕਿਹਾ ਸੀ ਪਈ ਕੱਲ੍ਹ ਨੂੰ ਪੇਪਰ ਰਿਚਮੰਡ ਵਿਚ ਸਿੱਟਣੇ ਆਂ। ਚਰਨ ਸਿੰਘ ਨੂੰ ਪਤਾ ਸੀ ਕਿ ਰਿਚਮੰਡ ਵਿਚ ਕਈ ਥਾਹੀਂ ਸਾਈਡ ਵਾਕ ਵੀ ਨਹੀਂ ਸੀ ਬਣੇ ਹੋਏ ਤੇ ਸਾਰੀ ਦਿਹਾੜੀ ਬਰਫ ਵਿਚ ਬੜਾ ਔਖਿਆਂ ਹੋਣਾ ਪੈਣਾ ਸੀ। ਫੇਰ ਉਹਨੂੰ ਖਿਆਲ ਆਇਆ ਪਈ ਜਵਾਲਾ ਸੌਂਹ ਨੇ ਇਕ ਦਿਨ ਕਿਹਾ ਸੀ, "ਚਰਨ ਸਿੰਹਾਂ ਜੇ ਬਰਫ ਪੈਂਦੀ 'ਚ ਕੰਮ 'ਤੇ ਆਇਆ ਤਾਂ ਜਰਾਬਾਂ ਦਾ ਜੋੜਾ ਇਕ ਵਾਧੂ ਕੋਲ ਰੱਖੀਂ, ਕਈ ਵਾਰੀ ਸਾਰੀ ਦਿਹਾੜੀ ਬਰਫ 'ਚ ਫਿਰਦਿਆਂ ਜਰਾਬਾਂ ਗਿੱਲੀਆਂ ਹੋ ਜਾਂਦੀਆਂ ਆਂ, ਭਾਵੇਂ ਕਿੰਨੇ ਵਧੀਆ ਰਬੜੀ ਬੂਟ ਹੋਣ। ਅੱਵਲ ਤਾਂ ਬੰਦਾ ਏਹੋ ਜਿਹੇ ਦਿਨ 'ਚ ਕੰਮ 'ਤੇ ਈ ਨਾ ਆਵੇ। ਮੈਂ ਤਾਂ ਜਿਹੜੇ ਵੀ ਠੇਕੇਦਾਰ ਨਾਲ ਕੰਮ ਕਰਾਂ ਉਹਨੂੰ ਪਹਿਲਾਂ ਦੱਸ ਦਿਨਾਂ ਹੁੰਨਾਂ ਪਈ ਜਿੱਦਣੇ ਬਰਫ ਬੁਰਫ ਪਈ ਮੈਂ ਤਾਂ ਕੰਮ 'ਤੇ ਨਈਂ ਆਉਣਾ।

ਤੇ ਨਾ ਹੁਣ ਆਪਾਂ ਕਦੀ ਏਦਾਂ ਦੇ ਮੌਸਮ 'ਚ ਕੰਮ ਕੀਤਾ ਈ ਆ। ਆਪਾਂ ਹੁਣ ਕਿਹੜਾ ਕਿਸੇ ਨੂੰ ਹਿਸਾਬ ਦੇਣਾ ਆਂ, ਐਵੇਂ ਕਿਉਂ ਜਾਨ ਤੋੜੀ ਜਾਈਏ"।

ਜਵਾਲਾ ਸਿੰਘ ਦਾ ਚੇਤਾ ਆਉਂਦਿਆਂ ਹੀ ਉਸ ਦਾ ਮਨ ਥੋੜ੍ਹਾ ਜਿਹਾ ਖੁਸ਼ ਹੋ ਗਿਆ। ਅੱਜ ਕੱਲ੍ਹ ਜਵਾਲਾ ਸੌਂਹ ਹੀ ਸੀ ਜਿਹਦੇ ਨਾਲ ਉਹ ਆਪਣਾ ਦੁਖ-ਸੁਖ ਸਾਂਝਾ ਕਰਦਾ ਸੀ। ਉਹ ਜਵਾਲਾ ਸਿੰਘ ਨੂੰ ਬੜਾ ਜਿਗਰੇ ਆਲਾ ਤੇ ਦਿਲ ਦਾ ਸੋਨਾ ਬੰਦਾ ਸਮਝਦਾ ਸੀ। ਉਹਨਾਂ ਨੂੰ "ਕੱਠਿਆਂ ਪੇਪਰ ਸਿੱਟਣ ਦਾ ਕੰਮ ਕਰਦਿਆਂ ਨੂੰ ਛੇ ਮਹੀਨੇ ਤੋਂ ਉੱਪਰ ਹੋ ਗਏ ਸਨ।

ਚਰਨ ਸਿੰਘ ਨੂੰ ਜਵਾਲਾ ਸਿੰਘ ਦੀਆਂ ਗੱਲਾਂ ਬਾਤਾਂ ਤੇ ਸੁਭਾਅ ਬਹੁਤ ਹੀ ਵਧੀਆ ਲਗਦੇ ਸਨ। ਉਸ ਨਾਲ ਆਪਣੇ ਟੱਬਰ ਦੀਆਂ, ਘਰ ਦੀਆਂ ਵੀ ਸਾਰੀਆਂ ਗੱਲਾਂ ਕਰ ਲੈਂਦਾ ਸੀ। ਇਕ ਰਾਤ ਉਹ ਕੰਮ ਤੋਂ ਲੇਟ ਹੋ ਗਏ ਸਨ ਤੇ ਚਰਨ ਸਿੰਘ ਜਵਾਲਾ ਸਿੰਘ ਦੇ ਘਰ ਹੀ ਰਾਤ ਰਹਿ ਪਿਆ ਸੀ। ਜਵਾਲਾ ਸਿੰਘ ਇਕ ਹੋਰ ਬੰਦੇ ਨਾਲ ਪੁਰਾਣੇ ਘਰ ਦੀ ਬੇਸਮਿੰਟ ਵਿਚ ਰਹਿੰਦਾ ਸੀ ਜਿਸਦੇ ਦੋ ਸੌਣ ਵਾਲੇ ਕਮਰੇ, ਇਕ ਛੋਟਾ ਜਿਹਾ ਬਹਿਣ ਵਾਲਾ ਕਮਰਾ, ਰਸੋਈ ਤੇ ਗੁਸਲਖਾਨਾ ਸੀ।

ਉਹਨਾਂ ਨੇ ਰਸੋਈ ਵਿਚ ਪਈਆਂ ਕੁਰਸੀਆਂ 'ਤੇ ਬੈਠ ਕੇ ਆਪਣੇ ਕੰਮ ਵਾਲੇ ਬੂਟ ਲਾਹੇ। ਚਰਨ ਸਿੰਘ ਨੇ ਆਲਾ-ਦੁਆਲਾ ਦੇਖ ਕੇ ਪੁੱਛਿਆ ਸੀ, "ਤੇਰਾ ਸਾਥੀ ਨਈਂ ਦੀਹਦਾ ਅੱਜ ਕਿਤੇ?"

"ਉਹ ਐਂਛੀ ਪੱਠਾ ਆ ਪੂਰਾ। ਜਦੋਂ ਦਿਲ ਕਰੇ ਉਦੋਂ ਈ ਘਰ ਵੜਦਾ ਆ। ਜਿਹਨਾਂ ਦਿਨਾਂ 'ਚ ਉਹਨੂੰ ਵੈਲਫੇਅਰ ਦੇ ਪੈਸੇ ਮਿਲੇ ਹੋਣ ਉਦੋਂ ਉਹ ਘਰ ਲੇਟ ਈ ਆਉਂਦਾ ਆ। ਕਿਸੇ ਬੜੇ ਬੀਅਰ ਪਾਲੇ 'ਚ ਬੈਠਾ ਹੋਣਾ ਆ"।

"ਅੱਗਾ-ਪਿੱਛਾ ਨਈਂ ਉਹਦਾ ਕੋਈ?" ,ਚਰਨ ਸਿੰਘ ਨੇ ਸੁਭਾਵਕ ਹੀ ਪੁੱਛਿਆ।

ਉਸ ਦੀ ਗੱਲ ਦਾ ਜਵਾਬ ਦੇਣ ਦੀ ਥਾਂ ਜਵਾਲਾ ਸਿੰਘ ਨੇ ਇਕ ਪਲ ਚਰਨ ਸਿੰਘ ਵਲ ਦੇਖਿਆ। ਫੇਰ ਉਹਨੇ ਆਪਣੀਆਂ ਜਰਾਬਾਂ ਦਾ ਗੁੱਛਾ ਜਿਹਾ ਬਣਾ ਕੇ ਬੂਟਾਂ 'ਚ ਪਾਉਂਦਿਆਂ ਕਿਹਾ, "ਤੇਰਾ ਮੇਰਾ ਪਿੱਛਾ ਹੈ ਗਾ ਈ ਆ ਚਰਨ ਸਿਹਾਂ। ਏਸ ਮੁਲਕ 'ਚ ਕੀ ਫਰਕ ਪੈਂਦਾ ਆ ਅੱਗਿਆਂ ਪਿੱਛਿਆਂ ਨਾਲ। ਆਪੋ ਆਪਣੇ ਢਿੱਡ ਤੋਂ ਅੱਗੇ ਕਿਸੇ ਨੂੰ ਕੁਛ ਨਈਂ ਦੀਹਦਾ ਏਥੇ"। ਜਵਾਲਾ ਸਿੰਘ ਨੇ ਪਲ ਕੁ ਰੁਕ ਕੇ ਤੇ ਫੇਰ ਹਿੰਮਤ ਨਾਲ ਕੁਰਸੀ ਤੋਂ ਉੱਠਦਿਆਂ ਕਿਹਾ, "ਤੂੰ ਐਂ ਕਰ, ਪਹਿਲਾਂ ਮਾੜਾ ਜਿਹਾ ਸ਼ਾਵਰ ਲੈ ਲਾ। ਮੈਂ ਚਾਹ ਦਾ ਕੱਪ ਕੱਪ ਬਣਾਉਨਾਂ। ਫੇਰ ਆਪਾਂ ਥੋੜ੍ਹਾ ਜਿਹਾ ਅਟਕ ਕੇ ਰੋਟੀ ਬਣਾਵਾਂਗੇ"।

ਚਰਨ ਸਿੰਘ ਬੀਬੇ ਬੱਚੇ ਦੇ ਆਖਾ ਮੰਨਣ ਵਾਂਗ ਬਿਨਾਂ ਕੁਝ ਕਹੇ ਉੱਠ ਕੇ ਨਹਾਉਣ ਚਲੇ ਗਿਆ। ਜਦੋਂ ਉਹ ਨਹਾ ਕੇ ਬਾਹਰ ਨਿਕਲਿਆ ਤਾਂ ਰਸੋਈ ਵਿਚੋਂ ਉਹਨੂੰ ਅਲ©ਜ਼ਿਆਂ ਦੇ ਰਾਗ ਦੀ ਆਵਾਜ਼ ਆਈ। ਜਵਾਲਾ ਸਿੰਘ ਨੇ ਟੇਪ ਰੀਕਾਰਡ ਲਾਈ

ਹੋਈ ਸੀ ਤੇ ਆਪ ਉਹ ਚਾਹ 'ਚ ਦੁੱਧ ਪਾ ਕੇ ਉਬਾਲੀ ਆਉਣ ਦੀ ਉਡੀਕ 'ਚ ਸਟੋਵ ਦੇ ਲਾਗੇ ਹੀ ਖੜ੍ਹਾ ਸੀ।

ਉਹਨੇ ਚਰਨ ਸਿੰਘ ਨੂੰ ਦੇਖ ਕੇ ਕਿਹਾ, "ਲੈ ਐਂ ਕਰ ਤੂੰ, ਆਹ ਚਾਹ ਦਾ ਖਿਆਲ ਰੱਖੀਂ, ਮੈਂ ਵੀ ਮਾੜਾ ਜਿਹਾ ਪਿੰਡੇ 'ਤੇ ਪਾਣੀ ਪਾ ਲੈਨਾਂ ਆਂ। ਆਹ ਪੋਣੀ ਪਈ ਆ ਭਾਂਡਿਆਂ ਆਲੀ ਟੋਕਰੀ "ਚ, ਚਾਹ ਪੁਣ ਲਈਂ"।

ਉਹਨਾਂ ਨੇ ਚਾਹ ਪੀਤੀ ਤੇ ਕਿੰਨੀ ਦੇਰ ਬੈਠੇ ਗੱਲਾਂ ਕਰਦੇ ਰਹੇ। ਫੇਰ ਜਵਾਲਾ ਸਿੰਘ ਹੌਂਸਲੇ ਨਾਲ ਉੱਠਿਆ ਤੇ ਉਹਨੇ ਫੁਰਤੀ ਨਾਲ ਆਟਾ ਗੁੰਨ੍ਹ ਕੇ ਰੋਟੀਆਂ ਬਣਾ ਲਈਆਂ। ਇਕ ਦੋ ਦਿਨ ਪਹਿਲਾਂ ਬਣਾਏ ਹੋਏ ਮੀਟ ਦੀ ਤਰੀ ਤੱਤੀ ਕਰ ਲਈ। ਚਰਨ ਸਿੰਘ ਹੈਰਾਨ ਜਿਹਾ ਹੋਇਆ ਜਵਾਲਾ ਸਿੰਘ ਵਲ ਦੇਖਦਾ ਰਿਹਾ। ਜਵਾਲਾ ਸਿੰਘ ਕੋਲ ਸ਼ਰਾਬ ਦੀ ਅੱਧੀ ਬੋਤਲ ਪਈ ਸੀ ਜਿਹੜੀ ਉਹਨਾਂ ਨੇ ਰੋਟੀ ਖਾਣ ਤੋਂ ਪਹਿਲਾਂ ਹੀ ਪੀ ਲਈ। ਰੋਟੀ ਖਾ ਕੇ ਉਹ ਕਿੰਨੀ ਰਾਤ ਗੱਲਾਂ ਕਰਦੇ ਰਹੇ।

ਥੋੜ੍ਹਾ ਨਸ਼ੇ 'ਚ ਹੋਣ ਕਰਕੇ ਚਰਨ ਸਿੰਘ ਦਾ ਮੱਲੋ ਮੱਲੀ ਦਿਲ ਕਰੀ ਜਾ ਰਿਹਾ ਸੀ ਕਿ ਉਹ ਜਵਾਲਾ ਸਿੰਘ ਨਾਲ ਜਸਵੰਤ ਦੇ ਇਸ ਤਰ੍ਹਾਂ ਬਦਲ ਜਾਣ ਬਾਰੇ ਗੱਲਾਂ ਕਰੀ ਜਾਵੇ। ਉਹਨੂੰ ਯਾਦ ਆ ਰਿਹਾ ਸੀ ਕਿ ਜਦੋਂ ਜਵਾਲਾ ਸਿੰਘ ਨੇ ਉਹਦੇ ਸੌਣ ਲਈ ਬਹਿਣ ਵਾਲੇ ਕਮਰੇ ਵਿਚ ਪਏ ਸੋਫੇ ਦਾ ਮੰਜਾ ਬਾਹਰ ਖਿੱਚਿਆ ਤੇ ਉਸ 'ਤੇ ਇਕ ਪਤਲੀ ਜਿਹੀ ਚਾਦਰ ਵਿਛਾਈ ਸੀ ਤਾਂ ਚਰਨ ਸਿੰਘ ਨੇ ਚਾਦਰ ਉਸ ਦੇ ਹੱਥੋਂ ਫੜਦਿਆਂ ਕਿਹਾ ਸੀ, "ਜਵਾਲਾ ਸਿਹਾਂ ਸਾਡਾ ਤਾਂ ਐਹੋ ਜਿਹਾ ਹੱਸਦਾ-ਵੱਸਦਾ ਘਰ ਸੀ ਪਈ ਮਿਲਣ-ਗਿਲਣ ਵਾਲੇ ਸਾਡੇ ਘਰ ਦੀ ਮਿਸਾਲ ਦਿੰਦੇ ਸੀ। ਪਰ ਕਿਸਮਤ੧ੳ ਮੁੰਡੇ ਦਾ ਸੁਭਾਅ ਹੁੰਦਾ ਸੀ ਪਈ ਜਾਹ ਤਾਂ ਜੀ ਤੋਂ ਬਿਨਾਂ ਕਦੀ ਬੋਲ ਜਾਵੇ। ਲਾਲਚ ਦਾ ਤਾਂ ਨਾਂ ਨਹੀਂ ਸੀ ਜਾਣਦਾ। ਮੈਨੂੰ ਕਹਿਣਾਂ, ਭਾਈਆ, ਬੱਸ ਸਾਲ ਕੁ ਹੋਰ ਫਾਰਮਾਂ 'ਚ ਕਰ ਲੈ ਕੰਮ ਜੇ ਕਰਨਾਂ ਆਂ, ਫੇਰ ਨਈਂ ਤੇਰੇ ਕੋਲੋਂ ਕੰਮ ਕਰਾਉਣਾ..."।

ਜਵਾਲਾ ਸਿੰਘ ਨੇ ਉਸ ਦੀ ਗੱਲ ਵਿਚੋਂ ਈ ਟੋਕ ਦਿੱਤੀ ਸੀ ਤੇ ਕਿਹਾ ਸੀ, "ਚਰਨ ਸਿਹਾਂ ਤੂੰ ਜਿੰਨਾ ਮਰਜ਼ੀ ਆ ਮਨ ਨੂੰ ਕਲਪਾਈ ਜਾ, ਫੈਦਾ ਕੁਛ ਨਈਂ ਹੋਣਾ। ਜੇ ਤਾਂ ਕੱਲਾ ਤੇਰਾ ਮੁੰਡਾ ਹੀ ਏਦਾਂ ਦਾ ਹੁੰਦਾ ਤਾਂ ਫੇਰ ਤਾਂ ਬੰਦਾ ਉਹਨੂੰ ਬੁਰਾ ਭਲਾ ਕਹਿੰਦਾ ਵੀ ਚੰਗਾ ਲਗਦਾ। ਜਦ ਹੁਣ ਏਥੇ ਸਾਰਿਆਂ ਦਾ ਈ ਏਹੋ ਹਾਲ ਆ ਤਾਂ ਹੁਣ ਵਿਚਾਰੇ ਜਸਵੰਤ ਨੂੰ ਤੂੰ ਕੀ ਫਾਂਸੀ ਲਾ ਦੇਵੇਂਗਾ"।

"ਫਾਂਸੀ ਤਾਂ ਕੀ ਲਾਉਣੀ ਆਂ, ਆਪਣੀ ਮੌਜ ਕਰੇ। ਉਹਦੇ ਘਰਾਂ ਦਾ ਉਹਦੇ ਪੈਸੇ ਦਾ ਮੈਨੂੰ ਕੋਈ ਦੁੱਖ ਥੋੜ੍ਹੋ ਆ। ਪਹਿਲਾਂ ਪਹਿਲਾਂ ਮੈਂ ਉਹਨੂੰ ਪਿੰਡ ਜ਼ਮੀਨ ਲੈਣ ਲਈ ਦੋ ਚਾਰ ਵਾਰ ਕਿਹਾ ਸੀ, ਉਹ ਨਹੀਂ ਆਖੇ ਲੱਗਾ, ਹਾਰ ਕੇ ਮੈਂ ਕਹਿਣੋ ਈ ਹਟ ਗਿਆ। ਮੈਂ ਤਾਂ ਬੱਸ ਹੁਣ ਏਨਾ ਕੁ ਚਾਹੁੰਨਾਂ ਪਈ ਆਪਣੀ ਮਾਂ ਨੂੰ ਕੋਲ ਰੱਖੇ, ਅੱਗੇ

ਆਂਗ ਟੱਬਰ 'ਚ ਕਦੀ ਬੈਠਿਆ ਖੇਲ੍ਹਿਆ ਕਰੇ। ਸਭ ਕੁਛ ਹੁੰਦਿਆਂ-ਸੁੰਦਿਆਂ ਕਿਉਂ ਉਹ ਏਦਾਂ ਦਾ ਨਿਰਮੋਹਾ ਹੋ ਗਿਆ। ਏਸੇ ਗੱਲ ਦੀ ਸਮਝ ਨਈਂ ਲਗਦੀ"।

"ਇਹ ਸਮਝ ਲੱਗਣੀ ਵੀ ਨਈਂ। ਮੈਂ ਤਾਂ ਹਾਰ ਕੇ ਸੋਚਣਾ ਈ ਛੱਡ ਤਾ ਏਹਨਾਂ ਗੱਲਾਂ ਬਾਰੇ। ਮਨ ਨੂੰ ਬੜੀ ਸ਼ਾਂਤੀ ਆ ਹੁਣ। ਆਪਣੇ ਘਰ 'ਚ ਮੁੜ ਕੇ ਰਾਜੇ ਬਣੇ ਬੈਠੇ ਆਂ"।

"ਇਹ ਤਾਂ ਗੱਲ ਤੇਰੀ ਠੀਕ ਆ ਜਵਾਲਾ ਸਿਹਾਂ, ਸੱਚੀਂ ਮੈਂ ਹੁਣ ਘਰ ਨੂੰਹ ਦੇ ਹੱਥਾਂ ਵਲ ਈ ਦੇਖਦਾ ਰਹਿੰਨਾਂ ਪਈ ਕਦੋਂ ਪਕਾਉਂਦੀ ਆ"।

"ਤੈਨੂੰ ਅੱਗੇ ਵੀ ਕਿਹਾ ਤੇ ਹੁਣ ਵੀ ਸੁਣ ਲੈ, ਜਿੱਦਣ ਤੇਰਾ ਦਿਲ ਕਰੇ ਆਪਣੇ ਕੱਪੜੇ ਚੁੱਕ ਲਿਆਈਂ। ਆਹ ਮੇਰੇ ਆਲ਼ੇ ਬੈੱਡਰੂਮ ਵਿਚ ਵਥੇਰਾ ਥਾਂ ਆਂ, ਆਪਾਂ ਇਕ ਮੰਜਾ ਹੋਰ ਲਿਆ ਕੇ ਰੱਖ ਲਵਾਂਗੇ। ਜਦੋਂ ਤੇਰੀ ਸਿੰਘਣੀ ਕੈਲਗਰੀ ਤੋਂ ਮੁੜ ਆਈ ਰਾਮ ਨਾਲ ਆਪਣੀ ਕੋਈ ਬੇਸਮਿੰਟ ਕਰਾਏ 'ਤੇ ਲੈ ਕੇ ਰਹਿਣ ਲੱਗ ਪਿਓ, ਐਸ਼ ਕਰੋਂਗੇ। ਮੁੰਡਿਆਂ ਨੇ ਤਾਂ ਜੋ ਕੁਛ ਕਰਨਾ ਆ ਉਹੀ ਕਰਨਾ ਆ। ਨਾਲੇ ਤੈਨੂੰ ਸੱਚੀ ਦੱਸਾਂ, ਆਪਣੀ ਵੱਲੋਂ ਤਾਂ ਉਹ ਇਹ ਵੀ ਨਈਂ ਸਮਝਦੇ ਪਈ ਉਹ ਕੋਈ ਗਲਤ ਜਾਂ ਮਾੜੀ ਗੱਲ ਕਰਦੇ ਆ। ਮੈਂ ਵੀ ਪਹਿਲਾਂ ਪਹਿਲਾਂ ਤੇਰੇ ਆਂਗ ਆਪਣੇ ਮੁੰਡੇ 'ਤੇ ਬਹੁਤ ਖਿਝਦਾ ਹੁੰਦਾ ਸੀ। ਹੁਣ ਹੌਲ਼ੀ ਹੌਲ਼ੀ ਮੈਨੂੰ ਉਹਦੇ 'ਤੇ ਗੁੱਸਾ ਈ ਆਉਣੋਂ ਹਟ ਗਿਆ। ਹੁਣ ਉਹ ਕਦੀ ਕਦੀ ਆ ਕੇ ਮਿਲ ਵੀ ਜਾਂਦਾ ਆ, ਨਾਲੇ ਨਿਆਣਿਆਂ ਨੂੰ ਮਿਲਾ ਜਾਂਦਾ ਆ ਤੇ ਦਿਨ ਸੁਦ ਹੋਵੇ, ਮੈਂ ਵੀ ਚਲੇ ਜਾਨਾਂ ਆਂ। ਚਰਨ ਸਿੰਹਾਂ ਯਾਰ ਸਿੱਧੀ ਜਿਹੀ ਗੱਲ ਆ, ਜਦ ਆਪਣਾ ਕਮਾਉਣਾ ਆਪਣਾ ਖਾਣਾ, ਫੇਰ ਕਾਹਨੂੰ ਇਕ ਦੂਜੇ ਦੇ ਗਲ਼ 'ਚ ਗੂਠਾ ਦੇਈ ਰੱਖਣਾ। ਜੇ ਤਾਂ ਬਣਦੀ ਹੋਵੇ ਤਾਂ ਉਹਦੇ ਨਾਲ ਦੀ ਰੀਸ ਨਈਂ। ਸਾਡੇ ਤਾਂ ਮੁੰਡੇ ਦੀ ਮਾਂ ਦੀ ਤੇ ਵਹੁਟੀ ਦੀ ਪਹਿਲੇ ਦਿਨੋਂ ਈ ਨਈਂ ਸੀ ਬਣੀ। ਰੋਜ਼ ਦੇ ਕਲੇਸ਼ ਤੋਂ ਤੰਗ ਆ ਕੇ ਅਸੀਂ ਤਾਂ ਵੱਖ ਈ ਰਹਿਣ ਲੱਗ ਪਏ। ਜਿੰਨਾ ਚਿਰ ਉਹ ਜੀਂਦੀ ਰਹੀ ਬੜੀ ਸੁਹਣੀ ਲੰਘੀਂ ਗਈ। ਉਹਦੇ ਮਰਨ 'ਤੇ ਥੋੜ੍ਹੀ ਜਿਹੀ ਤੰਗੀ ਹੋਈ ਸੀ ਰੋਟੀ ਪਾਣੀ ਦੀ। ਮੈਂ ਮਹੀਨਾ ਕੁ ਮੁੰਡੇ ਨਾਲ ਰਿਹਾ ਸੀ। ਪਰ ਮੇਰਾ ਜੀਅ ਈ ਨਈਂ ਲੱਗਾ ਉਹਨਾਂ ਨਾਲ। ਮੈਂ ਤਾਂ "ਕੱਲ੍ਹਾ ਈ ਇਥੇ ਬੇਸਮਿੰਟ 'ਚ ਆ ਗਿਆ ਸੀ। ਫੇਰ ਆਹ ਪ੍ਰੀਤੂ ਨਾਲ ਰਹਿਣ ਲੱਗ ਪਿਆ। ਹੁਣ ਇਹਦੇ ਨਾਲ ਗੱਪਾਂ-ਛੱਪਾਂ ਮਾਰ ਕੇ ਘੜੀ ਲੰਘ ਜਾਂਦੀ ਆ। ਕਿਸੇ ਦੀ ਅੱਧੀ ਨਾ ਸਾਰੀ, ਆਪਣੀ ਮੌਜ ਕਰੀ ਦੀ ਆ"। ਜਵਾਲਾ ਸਿੰਘ ਨੇ ਰਸੋਈ ਦੀ ਬੱਤੀ ਬੁਝਾਉਂਦਿਆ ਤੇ ਆਪਣੇ ਕਮਰੇ ਵਲ ਨੂੰ ਜਾਂਦਿਆਂ ਕਿਹਾ ਸੀ।

ਜਵਾਲਾ ਸਿੰਘ ਨਾਲ ਕੀਤੀਆਂ ਗੱਲਾਂ ਬਾਰੇ ਸੋਚਦਿਆਂ ਚਰਨ ਸਿੰਘ ਨੇ ਇਕ ਵਾਰੀ ਫਿਰ ਬਾਹਰ ਬਰਫ ਵਲ ਦੇਖਿਆ। ਉਹਦਾ ਵੀ ਦਿਲ ਕੀਤਾ ਕਿ ਉਹ ਵੀ ਜਵਾਲਾ ਸਿੰਘ ਵਾਂਗ ਅੱਜ ਕੰਮ 'ਤੇ ਨਾ ਜਾਵੇ। ਫੇਰ ਉਹਨੇ ਸੋਚਿਆ ਪਈ ਅੱਜ ਸਨਿੱਚਰਵਾਰ ਆ, ਨੂੰਹ ਪੁੱਤ ਦੋਹਾਂ ਨੇ ਈ ਘਰ ਹੋਣਾਂ ਤੇ ਉਹਨੀਂ ਐਵੇਂ ਸਾਰੀ ਦਿਹਾੜੀ

ਅੱਖਾਂ ਜਿਹੀਆਂ ਕੱਢੀ ਜਾਣੀਆਂ। ਉਹਨੇ ਜਵਾਲਾ ਸਿੰਘ ਦੀ ਆਖਰੀ ਗੱਲ ਬਾਰੇ ਫੇਰ ਸੋਚਿਆ। ਕਿਉਂ ਨਾ ਸੱਚੀਂ ਉਹ ਜਾ ਕੇ ਜਵਾਲਾ ਸਿੰਘ ਨਾਲ ਰਹਿਣ ਲੱਗ ਪਵੇ। ਜੇ ਉਹਦੇ ਜਾਣ ਦਾ ਜਸਵੰਤ ਨੂੰ ਕੋਈ ਦਰਦ ਹੋਊਗਾ ਤਾਂ ਆਪੇ ਉਹਦੀ ਮਿੰਨਤ ਕਰ ਕੇ ਲੈ ਆਵੇਗਾ। ਘੱਟੋ ਘੱਟ ਫੇਰ ਐਸ ਠੰਢੇ ਕਮਰੇ ਤੋਂ ਤਾਂ ਜਾਨ ਛੁਟੂੱਗੀ। ਪਰ ਫੇਰ ਉਹ ਇਹ ਸੋਚ ਕੇ ਕਿ "ਆਪਣਾ ਘਰ ਕਿਤੇ ਏਦਾਂ ਛੱਡਿਆ ਜਾਂਦਾ ਆ", ਆਪ ਹੀ ਡਰ ਗਿਆ। ਉਸੇ ਵੇਲੇ ਉਹਦੇ ਮਨ ਵਿਚ ਦੂਜਾ ਖਿਆਲ ਆ ਗਿਆ, "ਕੀ ਰੱਖਿਆ ਆ ਮੇਰਾ ਏਸ ਘਰ ਵਿਚ?" ਉਹਨੂੰ ਆਪਣਾ ਸਿਰ ਘੁੰਮਦਾ ਲੱਗਾ। ਉਹਨੇ ਸਿਰ ਚੁੱਕ ਕੇ ਕਲਾਕ ਵਲ ਦੇਖਿਆ।

ਪੂਰੇ ਪੰਜ ਵੱਜ ਗਏ ਸਨ। ਉਹਨੇ ਕਾਹਲੀ ਨਾਲ ਅਲਾਰਮ ਬੰਦ ਕਰਨ ਦੀ ਕੋਸ਼ਿਸ਼ ਕੀਤੀ। ਫੇਰ ਉਹਨੂੰ ਖਿਆਲ ਆਇਆ ਕਿ ਉਹਨੇ ਅਲਾਰਮ ਤਾਂ ਲਾਇਆ ਈ ਨਹੀਂ ਸੀ। ਉਹ ਹੌਲ਼ੀ ਹੌਲ਼ੀ ਰਜ਼ਾਈ ਪਰ੍ਹਾਂ ਕਰਕੇ ਮੰਜੇ "ਚੋਂ ਨਿਕਲਿਆ। ਉਹਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਜਿਸ ਤਰ੍ਹਾਂ ਉਹ ਕਦੀ ਸੁੱਤਾ ਹੀ ਨਹੀਂ ਹੁੰਦਾ। ਉਹਦਾ ਸਰੀਰ ਥਾਂ ਥਾਂ ਤੋਂ ਦੁਖ ਰਿਹਾ ਸੀ। ਉਹਨੇ ਮੰਜੇ ਲਾਗੇ ਪਈ ਆਪਣੀ ਪੈਂਟ ਪਾਉਣ ਲਈ ਚੁੱਕੀ। ਉਹ ਠੰਢ ਨਾਲ ਆਕੜੀ ਪਈ ਸੀ। ਕਮੀਜ਼ ਦਾ ਵੀ ਇਹੋ ਹਾਲ ਸੀ। ਫੇਰ ਉਹ ਹੌਲ਼ੀ ਹੌਲ਼ੀ ਬੂਹਾ ਖੋਲ੍ਹ ਕੇ ਬਾਥਰੂਮ ਗਿਆ। ਬਾਥਰੂਮ ਦਾ ਪਾਣੀ ਛੱਡਣ ਲੱਗੇ ਨੇ ਉਹਨੇ ਕਿਰਾਏਦਾਰ ਗੋਰੇ ਗੋਰੀ ਬਾਰੇ ਸੋਚਿਆ। ਪਤਾ ਨਈਂ ਉਹ ਘਰ ਆਏ ਵੀ ਸੀ ਜਾਂ ਨਈਂ। ਚਰਨ ਸਿੰਘ ਨੇ ਉਹਨਾਂ ਦੀ ਕੋਈ ਬਿੜਕ ਨਹੀਂ ਸੀ ਸੁਣੀ। ਉਹਨੇ ਕਾਹਲੀ ਕਾਹਲੀ ਬੁਰਸ਼ ਕੀਤਾ ਤੇ ਗਰਮ ਪਾਣੀ ਛੱਡ ਕੇ ਚੰਗੀ ਤਰ੍ਹਾਂ ਮੂੰਹ ਧੋਤਾ। ਸਰੀਰ ਨਾਲ ਲਗਦਾ ਗਰਮ ਪਾਣੀ ਉਹਨੂੰ ਬਹੁਤ ਹੀ ਸੁਖਾਵਾਂ ਲੱਗਾ। ਉਹਦਾ ਦਿਲ ਕੀਤਾ ਕਿ ਸ਼ਾਵਰ ਲੈ ਲਵੇ। ਫੇਰ ਉਹਨੇ ਸੋਚਿਆ ਕਿ ਬਾਹਰ ਬਰਫ ਵਿਚ ਜਾਣਾ ਹੈ ਕਿਤੇ ਠੰਢ ਹੀ ਨਾ ਲੱਗ ਜਾਵੇ, ਨਾਲੇ ਉਹ ਸ਼ਾਵਰ ਨਾਲ ਹੋਣ ਵਾਲੇ ਖੜਾਕ ਤੋਂ ਵੀ ਡਰਦਾ ਸੀ। ਮੁੜ ਕੇ ਉਹ ਆਪਣੇ ਕਮਰੇ ਵਿਚ ਆ ਗਿਆ। ਮੰਜੇ 'ਤੇ ਬੈਠ ਕੇ ਉਹ ਜੁਰਾਬਾਂ ਪਾਉਣ ਲੱਗਾ। ਜੁਰਾਬਾਂ ਵੀ ਆਕੜੀਆਂ ਪਈਆਂ ਸਨ। ਜੁਰਾਬਾਂ ਦਾ ਅਕੜਾ ਜਿਹਾ ਭੰਨਦੇ ਉਹਦੇ ਹੱਥ ਇਕ ਪਲ ਰੁਕੇ। ਉਹਨੂੰ ਲੱਗਾ ਕਿਤੇ ਉਹ ਕੱਚ ਵਾਂਗ ਟੁੱਟ ਨਾ ਜਾਣ ਤੇ ਉਹਨਾਂ ਦੇ ਖੜਕੇ ਨਾਲ ਗੋਰਾ ਗੋਰੀ ਨਾ ਉੱਠ ਪੈਣ। ਫੇਰ ਆਪ ਈ ਏਸ ਗੱਲ 'ਤੇ ਅੰਦਰੋਂ ਹੱਸ ਜਿਹਾ ਪਿਆ। ਫੇਰ ਉਹਨੇ ਮੰਜੇ ਤੋਂ ਦੀ ਤਾਕੀ ਰਾਹੀਂ ਬਾਹਰ ਦੇਖਿਆ। ਬਰਫ ਨਾਲ ਸਭ ਕੁਝ ਚਿੱਟਾ ਹੋਇਆ ਪਿਆ ਸੀ। ਉਹਨੇ ਆਪਣੇ ਆਪ ਨੂੰ ਕਿਹਾ "ਹਾਂ ਬਈ ਜਵਾਲਾ ਸਿੰਘ ਤਾਂ ਨਈਂ ਅੱਜ ਆਉਂਦਾ ਕੰਮ "ਤੇ।" ਉਹਨੂੰ ਇਕ ਪਲ ਲਈ ਜਵਾਲਾ ਸਿੰਘ ਨਾਲ ਈਰਖਾ ਜਿਹੀ ਹੋਈ। ਤੇ ਉਹਦੇ ਮਨ ਵਿਚ ਆਇਆ ਕਿ ਉਹ ਵੀ ਜੇ ਅੱਜ ਕੰਮ ਤੇ ਨਾ ਜਾਵੇ ਤਾਂ ਕਿੰਨਾ ਚੰਗਾ ਹੋਵੇ। ਪਰ ਫੇਰ ਉਹਨੂੰ ਖਿਆਲ ਆਇਆ ਕਿ ਇਹ ਗੱਲ ਤਾਂ ਪਹਿਲਾਂ ਹੀ ਸੋਚ ਕੇ ਰੱਦ ਕਰ ਹਟਿਆ ਹੈ ਤੇ ਉਹਨੂੰ ਕੰਮ 'ਤੇ ਜਾਣਾ ਹੀ ਚਾਹੀਦਾ ਹੈ।

ਜੁਰਾਬਾਂ ਪਾ ਕੇ ਉਹਨੇ ਪਿੰਨੀਆਂ ਤਕ ਆਉਣ ਵਾਲੇ ਰਬੜੀ ਬੂਟ ਪਾ ਲਏ। ਕੰਧ ’ਚ ਗੱਡੀ ਮੇਖ ਤੋਂ ਉਹਨੇ ਆਪਣੀ ਪੱਗ ਲਾਹ ਕੇ ਕਾਹਲੀ ਨਾਲ ਲਪੇਟੀ। ਉਹਨੇ ਵੱਡੀ ਜੈਕਟ ਪਾ ਕੇ ਉਹਦੀ ਹੁੱਡ ਪੱਗ ਉੱਤੋਂ ਦੀ ਕਰ ਲਈ। ਕੰਧ ਨਾਲ ਪਈ ਆਪਣੀ ਲੰਚ ਵਾਲ਼ੀ ਬਿੱਲੀ ਚੁੱਕੀ ਜਿਹਦੇ ਵਿਚ ਉਹਦੀ ਨੂੰਹ ਨੇ ਰਾਤੀਂ ਹੀ ਆਂਡਿਆਂ ਦੀਆਂ ਦੋ ਸੈਂਡਵਿੱਚਾਂ, ਇਕ ਕੇਲਾ ਤੇ ਦੋ ਕੁ ਕੁੱਕੀਆਂ ਰੱਖ ਦਿੱਤੀਆਂ ਹੋਈਆਂ ਸਨ।

ਉਹਨੇ ਬੜੀ ਸਾਵਧਾਨੀ ਨਾਲ ਬਿਨਾਂ ਖੜਾਕ ਕਰਨ ਤੋਂ ਬੇਸਮਿੰਟ ਦੀ ਡੋਰ ਖੋਲ੍ਹੀ। ਬਾਹਰ ਨਿਕਲਦਿਆਂ ਹੀ ਉਸ ਦੇ ਪੈਰ ਫੁੱਟ ਫੁੱਟ ਬਰਫ ਵਿਚ ਧਸ ਗਏ। ਤਾਜ਼ੀ ਬਰਫ ਵਿਚ ਉਹਨੂੰ ਥੋੜ੍ਹਾ ਜ਼ੋਰ ਲਾ ਕੇ ਤੁਰਨਾ ਪਿਆ। ਘਰ ਦੇ ਪਾਸੇ ਤੋਂ ਦੀ ਹੋ ਕੇ ਉਹ ਹੌਲ਼ੀ ਹੌਲ਼ੀ ਸਾਹਮਣੀ ਸੜਕ ’ਤੇ ਪਹੁੰਚ ਗਿਆ। ਸੜਕ ਦਾ ਮੋੜ ਮੁੜਨ ਤੋਂ ਪਹਿਲਾਂ ਉਹਨੇ ਇਕ ਵਾਰੀ ਮੁੜ ਕੇ ਘਰ ਵਲ ਦੇਖਿਆ। ਘਰ ਦੀ ਛੱਤ ਉੱਪਰ ਤੇ ਆਸੇ-ਪਾਸੇ ਪਈ ਬਰਫ ਨਾਲ ਘਰ ਦਾ ਰੰਗ-ਰੂਪ ਹੋਰ ਵੀ ਉੱਘੜਿਆ ਲੱਗਾ। ਤੇ ਉਹਨੂੰ ਅਚਾਨਕ ਉਹ ਘਰ ਬਹੁਤ ਸੋਹਣਾ ਜਾਪਿਆ। ਘਰ ਦੇ ਸਨ-ਡੈੱਕ ਥੱਲੇ ਖੜ੍ਹੀਆਂ ਉਹਦੀ ਨੂੰਹ ਪੁੱਤ ਦੀਆਂ ਲਾਲ ਤੇ ਹਰੇ ਰੰਗ ਦੀਆਂ ਕਾਰਾਂ। ਦੂਰੋਂ ਦੇਖਿਆਂ ਉਹਨੂੰ ਘਰ ਸਵਰਗ ਦੀ ਕੋਈ ਚੀਜ਼ ਜਾਪੀ - ਉਹਦੀ ਪਹੁੰਚ ਤੋਂ ਪਰੇ ਦੀ ਕੋਈ ਚੀਜ਼।

ਅੰਦਰ ਦੇ ਜਜ਼ਬਾਤ ਨੂੰ ਦਬਾਉਂਦਿਆਂ ਉਹ ਝੱਟ ਹੀ ਮੂੰਹ ਮੋੜ ਕੇ ਬੱਸ ਅੱਡੇ ਵਲ ਨੂੰ ਤੁਰ ਪਿਆ। ਕੁਝ ਕਦਮ ਤੁਰ ਕੇ ਉਹ ਰੁਕ ਗਿਆ। ਫੇਰ ਉਹਨੇ ਆਪਣੀ ਲੰਚ ਵਾਲ਼ੀ ਬਿੱਲੀ ਇਕ ਪਲ ਲਈ ਬਰਫ ’ਤੇ ਰੱਖੀ ਅਤੇ ਜੈਕਟ ਦੀ ਹੁੱਡ ਦੇ ਥੱਲੇ ਆਪਣੀ ਪੱਗ ਠੀਕ ਕੀਤੀ।

ਉਹਨੇ ਘੁੰਮ ਕੇ ਸੜਕ ਦੇ ਦੂਜੇ ਪਾਸੇ ਨੂੰ ਵੇਖਿਆ। ਬਰਫ ਨਾਲ ਸਭ ਕੁਝ ਚਿੱਟਾ ਹੋਇਆ ਪਿਆ ਸੀ। ਤੇ ਬਿਜਲੀ ਦੀ ਰੌਸ਼ਨੀ ਵਿਚ ਬਰਫ ਚਮਕਦੀ ਉਹਨੂੰ ਸੋਹਣੀ ਲੱਗੀ। ਉਹ ਪਲ ਕੁ ਉੱਥੇ ਖੜ੍ਹਾ ਸੋਚਦਾ ਰਿਹਾ ਤੇ ਬਰਫ ਵਲ ਦੇਖਦਾ ਰਿਹਾ। ਫੇਰ ਪਤਾ ਨਹੀਂ ਉਹਦੇ ਦਿਲ ਵਿਚ ਕੀ ਆਈ ਕਿ ਉਹਨੇ ਬਿੱਲੀ ਚੁੱਕ ਕੇ ਕੱਛੇ ਮਾਰੀ ਤੇ ਇਕ ਵਾਰੀ ਮੁੜ ਕੇ ਆਪਣੇ ਘਰ ਵਲ ਨੂੰ ਦੇਖਿਆ। ਉੱਧਰ ਨੂੰ ਦੇਖਦਿਆਂ ਉਹਨੇ ਸਿਰ ਨੂੰ ਝਟਕਾ ਜਿਹਾ ਦਿੱਤਾ ਤੇ ਸੜਕ ਦੇ ਉਲਟੇ ਪਾਸੇ ਵਲ ਨੂੰ ਤੁਰ ਪਿਆ। ਬੱਸ ਦੀ ਉਡੀਕ ਕਰਨ ਦੀ ਬਜਾਏ ਉਹ ਜਵਾਲਾ ਸਿੰਘ ਦੇ ਘਰ ਨੂੰ ਤੁਰ ਪਿਆ ਜੋ ਉੱਥੋਂ ਮੀਲ ਕੁ ਦੀ ਵਿੱਥ ਤੇ ਸੀ। ਆਪਣੇ ਇਸ ਅਜੀਬ ਫੈਸਲੇ ਨਾਲ ਉਹਨੇ ਅਚਾਨਕ ਆਪਣੇ ਆਪ ਨੂੰ ਫੁੱਲ ਵਰਗਾ ਹੌਲਾ ਤੇ ਆਸਮਾਨ ਵਿਚ ਉੱਡਦੇ ਪੰਛੀ ਵਾਂਗ ਆਜ਼ਾਦ ਮਹਿਸੂਸ ਕੀਤਾ। ਬਰਫ ’ਚ ਤੁਰਦਿਆਂ ਹੁਣ ਉਹਨੂੰ ਪੈਰਾਂ ਥੱਲੇ ਆ ਰਹੀ ਬਰਫ ਦੀ ਕਿਰਚ ਕਿਰਚ ਦੀ ਆਵਾਜ਼ ਬੜੀ ਸੁਖਾਵੀਂ ਲੱਗਣ ਲੱਗੀ। ਅੱਧਾ ਕੁ ਬਲਾਕ ਜਾ ਕੇ ਉਹਨੇ ਇਕ ਵਾਰੀ ਪਿਛਾਂਹ ਮੁੜ ਕੇ ਦੇਖਿਆ। ਉਹਨੂੰ ਆਪਣੇ ਪੈਰਾਂ ਨਾਲ ਬਰਫ ਦੀ ਪੱਧਰੀ ਹਿੱਕ ’ਤੇ ਪਈ ਪੈੜ ਦੇਖ ਕੇ ਨਿਆਣਿਆਂ ਵਾਂਗ ਖੁਸ਼ੀ ਜਿਹੀ ਮਹਿਸੂਸ ਹੋਈ। ਤੇ ਫੇਰ ਉਹ ਲੰਬੀਆਂ ਲੰਬੀਆਂ ਪੁਲਾਂਘਾ ਭਰ ਕੇ ਤੁਰਨ ਲੱਗਾ।

❍●❍●❍●

# ਜਗੀਰੂ ਲੰਬੜ

... ਦੇਖੋ ਬਈ ਆਪਾਂ ਤਾਂ ਏਨੀ ਜਾਣਦੇ ਆਂ - ਮੌਲਾ ਆਪਣੀ ਨਬੇੜ, ਤੈਨੂੰ ਕਿਸੇ ਨਾਲ ਕੀ। ਏਥੇ ਤਾਂ ਕੁੱਤਾ ਕੁੱਤੇ ਦਾ ਵੈਰੀ ਆ। ਖਾਸ ਕਰ ਇਸ ਮੁਲਕ ਵਿਚ, ਏਥੇ ਕੋਈ ਕਿਸੇ ਦੀ ਕੀ ਪਰਵਾਹ ਕਰਦਾ ਆ? ਆਪਾਂ ਤਾਂ ਆਪਣਾ ਖਾਈ ਪੀਈ ਦਾ ਆ - ਆਪਣੇ ਘਰ ਐਸ਼ ਕਰੀ ਦੀ ਆ। ਕੋਈ ਕਿਸੇ ਦੇ ਉੱਦਾਂ ਨਈਂ ਜਾਂਦਾ ਜਨਾਬ, ਜ਼ਰੂਰ ਕੋਈ ਨਾ ਕੋਈ ਮਤਲਬ ਹੁੰਦਾ ਆ। ਨਹੀਂ ਤਾਂ ਅਗਲਾ ਆਪਣੇ ਘਰ ਨਾ ਬੈਠੇ ਰਾਮ ਨਾਲ। ਇਹ ਸਾਰੀ ਦੁਨੀਆਂ ਈ ਮਤਲਬ ਦੀ ਆ। ਮੈਂ ਨਈਂ ਕਿਸੇ ਸਾਲ਼ੇ ਦੇ ਜਾਂਦਾ ਕਦੀ। ਕਾਹਦੇ ਲਈ? ਹਾਂ ਜੇ ਕੋਈ ਆ ਜੇ ਤਾਂ ਹੱਸ ਕੇ ਬੋਲੀਦਾ - ਜਿੱਦਾਂ ਆਹ ਹੁਣ ਤੁਸੀਂ ਆਏ ਆਂ।

... ਇਹਨਾਂ ਲੋਕਾਂ ਦਾ ਕੋਈ ਅਸੂਲ ਨਈਂ। ਬੰਦੇ ਦੇ ਕੋਈ ਨਾ ਕੋਈ ਅਸੂਲ ਹੋਣੇ ਚਾਹੀਦੇ ਆ। ਇਹ ਲੋਕ ਤਾਂ ਜੀ ਵੀਕ ਸਾਰੀ ਬੌਸਾਂ ਮਗਰ ਗਿੱਟੇ ਚੁੰਮਦੇ ਫਿਰਨਗੇ ਤੇ ਵੀਕ-ਇੰਡ ’ਤੇ ਗੁਰਦੁਆਰੇ ਜਾ ਕੇ ਅੱਖਾਂ ਮੀਟ ਕੇ ਕੰਧ ਨਾਲ ਢੋਹ ਲਾਈ ਬੈਠੇ ਰਹਿਣਗੇ। ਨਾ ਕਾਹਦੇ ਲਈ? ਸਿਰਫ ਰੋਟੀਆਂ ਖਾਣ ਲਈ। ਆਪਾਂ ਨਈਂ ਜਨਾਬ ਕਦੀ ਗੁਰਦੁਆਰੇ ਜਾਂਦੇ। ਸਭ ਚੋਰ ਬਜਾਰੀ ਦਾ ਚੱਕਰ ਆ। ਆਪਾਂ ਤਾਂ ਘਰੇ ਈ ਸਵੇਰੇ ਤਰਕਾਲੀਂ ਮਹਾਂਰਾਜ ਦਾ ਨਾਂ ਲੈ ਛੱਡੀਦੈ। ਉੱਥੇ ਗੁਰਦੁਆਰੇ ਬੁੜ੍ਹੇ ਬੁੜ੍ਹੀਆਂ ਤਾਂ ਰੋਟੀ ਦੀ ਆਸ ’ਚ ਰਹਿੰਦੇ ਆ ਤੇ ਛੋਕਰੇ ਛੋਕਰੀਆਂ ਇਕ ਦੂਜੇ ਨੂੰ ਅੱਖਾਂ ਮਾਰਦੇ ਰਹਿੰਦੇ ਆ। ਮੈਂ ਤਾਂ ਆਪਣੀ ਤੀਵੀਂ ਤੇ ਕੁੜੀ ਨੂੰ ਵੀ ਦੱਸਿਆ ਆ ਪਈ ਆਪਣੀ ਗਰੋਸਰੀ ਲਿਆਓ, ਪਕਾਓ ਤੇ ਖਾਓ। ਜੇ ਗੁਰਦੁਆਰੇ ਵਲ ਨੂੰ ਮੂੰਹ ਕੀਤਾ ਤਾਂ ਪੜ੍ਹਿਆ ਵਿਚਾਰ ਲਿਓ।

... ਆਪਾਂ ਨੂੰ ਤਾਂ ਏਨਾ ਪਤੈ ਪਈ ਆਪਣਾ ਖਾਓ ਪੀਓ ਤੇ ਕਿਸੇ ਹੋਰ ਵਲ ਝਾਕ ਨਾ ਰੱਖੋ। ਆਹ ਹੁਣ ਤੁਹਾਡੇ ਆਉਣ ਤੋਂ ਪਹਿਲਾਂ ਕੁੱਕੜ ਨੂੰ ਰਾੜ੍ਹਾ ਲਾ ਕੇ ਛਕ ਹਟਿਆਂ ਤੇ ਨਾਲੇ ਸਿੱਟੇ ਤਿੰਨ ਚਾਰ ਸਕਾਚ ਦੇ ਦਰਾਮ - ਸਾਨੂੰ ਕੀ ਕੋਈ ਸਾਲ਼ਾ ਜੀਏ ਜਾਂ ਮਰੇ। ਆਪਾਂ ਤਾਂ ਕੰਮ ਕਰੀ ਦਾ ਜ਼ੋਰ ਦਾ ਤੇ ਖਾਈ ਦਾ ਵਧੀਆ। ਤੀਵੀਂ ਆ, ਉਹਨੂੰ ਦੱਸ ਛੱਡਿਆ ਪਈ ਜਦ ਤੂੰ ਤਾਂ ਕੁੜੀ ਨੇ ਕੋਈ ਕੰਮ ਈ ਨਈਂ ਕਰਨਾ ਜ਼ੋਰ ਦਾ ਫੇਰ ਵਾਧੂ ਖਾਣ ਦੀ ਕੀ ਲੋੜ? ਦਾਲ ਦੂਲ ਜਈ ਧਰ ਕੇ ਉਹਦੇ ਨਾਲ ਵੀਕ ਲੰਘਾ ਲੈਂਦੀਆਂ ਆਂ। ਮੈਂ ਤਾਂ ਮੇਰਾ ਮੁੰਡਾ ਈ ਖਾਨੇ ਆਂ ਮੀਟ-ਸ਼ੀਟ ਤਾਂ। ਮੁੰਡਿਆਂ ਨੂੰ ਤਾਂ ਲੋੜ ਆ ਖਾਣ ਪੀਣ ਦੀ, ਕੁੜੀਆਂ ਸੌਹਰੀਆਂ ਨੂੰ ਕਾਹਦੇ ਲਈ ਕੁੱਕੜ ਖਲਾਈ

ਜਾਓ। ਏਥੇ ਲੋਕਾਂ ਵਲ ਦੇਖੋ – ਆਪ ਤੋਂ ਕੁਛ ਹੁੰਦਾ ਨਈਂ, ਤੀਵੀਆਂ ਤੇ ਕੁੜੀਆਂ ਤੋਂ ਕੰਮ ਕਰਾਉਂਦੇ ਆ। ਪਈ ਸੌਹਰਿਓ ਥੋੜ੍ਹਾ ਖਾ ਲਓ। ਐਵੀਂ ਬਿਨਾਂ ਕਿਸੇ ਗੱਲੇ ਜਨਾਨੀਆਂ ਭੂਹੇ ਚੜ੍ਹਾਈਆਂ ਆਂ। ਆਪਣਾ ਤਾਂ ਜ਼ਿੰਦਗੀ ਦਾ ਪਹਿਲਾ ਅਸੂਲ ਆ ਪਈ ਤੀਵੀਂ ਤੋਂ ਬਾਹਰ ਕੰਮ ਨਈਂ ਕਰਾਉਣਾ। ਕੰਮ ਕਰਾਉਣ ਨਾਲ ਫੈਮਲੀ ’ਚ ਟਰੱਬਲ ਬੜੀ ਪੈਂਦੀ ਆ। ਜਨਾਨੀਆਂ ਦੀ ਤਾਂ ਮੱਤ ਈ ਗੁੱਤ ਪਿੱਛੇ ਹੁੰਦੀ ਆ। ਇਹਨਾਂ ਹੱਥ ਪੈਸਾ ਫੜਾ ਦਿਓ ਸਿੱਧੀਆਂ ਭੱਜਣਗੀਆਂ ਮੇਨ ਸਟਰੀਟ ਨੂੰ। ਐਵੀਂ ਚ੍ਹਾਮਲ ਚ੍ਹਾਮਲ ਕੱਪੜਾ ਖਰੀਦੀ ਜਾਣਗੀਆਂ। ਦਰ ਅਸਲ ਉਹ ਸਟੋਰਾਂ ਵਾਲੇ ਚ੍ਹਮਲਾ ਦਿੰਦੇ ਆ ਇਹਨਾਂ ਨੂੰ। ਰੋਜ ਸੰਘ ਪਾੜ ਪਾੜ ਕੇ ਕਹਿਣਗੇ ਰੇਡੀਓ ਤੋਂ – ਆ ਜਾਓ ਬੀਬੀਓ ਆਹ ਸੇਲ ਲੱਗੀ ਆ, ਆਹ ਸੇਲ ਲੱਗੀ ਆ – ਵੀਕ-ਇੰਡ ’ਤੇ ਆਹ ਸੇਲ ਲੱਗਣੀ ਆਂ। ਸਾਰੇ ਜਹਾਨ ਦਾ ਤੁਫਾਨ ਤੋਲਣਗੇ। ਤੇ ਜਨਾਨੀਆਂ ਦੀ ਅਕਲ ਦੇਖੋ, ਮੂੰਹ ਚੁੱਕੀ ਭੱਜ ਲੈਣਗੀਆਂ ਮੇਨ ਵਲ ਨੂੰ, ਲੌਂਗ ਦਾ ਲਸ਼ਕਾਰਾ ਸੂਟ ਲੈਣ ਤੇ ਕਦੀ ਅਗਨੀਹੋਤਰੀ ਸਾੜ੍ਹੀ ਖਰੀਦਣ। ਹਾਂ ਜਾਹ ਤਾਂ ਮੇਰੀ ਤੀਵੀਂ ਚਲੀ ਜਾਵੇ। ਆਪਾਂ ਕਦੀ ਵਾਧੂ ਪੈਸਾ ਈ ਨਈਂ ਹੱਥ ਆਉਣ ਦਿੰਦੇ ਉਹਦੇ। ਬੱਸ ਗਰੋਸਰੀ ਜੋਗੇ ਗਿਣ ਕੇ ਦਈ ਦੇ ਆ ਤੇ ਪਿਛੋਂ ਪੂਰਾ ਹਿਸਾਬ ਪੁੱਛੀਦਾ। ਇਹਨਾਂ ਦਾ ਤਬਾਰ ਨਈਂ ਕਰ ਸਕਦੇ ਤੁਸੀਂ। ਇਹਨਾਂ ਨੂੰ ਤਾਂ ਟਿਕਾਣੇ ਰੱਖਣਾ ਪੈਂਦਾ, ਨਈਂ ਤਾਂ ਬਹੁਤ ਸਿਰ ਚੜ੍ਹ ਜਾਂਦੀਆਂ ਆਂ। ਤੀਵੀਂ ਦਾ ਕੰਮ ਆ ਘਰ ਦਾ ਚੁੱਲ੍ਹਾ ਚੌਂਕਾ ਕਰੇ ਤੇ ਆਦਮੀ ਦੇ ਕਹਿਣੇ ’ਚ ਰਹੇ। ਗੁਰੂਆਂ ਨੇ ਵੀ ਸਾਨੂੰ ਇਹੋ ਸਿੱਖਿਆ ਦਿੱਤੀ ਆ, ਪਰ ਲੋਕ ਰੋਜ ਗੁਰਦੁਆਰੇ ਜਾ ਕੇ ਵੀ ਇਹ ਗੱਲਾਂ ਨਈਂ ਸਮਝਦੇ। ਸਾਲ਼ੇ ਲਾਲਚੀ ਸਾਰੇ ਜਮਾਨੇ ਦੇ ਹੋਰ ਕੀ?

... ਦੇਖੋ ਜੀ ਸਿੱਧੀ ਗੱਲ ਤਾਂ ਇਹ ਆ ਪਈ ਤੀਵੀਆਂ ਤੀਵੀਆਂ ਹੁੰਦੀਆਂ ਆਂ ਤੇ ਆਦਮੀ ਆਦਮੀ। ਤੇ ਇਹ ਗੱਲ ਪਹਿਲਾਂ ਤੋਂ ਈ ਨਿਆਣਿਆਂ ਨੂੰ ਦੱਸਣ ਦੀ ਲੋੜ ਆ। ਆਪਾਂ ਤਾਂ ਆਪਣੇ ਨਿਆਣਿਆਂ ਨੂੰ ਪਹਿਲੇ ਦਿਨ ਤੋਂ ਈ ਸਾਰੀ ਗੱਲ ਸਾਫ ਸਾਫ ਦੱਸੀ ਹੋਈ ਆ। ਆਹ ਮੁੰਡਾ ਆ ਹੁਣ ਪੰਦਰਾਂ ਸੋਲ੍ਹਾਂ ਸਾਲਾਂ ਦਾ। ਉਹਨੂੰ ਪੂਰੀ ਖੁੱਲ੍ਹ ਆ ਜੋ ਮਰਜੀ ਖਾਵੇ ਪੀਵੇ। ਆਪਣਾ ਮੌਜ ਮੇਲਾ ਕਰੇ। ਦੇਖਿਆ ਤੁਸੀਂ ਮੇਰੇ ਮੁੰਡੇ ਦਾ ਸਰੀਰ? ਆਪਣੇ ਹਾਣੀ ਮੁੰਡਿਆਂ ਨਾਲੋਂ ਦੁੱਗਣੇ ਡੌਲੇ ਆ ਸੌਹਰੇ ਦੇ। ਮੈਂ ਤਾਂ ਕਿਤੇ ਕਿਤੇ ਕੋਲ ਬਿਠਾ ਕੇ ਇਕ ਦੋ ਦਰਾਮ ਵੀ ਪਿਆ ਦਿੰਦਾ ਹੁੰਨਾਂ। ਆਪਾਂ ਨਈਂ ਰੋਕਿਆ ਕਿਸੇ ਗੱਲੋਂ ਉਹਨੂੰ ਕਦੀ। ਸਕੂਲ ਤੋਂ ਬਾਅਦ ਮੁੰਡਿਆਂ ਨਾਲ ਬਾਹਰ ਫਿਰਨ ਤੁਰਨ ਚਲੇ ਜਾਂਦਾ ਆ। ਆਪਾਂ ਤਾਂ ਉਹਨੂੰ ਸਾਫ ਕਿਹਾ ਬਈ ਜਾਹ ਤੇਰੀ ਉਮਰ ਆ ਫਿਰਨ ਤੁਰਨ ਦੀ, ਏਥੇ ਘਰ ਕੀ ਤੈਂ ਆਪਣੀ ਮਾਂ ਦੇ ਪੱਦ ਸੁੰਘਣੇ ਆਂ। ਹਾਂ ਏਨਾ ਆਂ, ਉਹਨੂੰ ਸਿੱਧਾ ਦੱਸਿਆ ਪਈ ਬਾਹਰ ਜਾ ਕੇ ਜੋ ਤੇਰਾ ਜੀਅ ਕਰਦਾ ਆ ਕਰ ਬੱਸ ਆਪਾਂ ਨੂੰ ਕਿਸੇ ਦਾ ਉਲਾਮ੍ਹਾਂ ਨਾ ਆਵੇ। ਇਹ ਤਾਂ ਉੱਦਾਂ ਮੈਂ ਉਹਨੂੰ ਡਰਾਉਣ ਲਈ ਕਿਹਾ ਆ ਉੱਦਾਂ ਮੈਂ ਨਈਂ ਕਿਸੇ ਦੇ ਅੜੇ-ਅਲ੍ਹਾਮਿਆਂ ਦੀ ਪਰਵਾਹ ਕਰਦਾ। ਮੈਂ ਕਿਸੇ ਸਾਲ਼ੇ ਦਿਓਂ ਕੀ ਕੜ੍ਹੀ ਲੈਣ ਜਾਣਾ ਪਈ ਐਵੀਂ ਆਪਣੇ ਮੁੰਡੇ ਨੂੰ ਦਬਕਦਾ

ਫਿਰਾਂ। ਆਹ ਪਿੱਛੇ ਜਿਹੇ ਇਕ ਮਰਿਆ ਜਿਹਾ ਬੰਦਾ ਆਇਆ ਇਕ ਦਿਨ। ਘੜੀ ਮੁੜੀ ਆਪਣੀ ਨਿੱਕੀ ਜਿਹੀ ਪੱਗ ਨੂੰ ਈ ਠੀਕ ਕਰੀ ਜਾਵੇ। ਅਖੇ ਜੀ ਤੁਹਾਡਾ ਮੁੰਡਾ ਆਪਣੇ ਭਾਈਵੰਦਾਂ ਨਾਲ ਰਲ ਕੇ ਸਾਡੀ ਕੁੜੀ ਮਗਰ ਵੈਨ ਘੁਮਾਉਂਦਾ ਰਹਿੰਦਾ ਆ। ਮੈਂ ਕਿਹਾ, ਮੈਂ ਤਾਂ ਆਪਣੇ ਮੁੰਡੇ ਨੂੰ ਦਬਕ ਦਊਂਗਾ, ਉਹ ਮੇਰੇ ਕਹਿਣੇ ’ਚ ਆ ਹਟ ਜਾਊਗਾ, ਪਰ ਜੇ ਤੇਰੀ ਕੁੜੀ ਮਗਰ ਕੋਈ ਹੋਰ ਲੱਗ ਗਿਆ ਫੇਰ ਤੂੰ ਕੀ ਕਰੇਂਗਾ। ਆਪਣੀ ਕੁੜੀ ਨੂੰ ਈ ਕਾਹਤੋਂ ਨਹੀਂ ਸਾਂਭਦਾ। ਲਓ ਜੀ ਸਾਡੀ ਆਪਣੀ ਵੀ ਕੁੜੀ ਆ। ਹੁਣ ਚੌਦਵੇਂ ਸਾਲ ’ਚ ਆ। ਜਾਹ ਤਾਂ ਜੇ ਸਕੂਲੋਂ ਤੀਰ ਆਂਗੂੰ ਸਿੱਧੀ ਘਰ ਨਾ ਆਵੇ। ਜਾਂ ਘਰੋਂ ਆ ਕੇ ਕਦੀ ਤਾਕੀ ਥਾਂਣੀਂ ਬਾਹਰ ਵੀ ਝਾਕ ਜੇ। ਪਿੱਛੇ ਜਿਹੇ ਲੱਗੀ ਸੀ ਤਿੜ ਫਿੜ ਕਰਨ। ਮੈਂ ਝਾਟਿਓਂ ਫੜ ਕੇ ਉਹ ਛਿਤਰੌੜ੍ਹ ਕੀਤਾ, ਪਈ ਅੜਾਟ ਪਾਵੇ। ਉਹਦੀ ਮਾਂ ਵੀ ਆਈ ਉਹਨੂੰ ਛੁਡਾਉਣ, ਨਾਲ ਈ ਮੈਂ ਉਹ ਢਾਹ ਲਈ। ਮੈਂ ਕਿਹਾ ਜੇ ਤੁਹਾਨੂੰ ਮੇਰੀ ਇੱਜਤ ਦੀ ਪਰਵਾਹ ਨਹੀਂ ਤਾਂ ਮੈਨੂੰ ਵੀ ਤੁਹਾਡੀ ਕੀ ਪਰਵਾਹ ਆ। ਮੈਂ ਤਾਂ ਇੰਨੀਆਂ ਇੰਨੀਆਂ ਬੋਟੀਆਂ ਕਰਕੇ ਰਿਵੇ ’ਚ ਸਿੱਟ ਆਊਂ। ਮੇਰੀ ਕੀ ਲੱਤ ਭੰਨ ਦਿਊਂਗੀਆਂ। ਲੈ ਉਹ ਦਿਨ ਗਿਆ, ਜਾਹ ਤਾਂ ਕੰਨ ’ਚ ਪਾਈਆਂ ਵੀ ਰੜਕ ਜਾਣ। ਹੁਣ ਦੇਖ ਲਓ ਤੁਹਾਡੇ ਆਉਣ ਤੋਂ ਪਹਿਲਾਂ ਕਿੰਨੇ ਚਿਰ ਦੀਆਂ ਆਪਣੀ ਦਾਲ ਜਿਹੀ ਖਾ ਕੇ ਆਪਣੇ ਬੈੱਡਰੂਮ ਵਿਚ ਬੜੀਆਂ ਬੀਆਂ। ਜਾਹ ਤਾਂ ਕੁਸਕ ਜਾਣ।

... ਓ ਤੁਸੀਂ ਬੈਹ ਤਾਂ ਜਾਓ ਯਾਰ ਤੁਹਾਡੇ ਚੰਦੇ ਦੀ ਵੀ ਗੱਲ ਕਰਦੇ ਆਂ ... ਤੁਸੀਂ ਵੀ ਉਹ ਤੀਵੀਆਂ ਦੀ ਕਮੇਟੀ ਵਾਲਿਆਂ ਅੰਗ ਮੇਰੀਆਂ ਗੱਲਾਂ ਦਾ ਗੁੱਸਾ ਕਰਦੇ ਲੱਗਦੇ ਆਂ, ਓਏ ਮੈਂ ਕਿਤੇ ਏਨਾ ਪਾਗਲ ਤਾਂ ਨਈਂ ਐਵੀਂ ਕਿਸੇ ਨੂੰ ਕੁੱਟੀ ਜਾਵਾਂ? ਪਰ ਅਕਸਰ ਨੂੰ ਨਿਆਣਿਆਂ ਤੇ ਤੀਵੀਆਂ ਨੂੰ ਮਾੜਾ ਮੋਟਾ ਤਾਂ ਦਬਕਣਾ ਈ ਪੈਂਦਾ ਆ ਬੰਦੇ ਨੂੰ। ਉੱਦਾਂ ਜੇ ਟੱਬਰ ਚੰਗਾ ਹੋਵੇ ਤਾਂ ਇੱਥੇ ਤਕ ਨੌਬਤ ਈ ਨਈਂ ਆਉਂਦੀ। ਨਾਲੇ ਮੇਰੀ ਤੀਵੀਂ ਨਈਂ ਏਦਾਂ ਦੀ ਪਈ ਐਵੇਂ ਰੋਜ ਛਿੱਤਰ ਖਾਂਦੀ ਫਿਰੇ। ਹੁਣ ਵੀ ਦੇਖ ਲਓ ਰਮਾਨ ਨਾਲ ਅੰਦਰ ਬੈਠੀਆਂ ਆਂ ਦੋਵੇਂ ਮਾਵਾਂ ਧੀਆਂ। ਮੈਂ ਆਹ ਤੁਹਾਡੇ ਆਉਣ ਤੋਂ ਪਹਿਲਾਂ ਵੀਡੀਓ ’ਤੇ ਮੂਵੀ ਲਾਈ ਬੈਠਾ ਸੀ। ਮੈਂ ਤਾਂ ਖਾਣਾ ਖਾਣ ਤੋਂ ਬਾਅਦ ਮਾੜਾ ਜਿਹਾ ਨਸ਼ਾ ਖੇੜਨ ਲਈ ਇਕ ਅੱਧੀ ਬਲੂ ਮੂਵੀ ਦੇਖਦਾ ਹੁੰਨਾਂ ਐਵੀਂ ਝੂਠ ਮਾਰਾਂ। ਆਪਾਂ ਤਾਂ ਚਾਲੀ ਪੰਜਾਹ ਇਹੋ ਜਿਹੀਆਂ ਵਧੀਆ ਟੇਪਾਂ ਲਿਆ ਕੇ ਰੱਖੀਆਂ ਹੋਈਆਂ। ਉੱਦਾਂ ਤਾਂ ਪੰਜ ਸੱਤ ਹਿੰਦੀ ਪੰਜਾਬੀ ਦੀਆਂ ਵੀ ਲਿਆਂਦੀਆਂ ਹੋਈਆਂ। ਪੰਜਾਬੀ ਦੀਆਂ ਵੀ ਧਾਰਮਿਕ ਜਿਹੀਆਂ ਤਿੰਨ ਚਾਰ ਹੈਗੀਆਂ। ਜਦੋਂ ਕਿਤੇ ਤੀਵੀਂ ਬਾਹਲੀ ਚੂੰ ਚਾਂ ਕਰੇ, ਉਹਨੂੰ ਉਹ ਦੇਖ ਲੈਣ ਦਿੰਦਾ ਹੁੰਨਾਂ। ਏਨੇ ਨਾਲ ਖੁਸ਼ ਰਹਿੰਦੀ ਆ ਉਹੋ। ਆਪਾਂ ਤੋਂ ਧੁਣਖੀ ਦੇ ਕਾਂ ਅੰਗ ਡਰਦੀ ਆ, ਚੰਗੀ ਆ ਵਿਚਾਰੀ। ਕੁੜੀ ਵੀ ਇਦਾਂ ਦੀ ਈ ਨਿਕਲੀ ਆ। ਦਰਅਸਲ...

... ਤੁਸੀਂ ਯਾਰ ਦਰਾਮ ਵੀ ਪੀਓ। ਤੁਹਾਡੇ ਬੈਠਿਆਂ ਤੇ ਆਹ ਮੇਰਾ ਤੀਜਾ ਪੈੱਗ ਆ ਤਾਂ ਤੁਸੀਂ ਅਜੇ ਪਹਿਲਾ ਵੀ ਨਈਂ ਛੇੜਿਆ। ਖਾਣ ਪੀਣ ਵਾਲੀਆਂ ਚੀਜਾਂ ਤੋਂ ਨਈਂ

ਭੱਜਣਾ ਚਾਹੀਦਾ। ਦੋ ਈ ਤਾਂ ਚੀਜਾਂ ਜ਼ਰੂਰੀ ਆ ਬੰਦੇ ਲਈ। ਬੰਦਾ ਵਧੀਆ ਖਾਵੇ ਪੀਵੇ ਤੇ ਬੰਦੇ ਦੇ ਅਸੂਲ ਹੋਣ ਪੱਕੇ। ਜੇ ਤੁਹਾਡੇ ਆਪਣੇ ਅਸੂਲ ਹੈਗੇ ਆ ਤਾਂ ਕੋਈ ਤੁਹਾਡਾ ਕੁਝ ਨਈਂ ਵਗਾੜ ਸਕਦਾ। ਆਹ ਲੋ ਹੁਣ ਦੇਖ ਲਓ ਮਿੱਲਾਂ 'ਚ ਕਈ ਐਵੀਂ ਨਿੱਕੀ ਨਿੱਕੀ ਗੱਲ ਬਦਲੇ ਜੂਨੀਅਨ ਦੇ ਪਿੱਛੇ ਭੱਜਦੇ ਫਿਰਨਗੇ। ਆਪਾਂ ਨਈਂ ਕਦੀ ਬੁਲਾਇਆ ਕਿਸੇ ਛੜੇ-ਛਾਪ-ਸਟੂਅਰਟ ਨੂੰ । ਬੱਸ ਆਪਣੇ ਕੰਮ ਨਾਲ ਮਤਲਬ ਰੱਖੀਦਾ। ਜਾਹ ਤਾਂ ਕਦੀ ਫੋਰਮੈਨ ਅੱਖ ਚੱਕ ਕੇ ਵੀ ਦੇਖ ਜੇ। ਦਰਅਸਲ ਬੰਦੇ ਆਪਣੇ ਠੀਕ ਨਈਂ। ਸਾਲ਼ੇ ਰਿਸ਼ਤੇਦਾਰਾਂ ਨੂੰ ਕੰਮ ਤੇ ਲੁਆਉਣ ਲਈ ਫੋਰਮੈਨਾਂ ਮਗਰ ਬੈਂ ਬੈਂ ਕਰਦੇ ਫਿਰਨਗੇ। ਕਦੀ ਕ੍ਰਿਸਮਸ ਨੂੰ ਆਹ ਗਿਫਟ ਦੇਹ ਕਦੀ ਆਹ। ਆਪਾਂ ਨਈਂ ਕਿਸੇ ਫੜੇ ਫੋਰਮੈਨ ਨੂੰ ਕਦੀ ਕੁਝ ਦਿੱਤਾ ਲਿਆ .. ਹਾਂ ਇਕ ਵਾਰੀ ਆਪਣੇ ਸਾਲ਼ੇ ਨੂੰ ਕੰਮ 'ਤੇ ਲੁਆਉਣ ਲਈ ਇਕ ਸਕਾਚ ਦੀ ਬੋਤਲ ਦਿੱਤੀ ਸੀ, ਪਰ ਕਿਸੇ ਨੂੰ ਕੰਮ 'ਤੇ ਲੁਆਉਣ ਦਾ ਕੋਈ ਫੈਦਾ ਅੱਜ ਕੱਲ੍ਹ? ਕੌਣ ਕੀਤੇ ਨੂੰ ਮੰਨਦਾ? ਉਹ ਮੇਰਾ ਸਾਲ਼ਾ, ਛੋਕਰਾ ਜਿਹਾ ਇੱਥੇ ਮੇਰੇ ਘਰੇ ਦੋ ਸਾਲ ਰੋਟੀਆਂ ਪਾੜਦਾ ਰਿਹਾ। ਮੈਂ ਇਕ ਵਾਰੀ ਘਰ ਦੀ ਮੋਰਗੇਜ ਦੇ ਪੈਸੇ ਲਾਹੁਣ ਲਈ ਉਹਦੇ ਥੋੜ੍ਹੇ ਜਿਹੇ ਪੈਸੇ ਵਰਤ ਲਏ। ਛਲਾਰੂ ਜਿਹਾ ਧੌਣ ਨੂੰ ਪਵੇ, ਅਖੇ ਜੀ ਹਮਕੋ ਪੁੱਛੇ ਬਿਨਾਂ ਪੈਸੇ ਕਿਉਂ ਵਰਤੇ। ਮੈਂ ਉੱਦਣ ਈ ਸਾਲ਼ੇ ਦਾ ਬੋਰੀਆ ਬਿਸਤਰਾ ਚੁੱਕ ਕੇ ਸੜਕ 'ਚ ਮਾਰਿਆ ਤੇ ਨਾਲੇ ਕਿਹਾ, ਲੈ ਲਈਂ ਹੁਣ ਪੈਸੇ ਜਿਹੜੇ ਭਣੋਈਏ ਤੋਂ ਲੈਣੇ ਹੋਏ। ਦੋ ਦਬਕੇ ਮਾਰੇ, ਐਸਾ ਡਰਿਆ ਮੁੜ ਕੇ ਮੇਰੇ ਘਰ ਵਲ ਮੂੰਹ ਨਈਂ ਕੀਤਾ। ਇਹੋ ਜਿਹੇ ਤਾਂ ਰਿਸ਼ਤੇਦਾਰ ਆ ਜਨਾਬ। ਏਥੇ ਲੋਕ ਆ ਪਹਿਲਾਂ ਇਮੀਗਰੇਸ਼ਨ ਮਗਰ ਜੁੱਤੀਆਂ ਘਸਾਉਂਦੇ ਆ, ਫੇਰ ਉਹਨਾਂ ਨੂੰ ਕੰਮਾਂ 'ਤੇ ਲੁਆਉਣ ਲਈ ਬੌਸਾਂ ਦੀਆਂ ਮਿੰਤਾਂ ਕਰਦੇ ਫਿਰਦੇ ਆ। ਮੈਨੂੰ ਤਾਂ ਸਮਝ ਨਈਂ ਆਉਂਦੀ ਪਈ ਏਨੀ ਹੇੜ੍ਹ ਦੀ ਹੇੜ੍ਹ ਰਿਸ਼ਤੇਦਾਰ ਕਾਹਦੇ ਲਈ ਸੱਦਣੇ ਹੋਏ। ਜਾਦੇ ਲੋਕ ਆ ਕੇ ਵਾਧੂ ਦੀ ਟਰੱਬਲ ਈ ਕਰਦੇ ਆ। ਆਹ ਪਹਿਲਾਂ ਪਹਿਲਾਂ ਕੋਈ ਗੋਰਾ ਤੁਹਾਡੀ ਵਲ ਅੱਖ ਚੁੱਕ ਕੇ ਨਈਂ ਸੀ ਦੇਖਦਾ। ਜਦੋਂ ਦੀਆਂ ਆਹ ਰਿਸ਼ਤੇਦਾਰੀਆਂ ਦੀਆਂ ਕਤਾਰਾਂ ਆਉਣ ਲੱਗੀਆਂ, ਪੰਗੇ ਤੇ ਪੰਗਾ ਪਿਆ ਰਹਿੰਦਾ ਗੋਰਿਆਂ ਨਾਲ। ਫੇਰ ਨਸਲਵਾਦ ਨਸਲਵਾਦ ਕੂਕਦੇ ਆ। ਇਹਨਾਂ ਨੂੰ ਕੋਈ ਪੁੱਛਣ ਵਾਲਾ ਹੋਵੇ ਪਈ ਭੋਂਦੂਓ, ਨਸਲਵਾਦ ਕਾਹਦਾ ਉਏ? ਇਹ ਗੋਰਿਆਂ ਦਾ ਜਿੱਤਿਆ ਹੋਇਆ ਮੁਲਕ ਆ, ਜੋ ਮਰਜੀ ਕਰਦੇ ਫਿਰਨ। ਅਸੀਂ ਨਈਂ ਸੀ ਆਪਣੀ ਮਨਮਰਜੀ ਕਰਦੇ? ਭਾਵੇਂ ਡੂੜ੍ਹ ਖੱਤੇ ਦੇ ਮਾਲਕ ਹੋਈਏ, ਪਿੰਡ ਜਿਹੜਾ ਚੂਹੜਾ ਚਮਾਰ ਮਾੜਾ ਜਿਹਾ ਵੀ ਆਕੜੇ ਬੰਨੇ ਤੇ ਨਈਂ ਸੀ ਚੜ੍ਹਨ ਦਿੱਤਾ ਕਦੀ। ਉੱਦਾਂ ਇਹ ਗੋਰੇ ਆਪਣੇ ਲੋਕਾਂ ਨਾਲੋਂ ਬਹੁਤ ਚੰਗੇ ਆ। ਜੇ ਤੁਸੀਂ ਇਹਨਾਂ ਨੂੰ ਬਾਦਰ ਨਾ ਕਰੋ ਤਾਂ ਨਈਂ ਇਹ ਕੁਝ ਵੀ ਕਹਿੰਦੇ, ਪਰ ਆਪਣੇ ਬੰਦਿਆਂ ਨੇ ਤਾਂ ਖੱਸ ਪਏ ਕੁੱਤੇ ਅੰਗੂ ਹਰ ਚੀਜ ਨਾਲ ਖਹਿ ਕੇ ਲੰਘਣਾ ਹੋਇਆ। ਫੇਰ ਟਰੱਬਲ ਤਾਂ ਹੋਣੀ ਹੋਈ। ਜਿੱਦਾਂ ਕਹਿੰਦੇ ਹੁੰਦੇ ਆ ਪਈ ਪੈਸਾ ਖੋਟਾ ਆਪਣਾ ਕੀ ਬਾਣੀਏ ਨੂੰ ਦੋਸ਼। ਆਪਣਿਆਂ ਦੇ ਈ ਕੰਨ ਖਿੱਚਣੇ

ਚਾਹੀਦੇ ਆ। ਇਹ ਐਵੀਂ ਕਮੇਟੀਆਂ ਕਮੂਟੀਆਂ ਜਿਹੀਆਂ ਬਣਾ ਕੇ ਜਿੰਦਾਬਾਦ ਮੁਰਦਾਬਾਦ ਕਰਨ ਦਾ ਕੀ ਫੈਦਾ? ਮੈਂ ਤਾਂ...

... ਓ ਤੁਸੀਂ ਬੈਠੋ ਤਾਂ ਸਹੀ। ਆਹ ਭੋਰਾ ਦਾਰੂ ਤਾਂ ਪੀਓ੧ਓ ਚਲੇ ਜਾਇਓ। ਦਰਅਸਲ ਬਾਹਲਾ ਕਦੀ ਕਿਸੇ ਨੂੰ ਇੱਦਾਂ ਚੰਦਾ ਚੁੰਦਾ ਦੇਣਾ ਲੈਕੀ ਨਈਂ। ਹਾਂ ਕਿਤੇ ਕਤਾਈਂ ਗੁਰਦੁਆਰੇ ਵਾਲਿਆਂ ਨੂੰ ਜ਼ਰੂਰ ਥੋੜ੍ਹਾ ਬਾਹਲਾ ਦੇ ਦਿੰਦਾ ਹੁੰਨਾਂ। ਮੈਂ ਕਹਿੰਨਾ ਪਈ ਚਲੋ ਜੇ ਉਹ ਹੇਰਾ ਫੇਰੀ ਕਰਦੇ ਆ ਤਾਂ ਆਪੇ ਭਰਨਗੇ, ਅਸੀਂ ਕਾਹਨੂੰ ਉਹਨਾਂ ਦੀ ਨਿੰਦਿਆ ਕਰੀਏ। ਅਸੀਂ ਤਾਂ ਆਪਣੀ ਸ਼ਰਧਾ ਨਾਲ ਦੇਣੇ ਹੋਏ। ਤਾਂ ਜਾਂ ਫੇਰ ਉਹ ਮੁੰਡੇ ਹੈਗੇ ਆ ਸਾਡੇ ਪਿੰਡਾਂ ਕੋਲ ਦੇ। ਉਹ ਜੇ ਕਿਤੇ ਆ ਜਾਣ ਤਾਂ ਉਹਨਾਂ ਨੂੰ ਜਰੂਰ ਥੋੜ੍ਹੇ ਬਾਹਲੇ ਦੇ ਦਿੰਨਾਂ ਹੁੰਨਾਂ। ਉਹ ਬਹੁਤ ਗੁੱਡ ਬੰਦੇ ਆ। ਏਨੀ ਇੱਜਤ ਕਰਦੇ ਆ ਪਈ ਪੁੱਛ ਈ ਨਾ। ਜਦ ਕਿਤੇ ਆ ਜਾਣ ਭਾ ਜੀ ਭਾ ਜੀ ਕਰਨਗੇ। ਉਹਨਾਂ ਨੂੰ ਬੰਦੇ ਦੀ ਸਮਝ ਆ ਪੂਰੀ। ਉੱਦਾਂ ਪਹਿਲਾਂ ਪਹਿਲਾਂ ਲੱਗੇ ਸੀ ਉਹ ਵੀ "ਕਾਮਰੇਡ ਅਸੀਂ ਆਹ ਕਰਦੇ ਹੁੰਦੇ ਆਂ, ਅਸੀਂ ਆਹ ਕਰਦੇ ਹੁੰਨੇ ਆਂ"। ਮੈਂ ਕਿਹਾ ਤੁਸੀਂ ਜੇ ਮਿੰਟ ਬਹਿਣਾ ਬਹਿ ਜਾਓ, ਦਰਾਮ ਪੀਣਾ ਆਂ ਤਾਂ ਪੀ ਲਓ, ਪਰ ਹਾਅ ਪਾਲੇਟਿਕਸ ਰੱਖੋ ਆਪਣੇ ਕੋਲ। ਲਓ ਜੀ ਉਹ ਮੇਰੇ ਕੋਲ ਰਾਤ ਦੇ ਦੋ ਵਜੇ ਤਕ ਬੈਠੇ ਰਹੇ। ਅਸੀਂ ਸਕਾਚ ਦੀਆਂ ਢਾਈ ਪੀਤੀਆਂ ਉਸ ਦਿਨ। ਖੁੱਲ੍ਹ ਕੇ ਗੱਲਾਂ ਹੋਈਆਂ। ਹੁਣ ਵੀ ਜਦੋਂ ਆਉਣ, ਬੈਠੀਦਾ, ਦਰਾਮ ਪੀਈਦਾ। ਉਹਨੀਂ ਨਈਂ ਸ਼ੇਰ ਦਿਆਂ ਪੁੱਤਾਂ ਨੇ ਮੈਨੂੰ ਕਦੀ ਬਾਦਰ ਕੀਤਾ ਪਈ ਆਹ ਪੇਪਰ ਪੜ੍ਹ ਲੈ, ਆਹ ਪੜ੍ਹ ਲੈ। ਬੱਸ ਆਉਣਗੇ, ਦਰਾਮ ਪੀਣਗੇ ਬੰਦਿਆਂ ਆਂਗ। ਗੱਪ ਛੱਪ ਮਾਰਨਗੇ। ਇਕ ਵਾਰੀ ਤਾਂ ਅਸੀਂ ਦਾਰੂ ਪੀਂਦਿਆਂ ਦੋ ਬਲੂ ਮੂਵੀਆਂ ਵੀ ਦੇਖ ਮਾਰੀਆਂ। ਇੱਦਾਂ ਦੇ ਬੰਦੇ ਆ ਸਰਦਾਰ ਜੀ ਉਹੋ। ਪੱਕੇ ਯਾਰਾਂ ਦੇ ਯਾਰ...

...ਤੁਸੀਂ ਯਾਰ ਬਾਹਲੇ ਈ ਕਾਹਲੇ ਪਈ ਜਾਨੇ ਆਂ। ਬੈਠੋ ਘੜੀ। ਲੈ ਲਓ ਭੋਰਾ ਦਾਰੂ। ਆਪਾਂ ਗੱਪਾਂ ਛੱਪਾਂ ਮਾਰਦੇ ਆਂ। ਤੁਸੀਂ ਤਾਂ ਮੰਗਦੇ ਈ ਸਾਰੇ ਦਸ ਡਾਲਰ ਆਂ। ਉੱਦਾਂ ਇਹ ਜਿਹੜੇ ਕਮਿਊਨਿਟੀ ਦੇ ਕੰਮਾਂ ਲਈ ਪੈਸੇ ਕੱਠੇ ਕਰਨ ਤੁਰੇ ਰਹਿੰਦੇ ਆ ਨਾ, ਸਭ ਆਪਣੀ ਜੇਬ ਲਈ ਕਰਦੇ ਆ। ਕੋਈ ਕਿਸੇ ਕਮਿਊਨਿਟੀ ਸੁਮਿਨਿਟੀ ਦੀ ਪਰਵਾਹ ਨਈਂ ਕਰਦਾ। ਸਭ ਦੁਨੀਆਂ ਮਤਲਬ ਦੀ ਜਨਾਬ...

... ਅੱਛਾ ਮੈਂ ਤੁਹਾਨੂੰ ਸਿੱਧੀ ਗੱਲ ਦੱਸਦਾਂ। ਗੱਲ ਦਸਾਂ ਡਾਲਰਾਂ ਦੀ ਨਈਂ। ਸਾਡੇ ਘਰ ਕੋਈ ਪੜ੍ਹਦਾ ਪੁੜ੍ਹਦਾ ਈ ਨਈਂ ਇਹ ਮੜੇ ਮੈਗਜੀਨ। ਮੁੰਡਾ ਕੁੜੀ ਉੱਦਾਂ ਨਈਂ ਪੰਜਾਬੀ ਜਾਣਦੇ। ਮੈਂ ਤਾਂ ਮੇਰੇ ਘਰ ਆਲੀ ਤਾਂ ਉੱਦਾਂ ਪੜ੍ਹ ਲੈਨੇ ਆਂ, ਪਰ ਪੜ੍ਹਨ ਦਾ ਟੈਮ ਨਈਂ ਹੁੰਦਾ ਇੱਥੇ। ਤੁਹਾਨੂੰ ਪਤਾ ਈ ਆ ਪਈ ਲੈਫ ਕਿੰਨੀ ਬਿਜੀ ਆ ਇੱਥੇ। ਕਦੀ ਕਿਸੇ ਦੇ ਨਿਆਣੇ ਦੀ ਬਰਸ਼ਡੇ 'ਤੇ ਚਲੇ ਜਾਓ ਕਦੀ ਕਿਸੇ ਮਰੇ 'ਤੇ ਟੂ-ਬੈਡ ਕਰਨ ਚਲੇ ਜਾਓ। ਨਾਲੇ ਇਹਨਾਂ ਰੜੇ ਰਸਾਲ਼ਿਆ 'ਚ ਹੁੰਦਾ ਵੀ ਕੀ ਆ। ਬੰਦੇ ਨੂੰ ਜੋ ਕੁਝ ਜ਼ਿੰਦਗੀ ਵਿਚ ਚਾਹੀਦਾ ਆ ਉਹ ਆਪਣੇ ਕੋਲ ਹੈਗਾ - ਵਧੀਆ ਘਰ ਆ,

ਵਧੀਆ ਕਾਰ ਆ, ਆਪਣੀ ਸ਼ਰਾਬ ਪੀਈਦੀ ਆ, ਐਸ਼ ਕਰੀ ਦੀ ਆ। ਇਦੂੰ ਵਧ ਇਹ ਰਸਾਲੇ ਹੋਰ ਮੈਨੂੰ ਕੀ ਸਿਖਾ ਦੇਣਗੇ? ਨਾਲੇ ਗੱਲ ਟੈਮ ਦੀ ਵੀ ਆ। ਜੇ ਟੈਮ ਹੋਵੇ ਤਾਂ ਬੰਦਾ ਪੜ੍ਹ ਵੀ ਲਵੇ ਭਾਵੇਂ। ਉੱਦਾਂ ਇੱਥੇ ਤਾਂ ਆਹ ਮੇਲ ਵਿਚ ਆਪੇ ਈ ਏਨੇ ਸੇਲਾਂ ਸੂਲ੍ਹਾਂ ਦੇ ਪੇਪਰ ਜਿਹੇ ਆ ਜਾਂਦੇ ਆ ਪਈ ਬੰਦਾ ਭਾਵੇਂ ਰੋਜ ਦੋ ਤਿੰਨ ਘੰਟੇ ਪੜ੍ਹਦਾ ਰਹੇ ਉਹਨਾਂ ਨੂੰ...

... ਅੱਛਾ ਇੱਦਾਂ ਕਰੋ ਹੁਣ ਤੁਸੀਂ ਘਰ ਆਏ ਆਂ ਚੰਗਾ ਨਈਂ ਲੱਗਦਾ। ਆਹ ਲਓ ਪੰਜ ਡਾਲਰ, ਪਰ ਤੁਸੀਂ ਮੈਨੂੰ ਪਰਚਾ ਪੁਰਚਾ ਤਾਂ ਨਾ ਕੋਈ ਭੇਜਿਓ ... ਤੁਸੀਂ ਅਜੀਬ ਬੰਦੇ ਆਂ। ਮੈਂ ਘਰ ਆਇਆਂ ਦੀ ਇੱਜਤ ਕਰਦਾਂ। ਕੋਲੋਂ ਪੰਜ ਡਾਲਰ ਦੇਣ ਡਿਹਾਂ... ਤੁਸੀਂ ਮੂਹਰਿਓਂ ਢੁੱਚਰਾਂ ਕਰਦੇ ਆਂ... ਨਹੀਂ ਲੈਣੇ ਤਾਂ ਨਾ ਲਓ, ਹੈਂ ਵੱਡੇ ਚੌਧਰੀ ... ਮੇਰਾ ਨਾਂ ਵੀ ਜਗੀਰੂ ਲੰਬੜ ਆ ... ਤੁਹਾਡੇ ਅਰਗਿਆਂ ਨੂੰ ਤਾਂ ਮੈਂ ਉੱਦਾਂ ਈ ਨਈਂ ਘਰ ਵੜਣ ਦਿੰਦਾ ਕਦੀ... ...

❍●❍●❍●

# ਬਾਰਾਂ ਤੋਂ ਪਹਿਲਾਂ

ਸਵੇਰ ਦੇ ਸਾਢੇ ਨੌਂ ਵੱਜਣ ਵਾਲੇ ਸਨ। ਭਾਈ ਜੀ ਹੋਰੀਂ ਚਾਹ ਦਾ ਕੱਪ ਜਲਦੀ ਨਾਲ ਖਤਮ ਕਰਕੇ ਆਪਣੀ ਪੱਗ ਨੂੰ ਥਾਂ ਸਿਰ ਕੀਤਾ। ਲੰਬੀ ਦਾਹੜੀ ਨੂੰ ਹੱਥਾਂ ਦੀਆਂ ਉਂਗਲਾਂ ਨਾਲ ਕੰਘੀ ਕੀਤੀ। ਆਪਣੇ ਲੰਬੇ ਕੋਟ ਦੇ ਬਟਨ ਦੋਬਾਰਾ ਚੈੱਕ ਕੀਤੇ। ਕੁਰਸੀ ਤੋਂ ਆਪਣਾ ਲੰਬਾ ਪਰਨਾ ਚੁੱਕਿਆ ਅਤੇ ਗਲ ਦੇ ਦੁਆਲ਼ੇ ਲਪੇਟ ਲਿਆ। ਕਾਹਲੀ ਕਾਹਲੀ ਬਾਹਰਲੇ ਦਰਵਾਜ਼ੇ ਕੋਲ ਖੜ੍ਹਿਆਂ ਹੀ ਬੂਟ ਪਾਏ ਅਤੇ ਉਹਨਾਂ ਦੇ ਅੱਡੀਆਂ ਕੋਲ ਲੱਗੇ ਹੋਏ "ਜ਼ਿਪਰ" ਖਿੱਚ ਲਏ। ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲਣ ਲੱਗੇ ਇਕ ਪਲ ਲਈ ਰੁਕ ਗਏ। ਚਮੜੇ ਨੂੰ ਹੱਥ ਲਾਉਣ ਬਾਅਦ ਹੱਥ ਸੁੱਚੇ ਕਰਨ ਦਾ ਖਿਆਲ ਆਇਆ। ਇਸ ਖਿਆਲ ਨੂੰ ਮਨ 'ਚ ਹੀ ਦਬਾਉਂਦਿਆਂ ਉਹਨੀਂ ਬਾਹਰ ਨਿਕਲ ਕਾਹਲੀ ਨਾਲ ਦਰਵਾਜ਼ਾ ਬੰਦ ਕੀਤਾ।

ਬਾਹਰ ਨਿਕਲਦੇ ਹੀ ਉਹ ਪਾਲ਼ੇ ਨਾਲ ਠੁਰ ਠੁਰ ਕਰਨ ਲੱਗੇ। ਪਿਛਲੇ ਦੋ ਤਿੰਨ ਦਿਨ ਤੋਂ ਹੋ ਰਹੀ ਬਰਫਬਾਰੀ ਰਾਤ ਦੀ ਹਟ ਚੁੱਕੀ ਸੀ। ਠੰਢ ਅਜੇ ਵੀ ਬਹੁਤ ਸੀ। ਨਾਲ ਹੀ ਹਰ ਪਾਸੇ ਪਈ ਬਰਫ ਦੀ ਹੋਂਦ ਵੀ ਜਿਵੇਂ ਸਰੀਰ ਨੂੰ ਠੰਢ ਲਾ ਰਹੀ ਹੋਵੇ। ਭਾਈ ਜੀ ਨੂੰ ਉਂਝ ਵੀ ਪਿਛਲੇ ਦੋ ਤਿੰਨ ਦਿਨ ਦਾ ਜ਼ੁਕਾਮ ਜਿਹਾ ਹੋ ਗਿਆ ਸੀ ਤੇ ਉਹਨਾਂ ਨੂੰ ਨੱਕ "ਚੋਂ ਵਗਦੇ ਪਾਣੀ ਨੂੰ ਸਾਫ ਕਰਨ ਲਈ ਹਰ ਵੇਲੇ "ਕਲੀਨਿਕਸ" ਹੱਥ ਵਿਚ ਰੱਖਣਾ ਪੈ ਰਿਹਾ ਸੀ। ਘਰ ਦੇ "ਡਰਾਈਵ-ਵੇ" 'ਚ ਖੜ੍ਹੀ ਪੀਲੇ ਰੰਗ ਦੀ "ਮਸਟੈਂਗ" ਕਾਰ ਨੂੰ ਉਹਨਾਂ ਦੀ ਵੱਡੀ ਧੀ ਨੇ ਕੁਝ ਦੇਰ ਪਹਿਲਾਂ "ਸਯਾਰਟ" ਕਰ ਦਿੱਤਾ ਸੀ ਅਤੇ ਹੁਣ ਤਕ ਕਾਰ "ਗਰਮ" ਹੋ ਗਈ ਸੀ।

ਭਾਈ ਜੀ ਨੇ ਕਾਰ 'ਚ ਬਹਿੰਦਿਆਂ ਹੀ ਘੜੀ ਦੇਖੀ ਅਤੇ ਆਪਣੀ ਧੀ ਨੂੰ ਕਿਹਾ, "ਬੇਟਾ ਜਲਦੀ ਕਰੋ, ਪਹਿਲਾਂ ਕੁਝ ਮਿੰਟ ਗੁਰਦਵਾਰੇ ਚੱਲਣਾ ਹੈ"।

ਉਹਦੀ ਮੁਟਿਆਰ ਧੀ ਨੇ ਉਣੀਂਦਰੀਆਂ ਅੱਖਾਂ 'ਚ ਗੁੱਸਾ ਭਰਦਿਆਂ ਜਵਾਬ ਦਿੱਤਾ, "ਬਾਪੂ ਜੀ ਫੇਰ ਤੁਹਾਡੇ ਕੋਲੋਂ ਦਾਗਾਂ ਲਈ ਮਾਰਚਰੀ ਨਈਂ ਟੈਮ ਸਿਰ ਪਹੁੰਚ ਹੋਣਾਂ੧ਓ ਫੇਰ ਨਾ ਕਿਹੋ ਦੱਸਿਆ ਨੀ"।

ਭਾਈ ਜੀ ਨੇ ਫੇਰ ਆਪਣੀ ਘੜੀ ਦੇਖੀ। ਜਾਣ ਜੋਗਾ ਵਕਤ ਤਾਂ ਸੀ ਪਰ ਉਹ ਬੋਲੇ ਕੁਝ ਨਾ, ਕਿਉਂਕਿ ਉਹਨਾਂ ਨੂੰ ਪਤਾ ਸੀ ਕਿ ਉਹਨਾਂ ਦੀ ਧੀ "ਗਰੇਵਯਾਰਡ ਸ਼ਿਫਟ" ਕੰਮ ਕਰਕੇ ਆਈ ਸੀ ਅਤੇ ਅਜੇ ਤਕ ਸੁੱਤੀ ਨਹੀਂ ਸੀ।

ਕੁੜੀ ਨੇ ਕਾਰ ਨੂੰ ਤੇਜ਼ੀ ਨਾਲ ਸੜਕ ਉੱਪਰ ਪਾਇਆ। ਸੜਕ ਵਿਚੋਂ ਕਾਰਾਂ ਦੀ ਆਵਾਜਾਈ ਕਰਕੇ ਅਤੇ ਮਿਊਂਸਪੈਲਟੀ ਵੱਲੋਂ ਸਿੱਟੇ ਲੂਣ ਕਰਕੇ ਗੱਭਿਓਂ ਤਾਂ ਬਰਫ ਖੁਰ ਗਈ ਸੀ ਪਰ ਸੜਕ ਦੇ ਦੋਹੀਂ ਪਾਸੀਂ ਅਜੇ ਫੁੱਟ ਫੁੱਟ ਚੜ੍ਹੀ ਪਈ ਸੀ। ਗਿੱਲੀ ਸੜਕ ਤੇ ਦੌੜਦੀ ਕਾਰ ਆਪਣੇ ਪਿੱਛੇ ਲੂਣ ਮਿਲੇ ਪਾਣੀ ਦਾ ਇਕ ਛਰਾਟਾ ਜਿਹਾ ਪਾ ਰਹੀ ਸੀ। ਭਾਈ ਜੀ ਕਾਰ ਵਿਚੋਂ ਬਾਹਰ ਝਾਕ ਰਹੇ ਸਨ ਪਰ ਉਹਨਾਂ ਦੀ ਨਿਗਾਹ ਰਾਤ ਦੀ ਤਾਜ਼ੀ ਪਈ ਬਰਫ ਦੀ ਸੁੰਦਰਤਾ ਨਹੀਂ ਸੀ ਮਾਣ ਰਹੀ। ਉਹਨਾਂ ਦੀ ਨਜ਼ਰ ਹੇਠ ਆ ਰਹੀ ਬਾਹਰ ਦੀ ਕੋਈ ਵੀ ਚੀਜ਼ ਇਸ ਵਕਤ ਉਹਨਾਂ ਦਾ ਧਿਆਨ ਨਹੀਂ ਸੀ ਖਿੱਚ ਰਹੀ।

ਉਹ ਆਪਣੀਆਂ ਸੋਚਾਂ ਵਿਚ ਉਲਝੇ ਹੋਏ ਸਨ – ਪਹਿਲਾ ਦਾਗ ਜੋ ਸਰਦਾਰ ਖੁਸ਼ਹਾਲ ਸਿੰਘ ਦੀ ਮਾਤਾ ਜੀ ਦਾ ਸੀ ਉੱਥੇ ਤਾਂ ਉਹ ਹਰ ਹਾਲਤ ਵਿਚ ਉਂਝ ਹੀ ਜਾਣਾ ਚਾਹੁੰਦੇ ਸਨ। ਕਿਉਂਕਿ ਖੁਸ਼ਹਾਲ ਸਿੰਘ ਭਾਈ ਜੀ ਨਾਲ ਬਹੁਤ ਮੁਹੱਬਤ ਕਰਦੇ ਸਨ ਅਤੇ ਵੇਲੇ ਕੁਵੇਲੇ ਉਹਨਾਂ ਦੇ ਕੰਮ ਵੀ ਆ ਜਾਂਦੇ। ਭਾਈ ਜੀ ਵੀ ਸਰਦਾਰ ਹੋਰਾਂ ਦਾ ਬੜਾ ਸਤਿਕਾਰ ਕਰਦੇ। ਅਤੇ ਹਮੇਸ਼ਾਂ ਉਹਨਾਂ ਨਾਲ ਗੱਲ ਕਰਦਿਆਂ ਜਾਂ ਉਹਨਾਂ ਬਾਰੇ ਗੱਲ ਕਰਦਿਆਂ, ਸਰਦਾਰ ਖੁਸ਼ਹਾਲ ਸਿੰਘ ਕਹਿ ਕੇ ਹੀ ਸੰਬੋਧਨ ਕਰਦੇ। ਹੁਣ ਵੀ ਜਦੋਂ ਉਹਨਾਂ ਦੇ ਮਨ ’ਚ ਇਹ ਵਿਚਾਰ ਆ ਰਹੇ ਸਨ ਤਾਂ ਉਹ ਸਰਦਾਰ ਖੁਸ਼ਹਾਲ ਸਿੰਘ ਹੋਰਾਂ ਦਾ ਪੂਰਾ ਨਾਂ ਲੈ ਕੇ ਹੀ ਉਹਨਾਂ ਬਾਰੇ ਸੋਚ ਰਹੇ ਸਨ।

“ਪਰ ਜੇ ਦੂਜੇ ਦਾਗ ਦੀ ਅਰਦਾਸ ਲਈ ਭਲਾ ਅੱਜ ਗੁਰਮੁਖ ਮੰਨ ਜਾਂਦਾ ਤਾਂ ਉਹਦਾ ਕੀ ਵਿਗੜ ਜਾਣਾ ਸੀ। ਮੈਂ ਵੀ ਤਾਂ ਇਹੋ ਜਿਹੇ ਮੌਕੇ ਉਹਦੇ ਕੰਮ ਆ ਹੀ ਜਾਂਦਾ ਹਾਂ। ਪਰ ਨਹੀਂ ਇਹ ਦੁਨੀਆਂ ਬੜੀ ਨਾਸ਼ੁਕਰੀ ਹੈ”, ਭਾਈ ਜੀ ਨੇ ਮਨ ਵਿਚ ਸੋਚਿਆ।

ਨਾਂਹ ਕਰਨ ਕਰਕੇ ਭਾਈ ਗੁਰਮੁਖ ਸਿੰਘ ਦੇ ਵਿਰੁੱਧ ਕਈ ਮਾੜੇ ਖਿਆਲ ਉਹਨਾਂ ਦੇ ਮਨ ’ਚ ਆਉਣ ਲੱਗੇ। ਕਾਫੀ ਦੇਰ ਤੋਂ ਇੱਕੋ ਗੁਰਦਵਾਰੇ ਗ੍ਰੰਥੀ ਹੋਣ ਕਰਕੇ ਉਹ ਉਹਦੇ ਬਾਰੇ ਕਈ ਕੁਝ ਇਹੋ ਜਿਹਾ ਜਾਣਦੇ ਸਨ ਕਿ ਜੇ ਲੋਕਾਂ ਨੂੰ ਪਤਾ ਲੱਗ ਜਾਏ ਤਾਂ ਗੁਰਦਵਾਰਿਓਂ ਈ ਨਈਂ ਉਹਨੂੰ ਇਸ ਸ਼ਹਿਰ “ਚੋਂ ਵੀ ਨਿਕਲਣਾ ਪੈ ਜਾਏ। ਪਰ ਭਾਈ ਜੀ ਨੇ ਛੇਤੀ ਹੀ ਆਪੇ ’ਤੇ ਕਾਬੂ ਪਾ ਲਿਆ ਅਤੇ ਗੁਰਮੁਖ ਸਿੰਘ ਬਾਰੇ ਹੋਰ ਬਾਹਲਾ ਨਾ ਸੋਚਿਆ।

ਭਾਈ ਜੀ ਨੇ ਦੂਜੇ ਦਾਗ ਦੀ ਅਰਦਾਸ ਕਰਨ ਤੋਂ ਜਵਾਬ ਦੇਣ ਬਾਰੇ ਵੀ ਸੋਚਿਆ ਸੀ। ਪਰ ਇਹ ਕਰ ਸਕਣਾ ਵੀ ਉਹਨਾਂ ਲਈ ਸੰਭਵ ਨਹੀਂ ਸੀ। ਇਸ ਨਾਲ ਮਰਨ ਵਾਲੇ ਦੀ ਆਤਮਾ ਦੀ ਸ਼ਾਂਤੀ ਨਮਿੱਤ ਜੋ ਪਾਠ ਰਖਾਇਆ ਜਾਣਾ ਸੀ ਉਹ ਦੂਜੇ ਗੁਰਦਵਾਰੇ ਜਾ ਸਕਦਾ ਸੀ। ਇਹ ਗੱਲ ਕਮੇਟੀ ਵਾਲੇ ਕਦੀ ਬਰਦਾਸ਼ਤ ਨਹੀਂ ਸੀ ਕਰਨ ਲੱਗੇ। ਭਾਈ ਜੀ ਇਹ ਵੀ ਤਾਂ ਨਹੀਂ ਸੀ ਚਾਹੁੰਦੇ ਕਿ ਉਹਨਾਂ ਦਾ ਕਮੇਟੀ

ਵਾਲਿਆਂ ਨਾਲ ਕਿਸੇ ਕਿਸਮ ਦਾ ਵਿਗਾੜ ਪਵੇ। ਕਮੇਟੀ ਦੇ ਇਕ ਦੋ ਮੈਂਬਰ ਤਾਂ ਉਹਨਾਂ ਵਲ ਉਂਝ ਹੀ ਕੈਰੀ ਨਿਗ੍ਹਾ ਨਾਲ ਦੇਖਦੇ ਸਨ।

ਨਾਲੇ ਜਿਹੋ ਜਿਹਾ ਅੱਜ ਕੱਲ੍ਹ ਸਮਾਂ ਸੀ ਉਸ ਲਈ ਤਾਂ ਹਰ ਵਕਤ ਸਾਵਧਾਨ ਰਹਿਣ ਦੀ ਲੋੜ ਸੀ। ਕਈ ਵਾਰੀ ਭਾਈ ਜੀ ਆਪਣੇ ਆਪ ਨੂੰ ਬੜੀ ਕੁੜਿੱਕੀ 'ਚ ਫਸੇ ਮਹਿਸੂਸ ਕਰਦੇ। ਕਮੇਟੀ ਵਾਲਿਆਂ 'ਚ ਹੁਣ ਬਹੁਤੇ ਗਰਮ ਲੋਕ ਸਨ ਜਿਹੜੇ ਗੱਲ ਗੱਲ 'ਤੇ ਤਲਵਾਰ ਧੂਹਣ ਨੂੰ ਤਿਆਰ ਸਨ। ਹੁਣ ਤਾਂ ਦੀਵਾਨ ਸਜੇ 'ਤੇ ਬੋਲਣ ਲੱਗਿਆਂ ਵੀ ਨਿੱਕੀ ਨਿੱਕੀ ਗੱਲ ਦਾ ਖਿਆਲ ਰੱਖਣਾ ਪੈਂਦਾ ਸੀ। ਭਾਈ ਜੀ ਕਿਸੇ ਸਿਆਸੀ ਝਮੇਲੇ 'ਚ ਨਹੀਂ ਸੀ ਪੈਣਾ ਚਾਹੁੰਦੇ, ਉਹ ਤਾਂ ਸਿਰਫ "ਆਪਣਾ ਟੱਬਰ ਪਾਲਣਾ ਚਾਹੁੰਦੇ ਸਨ"।

ਪਰ ਅੱਜ ਕੱਲ੍ਹ ਉਹਨਾਂ ਨੂੰ ਆਪਣੀ ਨੌਕਰੀ ਕਾਇਮ ਰੱਖਣ ਲਈ ਕਈ ਕੁਝ ਕਰਨਾ ਪੈ ਰਿਹਾ ਸੀ। ਕਮੇਟੀ ਵਾਲਿਆਂ ਦੇ ਹੁਕਮ ਅਨੁਸਾਰ ਉਹਨਾਂ ਨੂੰ ਆਪਣੀ ਪੱਗ ਦਾ ਰੰਗ ਬਦਲਣਾ ਪਿਆ ਸੀ। ਘਰ 'ਚ ਜਿੱਥੇ ਪਹਿਲਾਂ ਦਸਮੇ ਗੁਰੂ ਦੀ ਤਸਵੀਰ ਹੁੰਦੀ ਸੀ, ਹੁਣ ਸੰਤਾਂ ਦੀ ਲਾਉਣੀ ਪਈ ਸੀ। ਕਮੇਟੀ ਵਾਲਿਆਂ ਦੇ ਆਖੇ ਨਾ ਲੱਗਣ ਦਾ ਮਤਲਬ ਕੰਮ ਤੋਂ ਛੁੱਟੀ ਸੀ। ਨਾਲ ਹੀ ਅੰਦਰੋਂ ਉਹ ਇਸ ਗੱਲੋਂ ਵੀ ਡਰਦੇ ਸਨ ਕਿ ਜੇ ਕੱਲ੍ਹ ਨੂੰ ਇਹ ਕਮੇਟੀ ਬਦਲ ਗਈ ਤਾਂ ਨਵੀਂ ਕਮੇਟੀ ਨਾ ਉਹਨਾਂ ਨੂੰ ਕੱਢ ਦੇਵੇ। ਕਮੇਟੀ ਵਾਲਿਆਂ ਦੇ ਤੌਰ-ਤਰੀਕੇ ਦੇਖ ਕੇ ਉਹਨਾਂ ਨੂੰ ਇਸ ਗੱਲ ਦਾ ਯਕੀਨ ਹੋ ਗਿਆ ਸੀ ਕਿ ਜੇ ਉਹਨਾਂ ਤੋਂ ਕੋਈ ਮਾੜੀ-ਮੋਟੀ ਵੀ ਗਲਤੀ ਹੋ ਗਈ ਤਾਂ ਉਹਨਾਂ ਨੂੰ ਗੁਰਦਵਾਰਿਓਂ ਆਪਣਾ ਬਿਸਤਰਾ ਗੋਲ ਕਰਨਾ ਪਵੇਗਾ। ਕਮੇਟੀ ਦੇ ਇੱਕ ਚਲਦੇ ਪੁਰਜ਼ੇ ਮੈਂਬਰ ਦਾ ਦੇਸੋਂ ਆਇਆ ਰਿਸ਼ਤੇਦਾਰ ਭਾਈ ਜੀ ਦੀ ਜਗ੍ਹਾ ਲੈਣ ਲਈ ਕਈ ਮਹੀਨਿਆਂ ਦਾ ਤਲ਼ੀਆਂ ਮਲ ਰਿਹਾ ਸੀ। ਫੇਰ ਵੀ ਉਹ ਟਿਕੇ ਰਹਿਣ ਲਈ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਸਨ।

ਭਾਵੇਂ ਭਾਈ ਜੀ ਨੂੰ ਇਹ ਵੀ ਪੱਕਾ ਯਕੀਨ ਸੀ ਕਿ ਲੋੜ ਪਈ 'ਤੇ ਕਮੇਟੀ ਦੇ ਕਿਸੇ ਵੀ ਮੈਂਬਰ ਨੇ ਉਹਨਾਂ ਦੀ ਮੱਦਦ ਨਹੀਂ ਕਰਨੀ ਪਰ ਸਭ ਤੋਂ ਵਧ ਡਰ ਉਹਨਾਂ ਨੂੰ ਹੈੱਡ ਗ੍ਰੰਥੀ ਸਾਹਿਬ ਤੋਂ ਲਗਦਾ ਸੀ। ਭਾਈ ਜੀ ਹੋਰੀਂ ਹੈੱਡ ਗ੍ਰੰਥੀ ਦੇ ਸੁਭਾਅ ਬਾਰੇ ਪੂਰੀ ਤਰ੍ਹਾਂ ਵਾਕਿਫ ਸਨ। ਜੇ ਕੋਈ ਛੋਟਾ ਗ੍ਰੰਥੀ ਜਾਂ ਸੇਵਾਦਾਰ ਉਹਨਾਂ ਦੀ ਰਤਾ ਜਿੰਨੀ ਵੀ ਮੁਖਾਲਫਤ ਕਰ ਦੇਵੇ ਉਹ ਅੰਦਰੋਂ ਉਸ ਦੇ ਪੇਸ਼ ਪੈ ਜਾਂਦੇ ਅਤੇ ਅਗਲੇ ਨੂੰ ਗੁਰਦਵਾਰਿਓਂ ਕਢਾ ਕੇ ਹੀ ਦਮ ਲੈਂਦੇ ਸਨ।

ਜਿਸ ਗ੍ਰੰਥੀ ਦੇ ਥਾਂ ਭਾਈ ਜੀ ਨੂੰ ਨੌਕਰੀ ਮਿਲੀ ਸੀ ਉਸ ਨੇ ਵੀ ਇਹੀ ਕਸੂਰ ਕੀਤਾ ਸੀ। ਇੱਕ ਸੇਵਾਦਾਰ ਨੇ ਉਹਨਾਂ ਨੂੰ ਦੱਸਿਆ ਸੀ ਕਿ ਹੈੱਡ ਗ੍ਰੰਥੀ ਸਾਹਿਬ ਮਰਗ 'ਤੇ ਮਿਲਦੇ ਬਿਸਤਰੇ, ਖਾਸ ਕਰ ਰਜ਼ਾਈਆਂ ਤੇ ਸਿਰਹਾਣੇ ਵੇਚ ਦਿੰਦੇ ਸਨ ਤੇ ਮਾਇਆ ਆਪਣੀ ਜੇਬ 'ਚ ਪਾ ਲੈਂਦੇ ਸਨ। ਉਹ ਗ੍ਰੰਥੀ ਕੋਈ ਨੌਜਵਾਨ ਨਵਾਂ ਨਵਾਂ ਇਸ ਕੰਮ ਵਿਚ ਪਿਆ ਸੀ। ਉਹਨੇ ਇਸ ਗੱਲ ਦਾ ਵਿਰੋਧ ਕੀਤਾ। ਨਾਲ ਹੀ ਉਹਨੇ

ਲੋਕਾਂ ਵਿਚ ਇਸ ਗੱਲ ਦਾ ਵੀ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ - "ਇਹ ਰਸਮ ਬੰਦ ਹੋਣੀ ਚਾਹੀਦੀ ਹੈ - ਮਰ ਚੁੱਕੇ ਇਨਸਾਨ ਦੇ ਆਰਾਮ ਲਈ ਜੋ ਤੁਸੀਂ ਰਜ਼ਾਈਆਂ ਤੇ ਸਿਰਹਾਣੇ ਆਦਿ ਦਿੰਦੇ ਹੋ, ਇਹ ਫਜ਼ੂਲ ਹੈ ਅਤੇ ਬੰਦ ਹੋਣਾ ਚਾਹੀਦਾ ਹੈ"। ਕਮੇਟੀ ਵਾਲੇ ਵੀ ਉਹਦੇ ਇਸ ਪ੍ਰਚਾਰ ਦੇ ਵਿਰੁੱਧ ਸਨ। ਸੋ ਇਸ ਵਜਾਹ ਕਰਕੇ ਉਸ ਗ੍ਰੰਥੀ ਦੀ ਛੁੱਟੀ ਕਰ ਦਿੱਤੀ ਗਈ ਸੀ।

ਜਿਹੋ ਜਿਹੇ ਹੁਣ ਹਾਲਾਤ ਸਨ ਉਹਨਾਂ ਕਰਕੇ ਭਾਈ ਜੀ ਹੋਰਾਂ ਨੂੰ ਹਰ ਕੰਮ ਬੜਾ ਸੋਚ ਸਮਝ ਕੇ ਕਰਨਾ ਪੈਂਦਾ ਸੀ। ਉਂਝ ਇਹਨਾਂ ਨਵੇਂ ਹਾਲਾਤ ਨਾਲ ਉਹਨਾਂ ਦੀ ਆਮਦਨੀ ਵਿਚ ਕਾਫੀ ਵਾਧਾ ਹੋਇਆ ਸੀ। ਹੁਣ ਗੁਰਦਵਾਰੇ ਪ੍ਰੋਗਰਾਮਾਂ ਦਾ ਤੰਤਾ ਬੱਝਾ ਰਹਿੰਦਾ ਅਤੇ ਉਹਨਾਂ ਨੂੰ ਵੀ ਹਿੱਸੇ ਆਉਂਦੀ ਮਾਇਆ ਦੇ ਗੱਫੇ ਮਿਲਦੇ। ਪਰ ਇਸ ਕਿਸਮ ਦੇ ਮਾਹੌਲ ਤੋਂ ਕਈ ਵਾਰੀ ਭਾਈ ਜੀ ਦਾ ਮਨ ਬੜਾ ਉਚਾਟ ਹੋ ਜਾਂਦਾ। ਉਹ ਸੋਚਦੇ ਪਈ ਤਨ 'ਤੇ ਦੋ ਕੱਪੜੇ ਤੇ ਦੋ ਰੋਟੀਆਂ ਦੀ ਹੀ ਤਾਂ ਸਾਰੀ ਗੱਲ ਹੈ, ਬੰਦਾ ਕਿਤੇ ਵੀ ਕੰਮ ਕਰਕੇ ਆਪਣਾ ਗੁਜ਼ਾਰਾ ਤੋਰ ਸਕਦਾ ਹੈ। ਕਈ ਵਾਰੀ ਇਹ ਕੰਮ ਛੱਡ ਦੇਣ ਬਾਰੇ ਵੀ ਉਹਨਾਂ ਨੇ ਕਾਫੀ ਸੰਜੀਦਗੀ ਨਾਲ ਸੋਚਿਆ ਸੀ। ਪਰ ਇਹ ਗੱਲ ਵੀ ਇੰਨੀ ਸੌਖੀ ਨਹੀਂ ਸੀ। ਆਖਿਰ ਉਹ ਹੋਰ ਕਰ ਵੀ ਕੀ ਸਕਦੇ ਸਨ। ਕਿਸੇ ਕਿਸਮ ਦਾ ਜਿਸਮਾਨੀ ਕੰਮ ਤਾਂ ਉਹਨਾਂ ਨੇ ਕਦੀ ਕੀਤਾ ਹੀ ਨਹੀਂ ਸੀ ਤੇ ਨਾ ਹੀ ਉਹ ਕੋਈ ਇਹੋ ਜਿਹਾ ਕੰਮ ਕਰਨ ਨੂੰ ਤਿਆਰ ਸਨ।

ਉਹਨਾਂ ਦੇ ਮਨ ਵਿਚ ਇਕ ਦੋ "ਹੋਰ" ਕੰਮ ਸ਼ੁਰੂ ਕਰਨ ਦੇ ਖਿਆਲ ਆਏ ਪਰ ਸਮਾਂ ਹੀ ਕੁਝ ਇਹੋ ਜਿਹਾ ਸੀ ਕਿ ਉਹ ਕੁਝ ਕਰ ਨਾ ਸਕੇ। ਇਸ ਲਈ ਉਹ ਅਕਸਰ ਆਪਣੇ ਆਪ ਨੂੰ ਕੋਸਦੇ ਹੀ ਰਹਿੰਦੇ। ਖਾਸ ਤੌਰ 'ਤੇ ਜਦੋਂ ਉਹ ਭਾਈ ਗੁਰਿੰਦਰ ਸਿੰਘ ਦੇ "ਠਾਠ" ਦੇਖਦੇ।

ਇਕ ਸਮਾਂ ਸੀ ਜਦੋਂ ਭਾਈ ਗੁਰਿੰਦਰ ਸਿੰਘ ਕਦੀ ਗੁਰਦਵਾਰੇ ਅਖੰਡਪਾਠਾਂ ਉੱਤੇ ਤੇ ਕਦੀ ਲੋਕਾਂ ਦੇ ਘਰੀਂ ਰਖਾਏ ਸਾਧਾਰਨ ਪਾਠਾਂ 'ਤੇ ਰਉਲ਼ਾਂ ਲਾ ਕੇ ਹੀ ਗੁਜ਼ਾਰਾ ਕਰਦਾ ਸੀ। ਉਹਦੇ ਕੋਲ ਤਾਂ ਭਾਈ ਜੀ ਹੋਰਾਂ ਵਾਂਗ ਪੱਕੀ ਨੌਕਰੀ ਵੀ ਨਹੀਂ ਸੀ। ਪਰ ਦੇਖਦਿਆਂ ਹੀ ਦੇਖਦਿਆਂ ਉਹਨੇ ਆਪਣੇ ਇਕ ਰਿਸ਼ਤੇਦਾਰ ਤੇ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਆਪਣਾ ਹੀ ਜੱਥਾ ਬਣਾ ਲਿਆ ਸੀ। ਹੁਣ ਉਹ ਸਾਧਾਰਨ ਪਾਠਾਂ ਦੀ ਹੀ ਨਹੀਂ ਸਗੋਂ ਲੋਕਾਂ ਦੇ ਘਰਾਂ ਵਿਚ ਅਖੰਡਪਾਠਾਂ ਦੀ ਵੀ ਪੂਰੀ ਦੀ ਪੂਰੀ ਸੇਵਾ ਕਰਦਾ। ਗੁਰਬਾਣੀ ਦਾ ਪਾਠ ਵੀ ਉਹਦੇ ਘਰ ਦੇ ਜੀਅ ਹੀ ਕਰਦੇ। ਕੀਰਤਨ ਵੀ ਉਹ ਆਪ ਹੀ ਕਰਦੇ। ਕੀਰਤਨ ਦੇ ਨਾਲ ਨਾਲ ਹੁਣ ਤਾਂ ਉਹ ਤੂੰਬੀ 'ਤੇ ਬੜੇ ਵਧੀਆ ਧਾਰਮਿਕ ਗੀਤ ਵੀ ਆਪ ਹੀ ਗਾ ਲੈਂਦੇ। ਬਾਕੀ ਵੀ ਸਾਰਾ ਜ਼ਰੂਰਤ ਦਾ ਸਾਮਾਨ ਉਹ ਆਪਣੇ ਕੋਲੋਂ ਹੀ ਘਰਦਿਆਂ ਨੂੰ ਸਪਲਾਈ ਕਰਦੇ - ਸਿਰ 'ਤੇ ਲੈਣ ਲਈ ਰੁਮਾਲੇ, ਧੂਫ, ਦੇਗ ਬਣਾਉਣ ਲਈ ਬਰਤਣ, ਇਥੋਂ ਤਕ ਕਿ ਉਹਨਾਂ ਨੇ ਛੋਟਾ ਜਿਹਾ "ਸਾਊਂਡ-ਸਿਸਟਮ" ਵੀ ਆਪਣਾ ਹੀ ਖਰੀਦਿਆ ਹੋਇਆ ਸੀ। ਉਹ ਇਹਨਾਂ ਸਾਰੀਆਂ ਸੇਵਾਵਾਂ

ਦੇ ਉੱਕੇ-ਚੁੱਕੇ ਪੈਸੇ ਲੈਂਦੇ। ਅਖੰਡਪਾਠ ਦੀ ਸੇਵਾ ਕਰਾਉਣ ਵਾਲੇ ਬਿਨਾਂ ਬਾਹਲਾ ਹਿਸਾਬ-ਕਿਤਾਬ ਪੁੱਛਿਆਂ ਖੁਸ਼ੀ ਨਾਲ ਪੈਸੇ ਦੇ ਦਿੰਦੇ। ਕਿਉਂਕਿ ਇਸ ਤਰ੍ਹਾਂ ਉਹਨਾਂ ਦੀ ਕਿੰਨੀ ਹੀ ਸਿਰਦਰਦੀ ਬਚ ਜਾਂਦੀ।

ਭਾਈ ਗੁਰਿੰਦਰ ਸਿੰਘ ਦਾ ਕੰਮ ਜ਼ੋਰਾਂ 'ਤੇ ਚਲਦਾ ਦੇਖ ਭਾਈ ਜੀ ਹੋਰੀਂ ਕਈ ਵਾਰੀ ਅੰਦਰੋਂ ਬੜਾ ਖਿਝਦੇ। ਉਹਨਾਂ ਨੂੰ ਗੁਰਦਵਾਰੇ ਵੱਲੋਂ ਮਿਲਦੀ ਬੱਧੀ ਤਨਖਾਹ ਤੇ ਸ਼ਰਧਾਲੂਆਂ ਵੱਲੋਂ ਮਿਲਦੀ ਮਾਇਆ ਅਤੇ ਹੋਰ ਸੁਗਾਤਾਂ ਨਾਲ ਉਹਨਾਂ ਦਾ ਗੁਜ਼ਾਰਾ ਤਾਂ ਵਾਹਵਾ ਹੋਈ ਜਾਂਦਾ ਸੀ, ਪਰ ਉਹ ਸਿਰਫ ਗੁਜ਼ਾਰੇ ਨਾਲ ਸੰਤੁਸ਼ਟ ਨਹੀਂ ਸਨ। ਉਹ ਚਾਹੁੰਦੇ ਸਨ ਕਿ ਉਹਨਾਂ ਕੋਲ ਵੀ ਹੈੱਡ ਗ੍ਰੰਥੀ ਵਾਂਗ ਕਿਰਾਏ 'ਤੇ ਦੇਣ ਲਈ ਇਕ ਦੋ ਘਰ ਹੋਣ ਅਤੇ ਆਪਣੇ ਰਹਿਣ ਲਈ ਖੁੱਲ੍ਹਾ ਘਰ ਹੋਵੇ। ਇਹ ਸਭ ਕੁਝ ਉਹਨਾਂ ਨੂੰ ਮਿਲਦੀ ਤਨਖਾਹ ਨਾਲ ਸੰਭਵ ਨਹੀਂ ਸੀ।

ਇਸ ਲਈ ਭਾਈ ਜੀ ਨੇ ਕਈ ਵਾਰੀ ਆਪਣਾ ਕੋਈ "ਪ੍ਰਾਈਵੇਟ" ਕੰਮ ਸ਼ੁਰੂ ਕਰਨ ਬਾਰੇ ਸੋਚਿਆ ਪਰ ਗੱਲ ਕਿਸੇ ਸਿਰੇ ਨਹੀਂ ਸੀ ਲੱਗ ਸਕੀ। ਉਹ ਕਿਸੇ ਨੂੰ ਕੀ ਦੋਸ਼ ਦੇਣ ਉਹਨਾਂ ਦੇ ਆਪਣੇ ਟੱਬਰ ਨੇ ਹੀ ਉਹਨਾਂ ਦਾ ਸਾਥ ਨਾ ਦਿੱਤਾ। ਉਹਨਾਂ ਦਾ ਇਕ ਵੱਡਾ ਮੁੰਡਾ ਤਾਂ ਐਸਾ ਮਾੜੀ ਸੋਹਬਤ 'ਚ ਪਿਆ... ਭਾਈ ਜੀ ਨੇ ਹੁਣ ਉਹਨੂੰ ਆਪਣੇ ਘਰ ਆਉਣ ਤੋਂ ਹੀ ਵਰਜ ਦਿੱਤਾ ਹੋਇਆ ਸੀ। ਘਰ ਦੀਆਂ ਇਹਨਾਂ ਤੰਗੀਆਂ ਕਰਕੇ ਭਾਈ ਜੀ ਹੋਰਾਂ ਦਾ ਮਨ ਬੜਾ ਅਸ਼ਾਂਤ ਰਹਿੰਦਾ।

ਉਂਝ ਕਦੀ ਸਮਾਂ ਹੁੰਦਾ ਸੀ ਜਦੋਂ ਭਾਈ ਜੀ ਦਾ ਮਨ ਪੂਰਾ ਸ਼ਾਂਤ ਹੁੰਦਾ ਸੀ। ਉਹ ਇਸ ਗੱਲ ਤੋਂ ਹੀ ਪਰਮਾਤਮਾ ਦਾ ਲੱਖ ਲੱਖ ਸ਼ੁਕਰ ਕਰਦੇ ਸਨ ਕਿ ਉਹਨਾਂ ਨੂੰ ਕੈਨੇਡਾ ਵਿਚ ਇਮੀਗਰੇਸ਼ਨ ਮਿਲ ਗਈ ਸੀ। ਗੁਰਦਵਾਰੇ 'ਚ ਬਿਤਾਏ ਸਮੇਂ ਨੂੰ ਕਦੀ ਵੀ ਕੰਮ ਨਹੀਂ ਸੀ ਮੰਨਦੇ। ਉਹ ਕਿਹਾ ਕਰਦੇ ਸਨ, "ਇਹ ਤਾਂ ਸੰਗਤ ਦੀ ਸੇਵਾ ਹੈ ਜੋ ਕੋਈ ਕਰਮਾਂ ਵਾਲਾ ਹੀ ਕਰ ਸਕਦਾ ਹੈ। ਵਾਹਿਗੁਰੂ ਨੇ ਜੇ ਮੈਨੂੰ ਇਹ ਸੁਮੱਤ ਬਖਸ਼ੀ ਹੈ ਤਾਂ ਮੈਨੂੰ ਉਹਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ"।

ਉਦੋਂ ਉਹਨਾਂ ਨੂੰ ਲਗਦਾ ਹੁੰਦਾ ਸੀ ਕਿ ਉਹ ਖੁਦ ਵੀ ਉਹਨਾਂ ਗੱਲਾਂ ਵਿਚ ਯਕੀਨ ਰੱਖਦੇ ਹਨ ਜਿਹੜੀਆਂ ਉਹ ਮਾਇਆ ਬਾਰੇ ਅਕਸਰ ਸੰਗਤ ਨੂੰ ਪ੍ਰਚਾਰਦੇ। ਪਰ ਹੁਣ ਗੱਲ ਹੋਰ ਸੀ। ਉਹਨਾਂ ਤੋਂ ਕਈ ਵਰ੍ਹੇ ਮਗਰੋਂ ਕੈਨੇਡਾ ਆਉਣ ਵਾਲੇ ਲੋਕਾਂ ਦੇ ਕਾਰੋਬਾਰਾਂ ਦਾ ਪਤਾ ਨਹੀਂ ਸੀ ਲਗਦਾ। ਤੇ ਉਹ ਉਸੇ ਨਿੱਕੇ ਜਿਹੇ ਘਰ ਵਿਚ ਹੀ ਫਸੇ ਹੋਏ ਸਨ। ਉਹਨਾਂ ਦਾ ਵੀ ਦੂਜੇ ਲੋਕਾਂ ਨਾਲ ਰਲਣ ਨੂੰ ਮਨ ਕਾਹਲਾ ਪੈਂਦਾ। ਅੱਜ ਵੀ ਉਹਨਾਂ ਦਾ ਮਨ ਕੁਝ ਇਹੋ ਜਿਹੀ ਕਾਹਲੀ ਵਿਚ ਸੀ। ਸਵੇਰ ਦੀ ਹੀ ਉਹਨਾਂ ਦੇ ਮਨ ਨੂੰ ਸ਼ਾਂਤੀ ਨਹੀਂ ਸੀ ਆ ਰਹੀ।

ਕਾਰ 'ਚ ਬੈਠਿਆਂ ਮਨ 'ਚ ਅਉਂਦੇ ਇਹਨਾਂ ਵਿਚਾਰਾਂ ਦੌਰਾਨ ਹੀ ਭਾਈ ਜੀ ਨੂੰ ਚਰਨ ਸਿੰਘ ਦਾ ਖਿਆਲ ਆਇਆ ਜਿਹਦਾ ਖੁਸ਼ਹਾਲ ਸਿੰਘ ਦੀ ਮਾਤਾ ਤੋਂ ਬਾਅਦ

ਦਾਗ ਸੀ। ਉਹ ਤਾਂ ਵਿਚਾਰੇ ਚਰਨ ਸਿੰਘ ਨੂੰ ਜਾਣਦੇ ਵੀ ਨਹੀਂ ਸਨ। “ਵਾਹਿਗੁਰੂ ਉਹਦੀ ਰੂਹ ਨੂੰ ਸ਼ਾਂਤੀ ਬਖਸ਼ੇ”– ਮਨ ’ਚਰੱਬ ਦਾ ਧਿਆਨ ਧਾਰਦਿਆਂ ਭਾਈ ਜੀ ਨੇ ਬਾਹਰ ਪਈ ਬਰਫ ਵਰਗੀ ਆਪਣੀ ਚਿੱਟੀ ਲੰਬੀ ਦਾਹੜੀ ਨੂੰ ਸੰਵਾਰਿਆ। ਫੇਰ ਉਹਨਾਂ ਨੇ ਕੋਟ ਦੀ ਜੇਬ ਵਿਚੋਂ ਕਲੀਨਿਕਸ ਕੱਢ ਕੇ ਆਪਣੇ ਨੱਕ “ਚੋਂ ਠੰਢ ਨਾਲ ਵਗਦੇ ਪਾਣੀ ਨੂੰ ਸਾਫ ਕੀਤਾ।

ਕਾਰ ਮਾਰਚਰੀ ਦੇ ਸਾਹਮਣੇ ਆ ਰੁਕੀ। ਭਾਈ ਜੀ ਬਿਨਾਂ ਕੁਝ ਬੋਲੇ ਕਾਰ ਵਿੱਚੋਂ ਉੱਤਰੇ ਅਤੇ ਆਪਣੇ ਗਲ਼ ’ਚ ਪਏ ਸਾਫੇ ਨਾਲ ਨੱਕ ਕੰਨ ਲਪੇਟਦੇ ਅਤੇ ਮੂੰਹ ਵਿੱਚ ਪਾਠ ਕਰਦੇ ਅੰਦਰ ਚਲੇ ਗਏ। ਮਾਰਚਰੀ ਦੇ ਦਰਵਾਜ਼ੇ ਤਕ ਸਾਰੀ ਬਰਫ ਹਟਾ ਦਿੱਤੀ ਗਈ ਸੀ। ਸੜਕ ਤੇ ਸਾਈਡਵਾਕ ਦੇ ਵਿਚਾਲੇ ਬਰਫ ਦਾ ਕਾਫੀ ਵੱਡਾ ਢੇਰ ਲੱਗ ਗਿਆ ਸੀ। ਮਾਰਚਰੀ ਦੇ ਸਾਹਮਣੇ ਸੜਕ ਦੇ ਦੂਜੇ ਪਾਸੇ ਕਬਰਾਂ ਸਨ। ਕਬਰਾਂ ਅਤੇ ਸੜਕ ਵਿਚਾਲੇ ਛੇ ਕੁ ਫੁੱਟ ਉੱਚੀ ਲੋਹੇ ਦੀ ਜਾਲੀ ਦੀ ਵਾੜ ਸੀ। ਜਾਲੀ ਵਿਚ ਦੀ ਦੇਖਿਆਂ ਕਬਰਾਂ ਉੱਪਰ ਪਈ ਬਰਫ ਘੱਟ ਚਿੱਟੀ ਲਗਦੀ ਸੀ। ਕਦੇ ਕਦੇ ਸੂਰਜ ਨਿਕਲਣ ਨਾਲ ਮਹੌਲ ’ਚ ਨਿੱਘ ਭਰ ਜਾਂਦਾ ਅਤੇ ਬਰਫ ਦੀ ਲਿਸ਼ਕੋਰ ਅੱਖਾਂ ਨੂੰ ਬੜੀ ਤਿੱਖੀ ਲਗਦੀ। ਪਰ ਇਹ ਸੂਰਜ ਬਹੁਤੀ ਦੇਰ ਬੱਦਲਾਂ ਤੋਂ ਬਚਦਾ ਨਹੀਂ ਸੀ।

ਮਾਰਚਰੀ ਦੇ ਅੰਦਰ ਜਾਣ ’ਤੇ ਭਾਈ ਜੀ ਨੂੰ ਮਾਰਚਰੀ ਦੇ ਇਕ ਗੋਰੇ ਕਾਰਿੰਦੇ ਨੇ ਬੜੇ ਆਦਰ ਨਾਲ ਗੁੱਡ ਮਾਰਨਿੰਗ ਕਿਹਾ। ਇਸ ਗੋਰੇ ਦਾ ਨਾਂ ਮਿਸਟਰ ਜੌਰਜ ਹਾਰਡਿੰਗ ਸੀ ਅਤੇ ਭਾਈ ਜੀ ਦਾ ਕਾਫੀ ਵਾਕਿਫ ਸੀ ਕਿਉਂਕਿ ਉਹ ਅਕਸਰ ਹੀ ਦਾਗਾਂ ਦੀ ਧਾਰਮਿਕ ਰਸਮ ਕਰਨ ਲਈ ਇੱਥੇ ਆਉਂਦੇ ਰਹਿੰਦੇ ਸਨ। ਉਹ ਮਿਸਟਰ ਹਾਰਡਿੰਗ ਨੂੰ ਜੌਰਜ ਕਹਿ ਕੇ ਹੀ ਬੁਲਾਉਂਦੇ ਸਨ। ਜੌਰਜ ਉਹਨਾਂ ਨੂੰ ਹਾਲ ਵਿਚ ਦੀ ਲੰਘਾ ਕੇ ਇਕ ਛੋਟੇ ਜਿਹੇ ਕਮਰੇ ਵਿੱਚ ਲੈ ਗਿਆ। ਕਮਰਾ ਬਹੁਤ ਹੀ ਸਾਫ ਸੀ। ਜਾਪਦਾ ਸੀ ਜਿਵੇਂ ਕਦੀ ਵੀ ਕਿਸੇ ਨੇ ਕਮਰੇ ਦੀਆਂ ਚੀਜ਼ਾਂ ਨੂੰ ਛੁਹਿਆ ਨਾ ਹੋਵੇ। ਕਮਰੇ ਵਿਚ ਠੰਢ ਤਾਂ ਨਹੀਂ ਸੀ ਪਰ ਉੱਥੇ ਰਤਾ ਵੀ ਨਿੱਘ ਜਾਂ ਆਰਾਮ ਜਿਹਾ ਨਹੀਂ ਸੀ ਮਹਿਸੂਸ ਹੁੰਦਾ। ਭਾਈ ਜੀ ਹੋਰੀਂ ਪਹਿਲਾਂ ਵੀ ਉਸ ਕਮਰੇ ਵਿਚ ਕਈ ਵਾਰ ਆ ਚੁੱਕੇ ਸਨ। ਉਹਨਾਂ ਨੇ ਕਮਰੇ ਵਲ ਕੋਈ ਬਹੁਤਾ ਧਿਆਨ ਨਾ ਦਿੱਤਾ।

ਖੁਸ਼ਹਾਲ ਸਿੰਘ ਪਹਿਲਾਂ ਹੀ ਉਸ ਕਮਰੇ ਵਿੱਚ ਬੈਠਾ ਉਹਨਾਂ ਦੀ ਉਡੀਕ ਕਰ ਰਿਹਾ ਸੀ। ਭਾਈ ਜੀ ਦੇ ਸਵਾਗਤ ਲਈ ਉਹ ਉੱਠ ਕੇ ਖੜ੍ਹ ਗਿਆ। ਭਾਈ ਜੀ ਨੇ ਉਹਨਾਂ ਦੀ ਮਾਤਾ ਜੀ ਦੇ ਅਫਸੋਸ ਵਜੋਂ ਕੁਝ ਪਲ ਲਈ ਮੌਨ ਧਾਰਿਆ ਅਤੇ ਫੇਰ ਸਰਦਾਰ ਖੁਸ਼ਹਾਲ ਸਿੰਘ ਦੇ ਮੋਢੇ ’ਤੇ ਹੱਥ ਰੱਖਿਆ ਅਤੇ ਬਹੁਤ ਹੀ ਮੱਧਮ ਅਵਾਜ਼ ਵਿਚ ਆਖਿਆ, “ਉੱਪਰ ਵਾਲੇ ’ਤੇ ਟੇਕ ਰੱਖੋ ਸਰਦਾਰ ਜੀਓ ਮਨ ਨੂੰ ਤਕੜਾ ਕਰੋ। ਸਭ ਕੁਝ ਉਹਦੇ ਹੁਕਮ ਨਾਲ ਹੁੰਦਾ ਹੈ”।

“ਸਾਨੂੰ ਤਾਂ ਬੱਸ ਤੁਹਾਡਾ ਹੀ ਆਸਰਾ ਹੈ ਭਾਈ ਜੀ”, ਖੁਸ਼ਹਾਲ ਸਿੰਘ ਦੇ ਅਫਸੋਸੇ ਬੋਲਾਂ ਵਿਚ ਵੀ ਵਪਾਰਕ ਮਾਹੌਲ ਵਾਲ਼ੀ ਖੁਸ਼ਕੀ ਜਿਹੀ ਮਹਿਸੂਸ ਕੀਤੀ ਜਾ ਸਕਦੀ ਸੀ।

“ਆਸਰਾ ਤਾਂ ਉੱਪਰ ਵਾਲੇ ਦਾ ਹੀ ਹੁੰਦਾ ਹੈ ਭਾਈ ਗੁਰਮੁਖਾ”, ਇਸ ਵਾਰ ਭਾਈ ਜੀ ਦੇ ਬੋਲਾਂ ਵਿਚ ਵੀ ਉਹ ਪਹਿਲਾਂ ਵਾਲ਼ੀ ਮੱਧਮ ਸੁਰ ਨਹੀਂ ਸੀ। ਭਾਈ ਜੀ ਇਕ ਛੋਟੇ ਮੇਜ਼ ਲਾਗੇ ਡਿੱਠੀ ਇਕ ਕੁਰਸੀ ’ਤੇ ਬੈਠ ਗਏ।

ਉਹਨਾਂ ਨੇ ਖੁਸ਼ਹਾਲ ਸਿੰਘ ਨਾਲ ਕੁਝ ਦੇਰ ਹੌਲ਼ੀ ਹੌਲ਼ੀ ਗੱਲਾਂ ਕੀਤੀਆਂ। ਖੁਸ਼ਹਾਲ ਸਿੰਘ ਦੇ ਜਾਣ ਬਾਅਦ ਜੌਰਜ ਨੇ ਨੌਜਵਾਨ ਜਸਵੰਤ ਸਿੰਘ ਨੂੰ ਭਾਈ ਜੀ ਕੋਲ ਲੈ ਆਂਦਾ। ਜਸਵੰਤ ਸਿੰਘ ਨੇ ਭਾਈ ਜੀ ਨੂੰ ਆਪਣੇ ਗੁਜ਼ਰੇ ਪਿਉ ਚਰਨ ਸਿੰਘ ਬਾਰੇ ਜਾਣਕਾਰੀ ਦਿੱਤੀ ਜਿਹੜੀ ਭਾਈ ਜੀ ਆਪਣੀ ਕਾਪੀ ਵਿਚ ਨੋਟ ਕਰ ਲਈ।

ਖੁਸ਼ਹਾਲ ਸਿੰਘ ਦੇ ਰਿਸ਼ਤੇਦਾਰ, ਕਾਰੋਬਾਰੀ ਦੋਸਤ ਅਤੇ ਹੋਰ ਜਾਣ-ਪਛਾਣ ਵਾਲੇ ਵੱਡੀ ਗਿਣਤੀ ਵਿਚ ਆਏ ਸਨ। ਮਾਰਚਰੀ ਦੇ ਅੰਦਰ ਬੈਠਣ, ਖੜ੍ਹਨ ਜੋਗੀ ਥਾਂ ਤਾਂ ਕਦੋਂ ਦੀ ਭਰ ਚੁੱਕੀ ਸੀ। ਲੇਟ ਆਉਣ ਵਾਲਿਆਂ ਨੂੰ ਬਾਹਰ ਹੀ ਠੰਢ ਵਿਚ ਖੜ੍ਹਨਾ ਪੈ ਰਿਹਾ ਸੀ। ਇਹਨਾਂ ਲੇਟ ਆਉਣ ਵਾਲਿਆਂ ਬਾਰੇ ਅੰਦਰ ਬੈਠੇ ਭਾਈ ਜੀ ਨੂੰ ਕੋਈ ਖਬਰ ਨਹੀਂ ਸੀ ਤੇ ਨਾ ਹੀ ਉਹਨਾਂ ਦੇ ਬਾਹਰ ਠੰਢ ’ਚ ਖੜ੍ਹਨ ਬਾਰੇ ਉਹਨਾਂ ਨੂੰ ਕਿਸੇ ਕਿਸਮ ਦੀ ਚਿੰਤਾ ਸੀ। ਉਹ ਇਸ ਬਾਰੇ ਫਿਕਰਮੰਦ ਹੁੰਦੇ ਵੀ ਕਿਉਂ, ਇੱਥੇ ਦਾ ਸਾਰਾ ਪ੍ਰਬੰਧ ਤਾਂ ਮਾਰਚਰੀ ਵਾਲਿਆਂ ਨੇ ਕਰਨਾ ਸੀ। ਭਾਈ ਜੀ ਨੇ ਤਾਂ “ਸਿਰਫ” ਮਰ ਚੁੱਕੇ ਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਹੀ ਕਰਨੀ ਸੀ। ਮਾਰਚਰੀ ਵਾਲਿਆਂ ਦੇ ਪ੍ਰਬੰਧ ਵਿਚ ਭਾਈ ਜੀ ਨੂੰ ਕਈ ਨੁਕਸ ਦਿਸਦੇ ਅਤੇ ਉਹਨਾਂ ਨੂੰ ਕਈ ਵਾਰੀ ਇਹਨਾਂ ਗੱਲਾਂ ’ਤੇ ਗੁੱਸਾ ਵੀ ਬੜਾ ਆਉਂਦਾ।

ਉਹਨਾਂ ਦਾ ਗੁੱਸਾ ਉਸ ਵਕਤ ਹੋਰ ਵੀ ਵਧ ਜਾਂਦਾ ਜਦੋਂ ਉਹ ਮਾਰਚਰੀ ਵਾਲਿਆਂ ਵੱਲੋਂ ਲਈ ਜਾਂਦੀ ਫੀਸ ਬਾਰੇ ਸੋਚਦੇ। ਮਾਰਚਰੀ ਵਾਲੇ ਮਰਨ ਵਾਲੇ ਦਾ ਕੁਝ ਦਿਨ ਸ਼ਰੀਰ ਸਾਂਭਣ ਅਤੇ ਦੇਹ ਨੂੰ ਇਕ ਬਕਸੇ ਵਿਚ ਰੱਖਣ ਦੀ ਇੰਨੀ ਤਕੜੀ ਫੀਸ ਲੈਂਦੇ ਸਨ ਕਿ ਭਾਈ ਜੀ ਜਦੋਂ ਉਸਦਾ ਰੁਪਈਆਂ ਵਿਚ ਹਿਸਾਬ ਲਾਉਂਦੇ ਤਾਂ ਉਹਨਾਂ ਦਾ ਸਿਰ ਚਕਰਾ ਜਾਂਦਾ। ਇਸ ਕੰਮ ਲਈ ਲੋਕਾਂ ਦਾ ਇੰਨਾ ਪੈਸਾ ਖਰਚ ਹੁੰਦਾ ਦੇਖ ਕੇ ਭਾਈ ਜੀ ਨੂੰ ਕਈ ਵਾਰੀ ਆਪਣੇ ਲੋਕਾਂ ’ਤੇ ਬਹੁਤ ਗੁੱਸਾ ਅਉਂਦਾ, ਜੋ ਇਸ ਤਰ੍ਹਾਂ ਅਜੇ ਵੀ ਗੋਰਿਆਂ ਨੂੰ ਪੈਸਾ ਲੁਟਾ ਰਹੇ ਸਨ ਪਰ ਆਪ ਕੋਈ ਪ੍ਰਬੰਧ ਕਰਨ ਲਈ ਤਿਆਰ ਨਹੀਂ ਸਨ। ਇਹ ਸੋਚਾਂ ਭਾਈ ਜੀ ਦੇ ਮਨ ਵਿਚ ਹਰ ਮਰਗ ਸਮੇਂ ਅਰਦਾਸ ਕਰਨ ਆਉਣ ਵੇਲੇ ਅਉਂਦੀਆਂ। ਇਕ ਵਾਰੀ ਤਾਂ ਉਹਨਾਂ ਨੇ ਕਮੇਟੀ ਦੇ ਕੁਝ ਬੰਦਿਆਂ ਨਾਲ ਇਸ ਮਸਲੇ ਬਾਰੇ ਗੱਲ ਵੀ ਤੋਰੀ ਪਰ ਕਮੇਟੀ ਵਾਲਿਆਂ ਲਈ ਕਈ ਹੋਰ ਗੰਭੀਰ “ਮਸਲੇ” ਹੱਲ ਕਰਨ ਵਾਲੇ ਪਏ ਸਨ। ਅੱਜ ਵੀ ਸਰਦਾਰ ਖੁਸ਼ਹਾਲ ਸਿੰਘ ਦੇ ਰਿਸ਼ਤੇਦਾਰ ਨਾਲ ਗੱਲਾਂ ਕਰਦਿਆਂ ਹੋਇਆਂ ਭਾਈ ਜੀ ਦੇ ਮਨ ਵਿਚ ਇਹ ਸੋਚਾਂ ਆ

ਰਹੀਆਂ ਸਨ ਪਰ ਉਹਨਾਂ ਨੇ ਇਹਨਾਂ ਨੂੰ ਕੋਸ਼ਿਸ਼ ਨਾਲ ਇਹ ਕਹਿ ਕੇ ਪਰੇ ਧੱਕ ਦਿੱਤਾ, "ਸਾਡੀ ਕੌਮ ਨੂੰ ਜੇ ਇਹਨਾਂ ਗੱਲਾਂ ਦੀ ਅਕਲ ਆ ਜਾਵੇ ਫੇਰ ਘਾਟਾ ਕਾਹਦਾ"।

ਇਸ ਕਰਕੇ ਭਾਈ ਜੀ ਨੂੰ ਬਾਹਰ ਲੇਟ ਆ ਰਹੇ ਲੋਕਾਂ ਬਾਰੇ ਕੋਈ ਬਹੁਤੀ ਫਿਕਰ ਨਹੀਂ ਸੀ ਕਿ ਉਹਨਾਂ ਨੂੰ ਠੰਢ ਵਿਚ ਖੜ੍ਹਨਾ ਪਵੇਗਾ। ਇਹਨਾਂ ਲੇਟ ਆਉਣ ਵਾਲਿਆਂ ਵਿਚ ਬਹੁਤੇ ਚਰਨ ਸਿੰਘ ਦੇ ਰਿਸ਼ਤੇਦਾਰ ਅਤੇ ਪੇਂਡੂ ਸਨ। ਇਹਨਾਂ ਲੋਕਾਂ ਨੂੰ ਆਪਣੀਆਂ ਕਾਰਾਂ ਮਾਰਚਰੀ ਤੋਂ ਕਈ ਕਈ ਬਲਾਕ ਦੂਰ ਖੜ੍ਹੀਆਂ ਕਰ ਕੇ ਬਰਫ ਵਿਚ ਦੀ ਤੁਰ ਕੇ ਆਉਣਾ ਪੈ ਰਿਹਾ ਸੀ। ਮਾਰਚਰੀ ਦੇ ਨੇੜੇ ਦੀਆਂ ਸਾਰੀਆਂ ਸਟਰੀਟਾਂ ਕਾਰਾਂ ਨਾਲ ਪਹਿਲਾਂ ਹੀ ਭਰੀਆਂ ਪਈਆਂ ਸਨ। ਇਸ ਗੱਲ 'ਤੇ ਚਰਨ ਸਿੰਘ ਦੇ ਰਿਸ਼ਤੇਦਾਰ ਤੇ ਪੇਂਡੂ ਕਾਫੀ ਹੈਰਾਨ ਹੋ ਰਹੇ ਸਨ। ਉਹ ਸੋਚ ਰਹੇ ਸਨ ਕਿ ਚਰਨ ਸਿੰਘ ਦੇ ਮੁੰਡੇ ਦੀ ਇੰਨੇ ਲੋਕਾਂ ਨਾਲ ਸਾਂਝ ਕਿਵੇਂ ਹੋ ਗਈ। ਉਹਨਾਂ ਮੁਤਾਬਕ ਤਾਂ "ਇਹ ਸਾਲਾ ਕਿਸੇ ਆਏ ਗਏ ਨੂੰ ਚੰਗੀ ਤਰ੍ਹਾਂ ਚਾਹ ਵੀ ਨਹੀਂ ਪਿਲਾਉਂਦਾ ਸੀ"।

ਚਰਨ ਸਿੰਘ ਦੇ ਦਾਗਾਂ 'ਤੇ ਆਉਣ ਵਾਲੇ ਇੰਨੀ ਭੀੜ ਹੋਣ ਦਾ ਕਾਰਨ ਹੌਲ਼ੀ ਹੌਲ਼ੀ ਇਕ ਦੂਜੇ ਨੂੰ ਦੱਸਦੇ ਜਾਂਦੇ। ਪਹਿਲਾਂ ਖੜ੍ਹਾ ਜਣਾਂ ਆਪ ਹੀ ਨਵੇਂ ਆਏ ਦੀ ਹੈਰਾਨੀ ਜਾਣ ਕੇ ਦੱਸ ਦਿੰਦਾ - "ਪਹਿਲਾਂ ਇਕ ਹੋਰ ਫੀਨਲ ਸੀ... ਉਹ ਜਿਹੜਾ ਆਪਣੀ ਮਿੱਲ 'ਚ ਕੰਮ ਕਰਦਾ ਆ ਜੀਤਾ, ਉਹ ਮੈਰੇ ਆਲਿਆਂ ਦਾ ਰਿਛਤੇਦਾਰ, ਉਹਦਾ ਪੇਂਡੂ ਆ ਕੋਈ ... ਉਹ ਸ਼ੋਰੈਂਸ ਕਰਦਾ ... ਚੰਗਾ ਖਾਂਦਾ ਪੀਂਦਾ ਬੰਦਾ ਦੱਸਦੇ ਆ... ਚਿਰਾਂ ਦਾ ਆਇਆ... ਬੜਾ ਕੰਮ ਆ ਬੰਦੇ ਦਾ... ਕਈ ਘਰ ਘੁਰ ਲਏ ਹੋਏ ਆ... ਉਹਦੀ ਮਾਂ ਦਾ ਫੀਨਲ ਸੀ ਪਹਿਲਾਂ"।

ਨਵਾਂ ਆਇਆ ਜਣਾਂ ਠੰਢ 'ਚ ਬੁੱਲ੍ਹ ਖੋਲ੍ਹਣ ਦੀ ਥਾਂ ਸਿਰ ਇਸ ਅੰਦਾਜ਼ 'ਚ ਹਿਲਾਉਂਦਾ ਜਿਵੇਂ ਕਹਿ ਰਿਹਾ ਹੋਵੇ- "ਆਹੋ ਮੈਂ ਵੀ ਸੋਚਾਂ ਪਈ ਇਹ ਜਸਵੰਤੂ ਦੇ ਤਾਂ ਪਿੰਡ ਦਾ ਵੀ ਕੋਈ ਢੁੱਕਣਾ ਨਈਂ ਮੰਗਦਾ, ਇੰਨੇ ਲੋਕ ਕਿੱਥੋਂ ਆ ਗੇ"।

ਇਸ ਸਮੇਂ ਦੌਰਾਨ ਭਾਈ ਜੀ ਹੋਰੀਂ ਅੰਦਰ ਉਸ ਸਾਫ ਸੁਥਰੇ ਕਮਰੇ ਵਿਚ ਬੈਠੇ ਖੁਸ਼ਹਾਲ ਸਿੰਘ ਦੇ ਇਕ ਰਿਸ਼ਤੇਦਾਰ ਨਾਲ ਮਾਰਚਰੀ ਦੇ ਨੁਕਸਾਂ ਬਾਰੇ ਹੀ ਗੱਲਾਂ ਕਰ ਰਹੇ ਸਨ। ਜੌਰਜ ਨੇ ਆ ਕੇ ਉਹਨਾਂ ਨੂੰ ਅਰਦਾਸ ਕਰਨ ਲਈ ਚੱਲਣ ਲਈ ਕਿਹਾ।

ਸੰਗਤ ਦੀ ਇੰਨੀ ਜ਼ਿਆਦਾ ਹਾਜ਼ਰੀ ਦੇਖ ਕੇ ਭਾਈ ਜੀ ਦੇ ਮਨ ਵਿਚ ਖੁਸ਼ੀ ਦੀ ਲਹਿਰ ਜਿਹੀ ਦੌੜੀ। ਉਹਨਾਂ ਨੇ ਮਹਿਸੂਸ ਕੀਤਾ ਕਿ ਉਹ ਕਿਸੇ "ਵੱਡੇ" ਕੰਮ ਲਈ ਇੱਥੇ ਆਏ ਹਨ। ਉਹ ਸਹਿਜ ਸਹਿਜ ਤੁਰਦੇ ਜਾ ਕੇ ਮਾਈਕ ਦੇ ਸਾਹਮਣੇ ਖੜ੍ਹ ਗਏ। ਉਹਨਾਂ ਦੇ ਸੱਜੇ ਹੱਥ, ਥੋੜ੍ਹਾ ਹਟਵਾਂ ਮੇਜ਼ ਉੱਪਰ ਇਕ ਬਹੁਤ ਹੀ ਸੁਹਣੇ ਬਕਸੇ ਵਿਚ ਮਾਤਾ ਨਰੰਜਣ ਕੌਰ ਦੀ ਦੇਹ ਟਿਕਾਈ ਗਈ ਸੀ। ਬਕਸੇ ਦੇ ਅੰਦਰ ਚਿੱਟਾ ਮਖਮਲੀ ਕੱਪੜਾ ਲੱਗਾ ਹੋਇਆ ਸੀ ਜਿਸ ਕਰਕੇ ਉਹ ਬਹੁਤ ਗੁਦਗੁਦਾ ਤੇ ਅਰਾਮਦੇਹ

ਜਾਪ ਰਿਹਾ ਸੀ। ਮਾਤਾ ਜੀ ਦੇ ਹੱਥਾਂ ਦੇ ਕੋਲ ਲਾਲ ਗੁਲਾਬ ਦੇ ਫੁੱਲਾਂ ਦਾ ਗੁਲਦਸਤਾ ਰੱਖਿਆ ਹੋਇਆ ਸੀ। ਉਹਦੇ ਚਿੱਟੇ ਰੰਗ ਦਾ ਸੂਟ ਪਾਇਆ ਹੋਇਆ ਸੀ ਅਤੇ ਸਿਰ 'ਤੇ ਸੁਆਰ ਕੇ ਚੁੰਨੀ ਦਿੱਤੀ ਹੋਈ ਸੀ।

ਮੌਕੇ ਦੀ ਮਹਾਨਤਾ ਨੂੰ ਸਮਝਦਿਆਂ ਭਾਈ ਜੀ ਹੋਰੀਂ ਸਰਦਾਰ ਖੁਸ਼ਹਾਲ ਸਿੰਘ ਦੀ ਮਾਤਾ ਜੀ ਦੇ ਜੀਵਨ ਬਾਰੇ ਵਿਸਥਾਰ ਵਿਚ ਸਰੋਤਿਆਂ ਨੂੰ ਦੱਸਣ ਲੱਗੇ। ਲੈਕਚਰ ਕਰਦੇ ਉਹ ਕਦੀ ਕਦੀ ਕੋਟ ਦੀ ਜੇਬ੍ਹ ਚੋਂ ਲਿੱਬੜਿਆ ਹੋਇਆ ਕਲੀਨਿਕਸ ਕੱਢ ਕੇ ਮਾਈਕ ਦੇ ਸਾਹਮਣੇ ਹੀ ਜ਼ੋਰ ਨਾਲ ਨੱਕ ਸੁਣਕ ਲੈਂਦੇ। ਉਹਨਾਂ ਦੇ ਠੰਢ ਨਾਲ ਚੋਂਦੇ ਨੱਕ ਦੇ ਪਾਣੀ ਨੂੰ ਸਾਹਮਣੇ ਬੈਠੇ ਕਈ ਜਜ਼ਬਾਤੀ ਮਨ ਹੰਝੂ ਹੀ ਸਮਝ ਰਹੇ ਸਨ ਅਤੇ ਭਾਈ ਜੀ ਦੀਆਂ ਗੱਲਾਂ ਦੇ ਅਸਰ ਵਜੋਂ ਉਹਨਾਂ ਦੀਆਂ ਅੱਖਾਂ ਵਿਚ ਵੀ ਨਮੀ ਦੀ ਝਲਕ ਆ ਰਹੀ ਸੀ।

ਭਾਈ ਜੀ ਮਾਤਾ ਜੀ ਦੇ ਜੀਵਨ ਬਾਰੇ ਚਾਨਣਾ ਪਾ ਰਹੇ ਸਨ: "ਮਾਤਾ ਨਰੰਜਣ ਕੌਰ ਜੀ ਇਕ ਬਹੁਤ ਹੀ ਮਹਾਨ ਆਤਮਾ ਸਨ। ਉਹਨਾਂ ਨੇ ਸਾਨੂੰ ਸਰਦਾਰ ਖੁਸ਼ਹਾਲ ਸਿੰਘ ਵਰਗਾ ਹੀਰਾ ਦਿੱਤਾ। ਸਰਦਾਰ ਖੁਸ਼ਹਾਲ ਸਿੰਘ ਨੇ ਸਾਡੀ ਕੌਮ ਦਾ ਬਹੁਤ ਸਿਰ ਉੱਚਾ ਚੁੱਕਿਆ ਹੈ। ਜਿਵੇਂ ਤੁਸੀਂ ਸਾਰੇ ਜਾਣਦੇ ਹੋ, ਇਹ ਵੀ ਹੋਰ ਬਹੁਤ ਸਾਰੇ ਲੋਕਾਂ ਵਾਂਗ ਵਿਜ਼ਿਟਰ ਹੀ ਆਏ ਸਨ। ਇਹਨਾਂ ਨੇ ਆਪਣੀ ਸਿਆਣਪ, ਮਿਹਨਤ, ਲਗਨ ਤੇ ਮਿੱਠੀ ਬੋਲ-ਚਾਲ ਨਾਲ ਕਈ ਘਰ, ਕਈ ਨਿੱਕੇ-ਮੋਟੇ ਅਪਾਰਟਮੈਂਟ, ਕਿੰਨੀ ਹੀ ਹੋਰ ਪ੍ਰਾਪਰਟੀ ਖਰੀਦੀ ਤੇ ਇਸ ਤਰ੍ਹਾਂ ਕਮਿਊਨਿਟੀ ਦੇ ਨਾਂ ਨੂੰ ਉੱਚਾ ਚੁੱਕਿਆ। ਹਰ ਲੋੜਵੰਦ ਦੀ ਇਹਨਾਂ ਨੇ ਹਮੇਸ਼ਾਂ ਮਦਦ ਕੀਤੀ। ਮੈਨੂੰ ਇਹ ਦੱਸਣ 'ਚ ਖੁਸ਼ੀ ਹੋ ਰਹੀ ਹੈ ਕਿ ਜਦੋਂ ਮੈਂ ਖੁਦ ਕਨੇਡਾ ਅਇਆ ਸੀ ਤਾਂ ਸਰਦਾਰ ਖੁਸ਼ਹਾਲ ਸਿੰਘ ਹੋਰਾਂ ਨੇ ਹੀ ਮੇਰੀ ਫਰੀ ਹੋਣ ਵਿਚ ਮੱਦਦ ਕੀਤੀ ਸੀ"। ਉਹਨਾਂ ਆਪਣੀ ਗੱਲ ਨੂੰ ਦੁਹਰਾਉਂਦਿਆਂ ਫਿਰ ਆਖਿਆ, "ਸਰਦਾਰ ਖੁਸ਼ਹਾਲ ਸਿੰਘ ਸਾਡੀ ਕੌਮ ਦਾ ਇਕ ਹੀਰਾ ਹੈ, ਸਾਨੂੰ ਸਾਰਿਆਂ ਨੂੰ ਇਸ ਗੱਲ ਦਾ ਮਾਣ ਹੈ"।

ਮੂਹਰਲੀ ਕਤਾਰ ਵਿਚ ਬੈਠੇ ਖੁਸ਼ਹਾਲ ਸਿੰਘ ਦੇ ਚਿਹਰੇ 'ਤੇ ਮੁਸਕਾਨ ਫੈਲ ਗਈ। ਸ਼ਾਇਦ ਉਹਨੂੰ ਇਕ ਪਲ ਲਈ ਇਹ ਭੁੱਲ ਗਿਆ ਕਿ ਉਹ ਕਿੱਥੇ ਬੈਠਾ ਸੀ।

ਲੈਕਚਰ ਖਤਮ ਕਰਨ ਤੋਂ ਬਾਅਦ ਭਾਈ ਜੀ ਨੇ ਸੰਗਤ ਉੱਪਰ ਆਪਣੇ ਬੋਲਾਂ ਦਾ ਪ੍ਰਭਾਵ ਜਾਨਣ ਲਈ ਨਿਗ੍ਹਾ ਦੁੜਾਈ। ਇਕ ਪਲ ਲਈ ਸਾਹਮਣੇ ਕੁਰਸੀਆਂ 'ਚ ਚਿਣੇ ਲੋਕ ਉਹਨਾਂ ਨੂੰ ਬੇਜਾਨ ਤਸਵੀਰ ਵਾਂਗ ਲੱਗੇ। ਤੇ ਖਬਰੇ ਉਹਨਾਂ ਨੂੰ ਜਗਾਉਣ ਦੇ ਇਰਾਦੇ ਨਾਲ ਉਹਨਾਂ ਜ਼ੋਰ ਨਾਲ ਜੈਕਾਰਾ ਬੁਲਾਇਆ।

ਅਖੀਰ ਵਿਚ ਸੰਗਤਾਂ ਨੂੰ ਮਾਤਾ ਜੀ ਦੇ ਨਮਿੱਤ ਰੱਖੇ ਜਾਣ ਵਾਲੇ ਅਖੰਡਪਾਠ ਦਾ ਪ੍ਰੋਗਰਾਮ ਦੱਸਿਆ। ਮਾਈਕ ਤੋਂ ਪਾਸੇ ਹਟਣ ਲੱਗਿਆਂ ਉਹਨਾਂ ਸਿਰ ਦੇ ਇਸ਼ਾਰੇ ਨਾਲ ਕਿਸੇ ਹੋਰ ਨੂੰ ਉੱਠਣ ਲਈ ਕਿਹਾ।

ਭਾਈ ਜੀ ਦੇ ਇਸ਼ਾਰੇ 'ਤੇ ਆਦਮੀਆਂ ਵਲ ਦੇ ਪਾਸਿਉਂ ਪਹਿਲੀ ਕਤਾਰ "ਚੋਂ ਇਕ ਸੱਜਣ ਆਪਣੀ ਟਾਈ ਨੂੰ ਠੀਕ ਕਰਦਾ ਉੱਠਿਆ ਤੇ ਹੌਲ਼ੀ ਹੌਲ਼ੀ ਮਾਈਕ ਵਲ ਵਧਿਆ। ਉਸ ਸੱਜਣ ਨੇ ਗੁਰਬਾਣੀ "ਚੋਂ ਉਹੀ ਤੁਕਾਂ ਦੁਹਰਾਈਆਂ ਜਿਹੜੀਆਂ ਕੁਝ ਦੇਰ ਪਹਿਲਾਂ ਭਾਈ ਜੀ ਹੋਰੀਂ ਬੋਲ ਕੇ ਗਏ ਸਨ। ਫੇਰ ਉਹਨੇ ਆਪਣੀ ਤੇ ਆਪਣੇ ਪਰਿਵਾਰ ਦੀ ਸਰਦਾਰ ਖੁਸ਼ਹਾਲ ਸਿੰਘ ਦੇ ਪਰਿਵਾਰ ਨਾਲ ਚਲੀ ਆਉਂਦੀ ਲੰਬੀ ਨੇੜਤਾ ਬਾਰੇ ਕਾਫੀ ਵਿਸਥਾਰ ਵਿਚ ਦੱਸਿਆ। ਇਸ ਸਮੇਂ ਦੌਰਾਨ ਭਾਈ ਜੀ ਨੇ ਕਈ ਵਾਰੀ ਆਪਣੀ ਘੜੀ ਦੇਖੀ।

ਉਹਨਾਂ ਨੂੰ ਉਸ ਸ਼ਖਸ ਦੀਆਂ ਗੱਲਾਂ ਬੜੀਆਂ ਫਜ਼ੂਲ ਜਿਹੀਆਂ ਲੱਗੀਆਂ। ਉਹਦੀਆਂ ਗੱਲਾਂ ਦੇ ਮੁਕਾਬਲੇ ਭਾਈ ਜੀ ਨੂੰ ਆਪਣਾ ਕੀਤਾ ਲੈਕਚਰ ਕਿਤੇ ਵਧੀਆ ਲੱਗਾ। ਇਹ ਮੁਕਾਬਲਾ ਕਰਨ ਨਾਲ ਉਹਨਾਂ ਦੇ ਮਨ ਵਿਚ ਇਕ ਅਜੀਬ ਤਸੱਲੀ ਜਿਹੀ ਆਈ। ਉਹਨਾਂ ਨੂੰ ਆਪਣੇ ਕੰਮ ਨਾਲ ਇਕ ਪਿਆਰ ਜਿਹਾ ਮਹਿਸੂਸ ਹੋਇਆ ਜਿਹੜਾ ਕਦੀ ਉਹ ਬਹੁਤ ਦੇਰ ਪਹਿਲਾਂ ਮਹਿਸੂਸ ਕਰਿਆ ਕਰਦੇ ਸਨ।

ਫੇਰ ਉਹਨਾਂ ਨੇ ਆਪਣਾ ਮੁਕਾਬਲਾ ਆਪਣੇ ਇਕ ਹੋਰ ਜਾਣ-ਪਛਾਣ ਵਾਲੇ ਬੰਦੇ ਭਾਈ ਲਾਭ ਸਿੰਘ ਨਾਲ ਕਰਨਾ ਸ਼ੁਰੂ ਕਰ ਦਿੱਤਾ। ਉਹਦੇ ਮੁਕਾਬਲੇ ਭਾਈ ਜੀ ਨੇ ਆਪਣੇ ਆਪ ਨੂੰ ਇਕ ਬਹੁਤ ਹੀ ਉੱਤਮ ਮਨੁੱਖ ਮਹਿਸੂਸ ਕੀਤਾ। ਅਤੇ ਨਾਲ ਹੀ ਲਾਭ ਸਿੰਘ ਬਾਰੇ ਉਹਨਾਂ ਦਾ ਮਨ ਨਫਰਤ ਨਾਲ ਭਰ ਗਿਆ। ਉਂਝ ਪਹਿਲਾਂ ਉਹ ਭਾਈ ਲਾਭ ਸਿੰਘ ਹੋਰਾਂ ਨੂੰ ਬੜਾ ਪਸੰਦ ਕਰਦੇ ਸਨ। ਲਾਭ ਸਿੰਘ ਬੜਾ ਖਾਣਪੀਣ ਵਾਲਾ ਅਤੇ ਦਰਿਆ-ਦਿਲ ਬੰਦਾ ਸੀ। ਭਾਈ ਜੀ ਲਾਭ ਸਿੰਘ ਨਾਲ ਥੋੜ੍ਹਾ ਸ਼ੁਗਲਾ ਵੀ ਕਰ ਲੈਂਦੇ ਸਨ ਤੇ ਕਦੇ ਕਦੇ ਉਹਦੇ ਨਾਲ ਇਕ ਦੋ ਪੈੱਗ ਵੀ ਪੀ ਲੈਂਦੇ ਸਨ। ਪਰ ਇਸ ਗੱਲ ਦਾ ਹੋਰ ਕਿਸੇ ਨੂੰ ਨਹੀਂ ਸੀ ਪਤਾ ਹੁੰਦਾ।

ਪਰ ਲਾਭ ਸਿੰਘ ਦੀ ਜਿਹੜੀ ਗੱਲ ਭਾਈ ਜੀ ਨੂੰ ਚੰਗੀ ਨਹੀਂ ਸੀ ਲਗਦੀ ਉਹ ਸੀ ਉਹਦਾ ਅੜਬ ਸੁਭਾਅ। ਉਹ ਕਈ ਵਾਰੀ ਕਮੇਟੀ ਵਾਲਿਆਂ ਨਾਲ ਖਹਿਬੜ ਵੀ ਪੈਂਦਾ। ਪਰ ਖਾਣ ਪੀਣ ਵਾਲਾ ਬੰਦਾ ਹੋਣ ਕਰਕੇ ਕਮੇਟੀ ਦੇ ਕੁਝ ਮੈਂਬਰਾਂ ਨਾਲ ਉਹਦੀ ਬਣਦੀ ਵੀ ਵਾਹਵਾ ਸੀ। ਉਹਨਾਂ ਮੈਂਬਰਾਂ ਦੇ ਸਿਰ 'ਤੇ ਕਾਫੀ ਦੇਰ ਉਹਨਾਂ ਦੀ ਗੁਰਦਵਾਰੇ ਵਿਚ ਇਸ ਤਰ੍ਹਾਂ ਹੀ ਚਲਦੀ ਰਹੀ। ਪਰ ਜਦ ਨਵੀਂ ਕਮੇਟੀ ਚੁਣ ਹੋਈ, ਉਹਨੀਂ ਪਹਿਲਾ ਕੰਮ ਭਾਈ ਲਾਭ ਸਿੰਘ ਨੂੰ ਗੁਰਦਵਾਰਿਉਂ ਕੱਢਣ ਦਾ ਕੀਤਾ।

ਇਸ ਤਰ੍ਹਾਂ ਕੱਢੇ ਜਾਣ ਤੋਂ ਛੇਤੀ ਬਾਅਦ ਜਦ ਉਹ ਇਕ ਵਾਰ ਭਾਈ ਜੀ ਦੇ ਘਰ ਆਇਆ ਤਾਂ ਬੜਾ ਉਦਾਸ ਅਤੇ ਨਿਰਾਸ਼ ਸੀ। ਭਾਈ ਜੀ ਨੂੰ ਉਸ ਨਾਲ ਬੜੀ ਹਮਦਰਦੀ ਮਹਿਸੂਸ ਹੋਈ। ਪਰ ਫੇਰ ਤਾਂ ਗੱਲ ਇਸ ਤਰ੍ਹਾਂ ਹੋਈ ਜਿੱਦਾਂ ਕਹਿੰਦੇ ਹੁੰਦੇ ਆ "ਕੁੱਬੇ ਦੇ ਮਾਰੀ ਲੱਤ ਕੁੱਬੇ ਦੇ ਕੰਮ ਆ ਗਈ"। ਲਾਭ ਸਿੰਘ ਨੇ ਲੋਕਾਂ ਦੇ ਘਰੀਂ ਕੀਰਤਨ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ। ਹਰ ਕੀਰਤਨ ਵੇਲੇ ਉਹਨਾਂ ਦੀ ਸਿੱਖਿਆ ਵੀ ਇਹੋ ਹੁੰਦੀ ਕਿ ਕੀਰਤਨ ਕਰਾਉਣਾ ਕਿਉਂ ਜ਼ਰੂਰੀ ਹੈ। ਭਾਈ ਜੀ ਨੇ ਉਹਦੀਆਂ

ਇਹਨਾਂ ਗੱਲਾਂ ਨੂੰ ਪਹਿਲਾਂ ਪਹਿਲਾਂ ਮਖੌਲ ਹੀ ਸਮਝਿਆ। ਉਹਨਾਂ ਦਾ ਖਿਆਲ ਸੀ ਕਿ ਲਾਭ ਸਿੰਘ ਵਰਗਾ ਅੜਬ ਜਿਹਾ ਬੰਦਾ ਬਾਹਲੇ ਲੋਕਾਂ ਨੂੰ ਮਗਰ ਨਹੀਂ ਲਾ ਸਕਦਾ। ਪਰ ਲਾਭ ਸਿੰਘ ਦੀ ਵਾਰ ਵਾਰ ਦਿੱਤੀ ਸਿੱਖਿਆ ਦਾ ਕੁਝ ਲੋਕਾਂ 'ਤੇ ਐਸਾ ਅਸਰ ਹੋਇਆ ਕਿ ਹੁਣ ਹਰ ਵੀਕ-ਇੰਡ 'ਤੇ ਤਾਂ ਉਹ ਕਿਸੇ ਨਾ ਕਿਸੇ ਦੇ ਘਰ ਕੀਰਤਨ ਕਰਦਾ ਹੀ, ਕਈ ਵਾਰੀ ਤਾਂ ਵੀਕ ਦੇ ਵਿਚਾਲੇ ਵੀ ਚਲੇ ਜਾਂਦਾ। ਭਾਈ ਲਾਭ ਸਿੰਘ ਦੇ ਦੋ ਤਿੰਨ ਪੱਕੇ ਸ਼ਰਧਾਲੂ ਬਣ ਗਏ ਜਿਹੜੇ ਉਸ ਨੂੰ ਹਰ ਥਾਂ ਕਾਰਾਂ 'ਚ ਘੁਮਾਈ ਫਿਰਦੇ। ਸਭ ਤੋਂ ਵਧ ਹੈਰਾਨੀ ਤਾਂ ਭਾਈ ਜੀ ਨੂੰ ਇਹ ਜਾਣ ਕੇ ਹੁੰਦੀ ਕਿ ਉਹਦੀ ਤਾਂ ਮਾਨਤਾ ਹੀ ਬਹੁਤ ਹੋਣ ਲੱਗ ਪਈ ਸੀ। ਭਾਈ ਜੀ ਨੂੰ ਇਹ ਗੱਲ ਸਮਝ ਈ ਨਹੀਂ ਸੀ ਆ ਰਹੀ ਕਿ ਲਾਭ ਸਿੰਘ ਵਰਗੇ ਬੰਦੇ ਦੀਆਂ ਲੱਤਾਂ ਘੁੱਟਣ ਲਈ ਔਰਤਾਂ ਲਾਈਨ ਬਣਾ ਕੇ ਬੈਠੀਆਂ ਹੋਣ। ਕਈ ਵਾਰੀ ਭਾਈ ਜੀ ਖੁੱਦ ਨੂੰ ਉਹਦੀ ਥਾਂ ਬੈਠਾ ਖਿਆਲਦੇ ਅਤੇ ਇਸ ਖਿਆਲ ਨਾਲ ਹੀ ਉਹਨਾਂ ਦੇ ਸਰੀਰ "ਚੋਂ ਥਕਾਵਟ ਦੂਰ ਹੋ ਜਾਂਦੀ। ਪਰ ਅਜਿਹੇ ਖਿਆਲ ਤੋਂ ਬਾਅਦ ਭਾਈ ਜੀ ਹੋਰੀਂ ਖੁਦ ਨੂੰ ਬੜਾ ਕੋਸਦੇ ਅਤੇ ਜੋ ਲਾਭ ਸਿੰਘ ਕਰ ਰਿਹਾ ਸੀ ਉਸਨੂੰ ਬਹੁਤ ਹੀ ਘਟੀਆ ਹਰਕਤ ਸਮਝਦੇ। ਅਤੇ ਇਸ ਖਿਆਲ ਨਾਲ ਆਪਣੀ ਤਸੱਲੀ ਕਰ ਲੈਂਦੇ ਕਿ - ਅਕਸਰ ਪਰਮਾਤਮਾ ਨੂੰ ਤਾਂ ਹਰ ਕਿਸੇ ਨੇ ਜਾ ਕੇ ਹਿਸਾਬ ਦੇਣਾ ਹੈ ਕਿ ਨਹੀਂ?

ਭਾਈ ਜੀ ਦਾ ਧਿਆਨ ਜਦ ਮੁੜ ਲੈਕਚਰ ਕਰ ਰਹੇ ਸੱਜਣ ਵਲ ਗਿਆ ਤਾਂ ਉਹ ਆਪਣੀ ਆਵਾਜ਼ ਵਿਚ ਬਹੁਤ ਹੀ ਸੋਗ ਭਰ ਕੇ ਕਹਿ ਰਹੇ ਸਨ, "ਅੰਤ 'ਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਅਸੀਂ ਉਸ ਮਹਾਨ ਮਾਂ ਨੂੰ ਆਖਰੀ ਵਾਰ ਸਿਰ ਝੁਕਾਉਣ ਆਏ ਹਾਂ ਜਿਸ ਨੇ ਸਾਡੀ ਕਮਿਊਨਿਟੀ ਨੂੰ ਇਹ ਹੀਰਾ ਬਖਸ਼ਿਆ ਹੈ। ਹਰ ਕੋਈ ਮਾਂ ਇਹੋ ਜਿਹੇ ਹੀਰੇ ਪੈਦਾ ਨਹੀਂ ਕਰ ਸਕਦੀ"।

ਲੈਕਚਰ ਖਤਮ ਹੋਣ ਬਾਅਦ ਭਾਈ ਜੀ ਹੋਰੀਂ ਫੇਰ ਮਾਤਾ ਜੀ ਦੇ ਬਕਸੇ ਕੋਲ ਆ ਖੜ੍ਹੇ ਹੋਏ। ਉਹਨਾਂ ਨੇ ਗਲ 'ਚ ਪਏ ਸਾਫੇ ਨੂੰ ਹੱਥਾਂ 'ਚ ਘੁੱਟ ਕੇ ਫੜਿਆ। ਭਾਈ ਜੀ ਵਲ ਦੇਖ ਕੇ ਸੰਗਤ ਵੀ ਖੜ੍ਹ ਗਈ। ਖੜ੍ਹਨ ਲੱਗੇ ਲੋਕਾਂ ਨੇ ਭਾਈ ਜੀ ਦੇ ਭਾਰੇ ਅਤੇ ਕਈ ਥਾਵਾਂ ਤੋਂ ਬੇਲੋੜੇ ਵਧੇ ਹੋਏ ਸਰੀਰ ਵਲ ਦੇਖਿਆ ਤੇ ਸਾਰਿਆਂ ਨੇ ਇਕੱਠਿਆਂ ਹੀ ਨੀਵੀਂ ਪਾ ਲਈ। ਭਾਈ ਜੀ ਅਰਦਾਸ ਕਰਨ ਲੱਗੇ। ਬਕਸੇ ਦੇ ਕੋਲ ਦੋਹੀਂ ਪਾਸੀਂ ਤੇ ਦਰਵਾਜ਼ੇ ਕੋਲ ਮਾਰਚਰੀ ਦੇ ਗੋਰੇ ਕਰਿੰਦੇ ਖੜ੍ਹੇ ਸਨ। ਉਹ ਰਤਾ ਵੀ ਹਿਲਦੇ-ਜੁਲਦੇ ਨਹੀਂ ਸਨ ਤੇ ਨਾ ਹੀ ਉਹਨਾਂ ਦੇ ਚਿਹਰਿਆਂ 'ਤੇ ਕੋਈ ਪ੍ਰਭਾਵ ਪੜ੍ਹਿਆ ਜਾ ਸਕਦਾ ਸੀ। ਸਰਸਰੀ ਨਜ਼ਰੇ ਉਹ ਅਜਾਇਬ ਘਰ 'ਚ ਪਏ ਮੋਮ ਦੇ ਬੁੱਤ ਜਾਪਦੇ ਸਨ।

ਅਰਦਾਸ ਖਤਮ ਹੋਈ। ਭਾਈ ਜੀ ਨੇ ਫਿਰ ਜ਼ੋਰ ਨਾਲ ਨੱਕ ਸੁਣਕਿਆ। ਉਹਨਾਂ ਨੇ ਸਿਰ ਦੇ ਇਸ਼ਾਰੇ ਨਾਲ ਗੋਰੇ ਕਾਮਿਆਂ ਨੂੰ ਅਗਲੀ ਕਾਰਵਾਈ ਦਾ ਸੰਦੇਸ਼ ਦਿੱਤਾ ਅਤੇ ਆਪ ਥੋੜ੍ਹਾ ਇਕ ਪਾਸੇ ਹੋ ਕੇ ਇਹ ਸਾਰੀ ਕਾਰਵਾਈ ਦੇਖਣ ਲੱਗੇ। ਹਾਲ ਦੇ

ਸੱਜੇ ਪਾਸੇ ਬੈਠੀਆਂ ਔਰਤਾਂ ਦੀ ਪਹਿਲੀ ਕਤਾਰ ਵਿਚੋਂ ਕੁਝ ਔਰਤਾਂ ਨੇ ਇਕ ਦੋ ਆਖਰੀ ਬਨਦੀਆਂ ਚੀਕਾਂ ਮਾਰੀਆਂ ਪਰ ਬੰਦਿਆਂ ਦੇ ਇਕ ਦੋ ਵਾਰ ਕਹਿਣ ’ਤੇ ਰੋਣ ਦੀ ਸੁਰ ਬੁਸ ਬੁਸ ’ਤੇ ਲਿਆ ਟਿਕਾਈ। ਗੋਰੇ ਕਾਰਿੰਦੇ ਆਪਣੀ ਥਾਂ ਤੋਂ ਰੋਬਾਟ ਵਾਂਗ ਪਾਸਾ ਘੁਮਾ ਕੇ ਹਿੱਲੇ – ਇਕ ਆਦਮੀਆਂ ਵਲ ਦੇ ਪਾਸੇ ਪਿੱਠ ਕਰ ਕੇ ਖੜ੍ਹ ਗਿਆ ਤੇ ਦੂਜਾ ਹਾਲ ਦੇ ਪਿੱਛੇ ਜਿੱਥੇ ਕੁਰਸੀਆਂ ਖਤਮ ਹੁੰਦੀਆਂ ਹਨ, ਉੱਥੇ ਜਾ ਕੇ ਟਰੈਫਿਕ ਵਾਲੇ ਸਿਪਾਹੀ ਦੀ ਤਰ੍ਹਾਂ ਪੈਰ ਅੜਾ ਕੇ ਖੜ੍ਹ ਗਿਆ। ਤੀਜੇ ਨੇ ਔਰਤਾਂ ਵਲ ਦੇ ਪਾਸੇ ਦੀ ਪਹਿਲੀ ਕਤਾਰ ਵਲ ਮੂੰਹ ਕਰਕੇ ਹੱਥ ਨਾਲ ਔਰਤਾਂ ਨੂੰ ਉੱਠਣ ਦਾ ਇਸ਼ਾਰਾ ਕੀਤਾ। ਔਰਤਾਂ ਆਪਣੇ ਕੋਟ, ਚੁੰਨੀਆਂ ਤੇ ਅੱਖਾਂ ਤੇ ਨੱਕ ਦਾ ਪਾਣੀ ਪੂੰਝਣ ਵਾਲੇ ਕਲੀਨੈਕਸ ਸੰਭਾਲਦੀਆਂ ਉੱਠੀਆਂ ਤੇ ਇਕ ਵਿੰਗ-ਤੜਿੰਗੀ ਕਤਾਰ ਬਣਾਉਂਦੀਆਂ ਮਾਤਾ ਨਰੰਜਣ ਕੌਰ ਦੇ ਆਖਰੀ ਦਰਸ਼ਨ ਕਰਦੀਆਂ ਹਾਲ ਦੇ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਨੂੰ ਜਾਣ ਲੱਗੀਆਂ।

ਭਾਈ ਜੀ ਇਹ ਸਭ ਕੁਝ ਦੇਖਦੇ ਆਪਣੇ ਮਨ ਨੂੰ ਸ਼ਾਂਤ ਰੱਖਣ ਦੀ ਕੋਸ਼ਿਸ਼ ਕਰ ਰਹੇ ਸਨ। ਗੁਰਦਵਾਰੇ ਛੇਤੀ ਪਹੁੰਚਣ ਦਾ ਖਿਆਲ ਉਹਨਾਂ ਨੂੰ ਉਪਰਾਮ ਕਰ ਰਿਹਾ ਸੀ। ਭਾਈ ਜੀ ਨੂੰ ਲੱਗਾ ਕਿ ਮਾਤਾ ਦੇ ਦਰਸ਼ਨ ਕਰਨ ਆਏ ਲੋਕਾਂ ਦੀ ਕਤਾਰ ਖਤਮ ਹੀ ਨਹੀਂ ਸੀ ਹੋਣ ’ਚ ਆ ਰਹੀ। ਭਾਈ ਜੀ ਨੂੰ ਇਸ ਗੱਲ ਦਾ ਪਤਾ ਸੀ ਕਿ ਕੁਝ ਨਜ਼ਦੀਕੀ ਰਿਸ਼ਤੇਦਾਰਾਂ ਤੇ ਦੋਸਤਾਂ ਤੋਂ ਬਿਨਾਂ ਬਾਕੀ ਸਾਰੇ ਅਸਲ ’ਚ ਮਾਤਾ ਜੀ ਦਾ ਮੂੰਹ ਦੇਖਣ ਨਹੀਂ ਸਗੋਂ ਸਰਦਾਰ ਖੁਸ਼ਹਾਲ ਸਿੰਘ ਨੂੰ “ਮੂੰਹ ਦਿਖਾਣ” ਆਏ ਸਨ। ਇਹ ਸੋਚ ਕੇ ਭਾਈ ਜੀ ਨੂੰ ਲੋਕਾਂ ਦੇ ਇਸ ਪਖੰਡ ’ਤੇ ਕਾਫੀ ਖਿਝ ਆਈ। ਪਰ ਫੇਰ ਉਹਨਾਂ ਨੇ ਆਪਣੇ ਮਨ ਨੂੰ ਸ਼ਾਂਤ ਕਰਨ ਲਈ ਰੱਬ ਦਾ ਨਾਂ ਲਿਆ। ਉਹ ਸਰਦਾਰ ਖੁਸ਼ਹਾਲ ਸਿੰਘ ਦੀ ਮਾਤਾ ਜੀ ਦੇ ਆਖਰੀ ਕਾਰਜ ਸਮੇਂ ਲੱਗ ਰਹੇ ਵਕਤ ’ਤੇ ਖਿਝਣਾ ਨਹੀਂ ਚਾਹੁੰਦੇ ਸਨ। ਉਹਨਾਂ ਨੂੰ ਲਗਦਾ ਸੀ ਕਿ ਜੇ ਉਹਨਾਂ ਦੇ ਮਨ ਵਿਚ ਇਹੋ ਜਿਹੇ ਖਿਆਲ ਆਏ ਤਾਂ ਉਹ ਇਕ ਤਰ੍ਹਾਂ ਸਰਦਾਰ ਖੁਸ਼ਹਾਲ ਸਿੰਘ ਹੋਰਾਂ ਨਾਲ ਬੇਇਨਸਾਫੀ ਕਰ ਰਹੇ ਹੋਣਗੇ। ਕਾਹਲੀ ਕਰਨ ਦੇ ਖਿਆਲ ਨੂੰ ਬੜੀ ਬੇਰਹਿਮੀ ਨਾਲ ਪਾਸੇ ਕਰਦੇ ਅਤੇ ਸਾਹਮਣੇ ਮਾਤਾ ਜੀ ਦਾ ਚਿਹਰਾ ਦੇਖ ਕੇ ਪਰਮਾਤਮਾ ਦਾ ਨਾਂ ਜਪਣ ਲੱਗਦੇ।

ਔਰਤਾਂ ਮਗਰੋਂ ਹਾਲ ਦੇ ਪਿੱਛੇ ਤੇ ਬਾਹਰ ਖੜ੍ਹੇ ਆਦਮੀ ਤੇ ਫੇਰ ਹਾਲ ਅੰਦਰ ਬੈਠੇ ਆਦਮੀ ਹੌਲ਼ੀ ਹੌਲ਼ੀ ਸਾਰੇ ਮਾਤਾ ਜੀ ਦੇ ਆਖਰੀ ਦਰਸ਼ਨ ਕਰਕੇ ਬਾਹਰ ਜਾ ਖੜ੍ਹੇ ਹੋਏ।

ਮਾਰਚਰੀ ਦੇ ਕਾਰਿੰਦਿਆਂ ਨੇ ਬਹੁਤ ਹੀ ਸਹਿਜ ਨਾਲ ਮਾਤਾ ਜੀ ਦੀ ਦੇਹ ਵਾਲਾ ਬਕਸਾ ਬੰਦ ਕੀਤਾ। ਬਕਸਾ ਜਿਸ ਮੇਜ਼ ਉੱਪਰ ਰੱਖਿਆ ਗਿਆ ਸੀ ਉਸ ਨੂੰ ਚਾਰ ਪਹੀਏ ਲੱਗੇ ਹੋਏ ਸਨ। ਇਕ ਗੋਰਾ ਕਾਮਾ ਬਕਸੇ ਦੇ ਅੱਗੇ ਹੋ ਗਿਆ ਤੇ ਇਕ ਪਿੱਛੇ। ਸਰਦਾਰ ਖੁਸ਼ਹਾਲ ਸਿੰਘ ਤੇ ਉਹਦੇ ਰਿਸ਼ਤੇਦਾਰ ਬਕਸੇ ਦੇ ਦੋਹੀਂ ਪਾਸੀਂ ਇਕ ਇਕ ਹੱਥ ਬਕਸੇ ਦੇ ਪਾਸੀਂ ਲੱਗੇ ਡੰਡਿਆਂ ਨੂੰ ਪਾਕੇ ਹੌਲ਼ੀ ਹੌਲ਼ੀ ਨਾਲ ਤੁਰਨ ਲੱਗੇ।

ਲੰਬੀ ਡੇਹੜੀ ਲੰਘ ਉਹ ਬਾਹਰ ਇਕ ਵੱਡੀ ਸਾਰੀ ਕਾਲੀ ਕਾਰ ਕੋਲ ਪਹੁੰਚੇ। ਕਾਰ ਦੇ ਡਰਾਈਵਰ ਨੇ ਕਾਰ ਦਾ ਪਿਛਲਾ ਦਰਵਾਜ਼ਾ ਪਹਿਲਾਂ ਹੀ ਖੋਲ੍ਹਿਆ ਹੋਇਆ ਸੀ। ਬਕਸੇ ਨਾਲ ਤੁਰ ਰਹੇ ਗੋਰੇ ਕਾਮਿਆਂ ਨੇ ਅੱਗੇ ਹੋ ਕੇ ਬਕਸੇ ਨੂੰ ਮੇਜ਼ ਤੋਂ ਰਤਾ ਕੁ “ਤਾਂਹ ਚੁੱਕ ਕਾਰ ਵਿਚ ਸਰਕਾ ਦਿੱਤਾ। ਕਾਰ ਦਾ ਦਰਵਾਜ਼ਾ ਬਹੁਤ ਹੀ ਸਹਿਜ ਨਾਲ ਬੰਦ ਕੀਤਾ ਗਿਆ। ਗੋਰੇ ਡਰਾਈਵਰ ਨੇ ਸਿਰ ਦੇ ਇਸ਼ਾਰੇ ਨਾਲ ਭਾਈ ਜੀ ਅਤੇ ਮਾਤਾ ਜੀ ਦੇ ਇਕ ਦੋ ਨਜ਼ਦੀਕੀਆਂ ਨੂੰ ਵੱਡੀ ਕਾਰ ਦੀਆਂ ਮੂਹਰਲੀਆਂ ਸੀਟਾਂ ’ਤੇ ਬੈਠਣ ਦਾ ਇਸ਼ਾਰਾ ਕੀਤਾ। ਕੁਝ ਹੋਰ ਨਜ਼ਦੀਕੀ ਰਿਸ਼ਤੇਦਾਰ ਇਕ ਹੋਰ ਵੱਡੀ ਕਾਲੀ ਕਾਰ ਵਿਚ ਬੈਠ ਗਏ। ਦੋਵੇਂ ਕਾਰਾਂ ਅੱਗੜ ਪਿੱਛੜ ਬੜੇ ਸਹਿਜ ਨਾਲ ਤੁਰੀਆਂ ।

ਭਾਈ ਜੀ ਨੇ ਕਾਰ ਵਿਚੋਂ ਦੇਖਿਆ ਕਿ ਉਹਨਾਂ ਦੀਆਂ ਕਾਰਾਂ ਤੁਰਨ ਤੋਂ ਕੁਝ ਸੈਕਿੰਡ ਬਾਅਦ ਲੋਕਾਂ ਦੀ ਭੀੜ ਇੰਝ ਤੇਜ਼ੀ ਨਾਲ ਖਿੰਡਣੀ ਸ਼ੁਰੂ ਹੋਈ ਜਿਵੇਂ ਕਿਸੇ ਨਿਆਣੇ ਨੇ ਕੀੜੀਆਂ ਦੇ ਭੌਣ ਉੱਪਰ ਰੋੜਾ ਮਾਰ ਦਿੱਤਾ ਹੋਵੇ। ਕੁਝ, ਜਿਹਨਾਂ ਦੀਆਂ ਕਾਰਾਂ ਨੇੜੇ ਹੀ ਖੜ੍ਹੀਆਂ ਸਨ ਉਹ ਆਪਣੀਆਂ ਕਾਰਾਂ ਵਿਚ ਬੈਠ ਗਏ। ਤੇ ਜਿਹਨਾਂ ਦੀਆਂ ਕਾਰਾਂ ਦੂਰ ਸਨ ਜਾਂ ਜਿਹੜੇ ਬੱਸਾਂ ਵਿਚ ਆਏ ਸਨ ਉਹ ਪੈਦਲ ਹੀ ਸੜਕ ਦੇ ਦੂਜੇ ਪਾਸੇ ਕਬਰਸਤਾਨ ਦੇ ਦੱਖਣ ਵਿਚ ਬਣੀ ਇਕ ਇਮਾਰਤ ਵਲ ਚਲ ਪਏ। ਕਾਰਾਂ ਵਾਲਿਆਂ ਨੇ ਕਾਰਾਂ ਦੀਆਂ ਬੱਤੀਆਂ ਜਗਾ ਲਈਆਂ ਅਤੇ ਆਪਣੀਆਂ ਕਾਰਾਂ ਭਾਈ ਜੀ ਵਾਲ਼ੀ ਕਾਰ, ਜਿਹਦੇ ਵਿਚ ਮਾਤਾ ਨਰੰਜਣ ਕੋਰ ਦੀ ਦੇਹ ਵੀ ਸੀ ਦੇ ਪਿੱਛੇ ਲਾ ਲਈਆਂ।

ਹੌਲ਼ੀ ਹੌਲ਼ੀ ਇਹ ਕਾਰਾਂ ਤੇ ਸੜਕ ਦੇ ਦੋਹੀਂ ਪਾਸੀਂ ਬਰਫ ਮਿੱਧਦੇ ਲੋਕ ਜਾਗੀਰਦਾਰਾਂ ਦੀ ਪੁਰਾਣੀ ਹਵੇਲੀ ਵਰਗੀ ਇਮਾਰਤ ਅੰਦਰ ਪਹੁੰਚ ਗਏ। ਉੱਥੇ ਜਾ ਕੇ ਮਾਤਾ ਨਰੰਜਣ ਕੌਰ ਦੇ ਬਕਸੇ ਨੂੰ ਫੇਰ ਉਸੇ ਇਹਤਿਆਤ ਨਾਲ ਕਾਰ ਵਿਚੋਂ ਲਾਹ ਕੇ ਇਕ ਪਹਿਲਾਂ ਵਰਗੇ ਪਹੀਆਂ ਵਾਲੇ ਮੇਜ਼ ਉੱਪਰ ਸਰਕਾ ਦਿੱਤਾ ਗਿਆ। ਗੋਰੇ ਡਰਾਈਵਰ ਜਿਹੜੇ ਦੋਂਹ ਵੱਡੀਆਂ ਵੱਡੀਆਂ ਕਾਰਾਂ ਨੂੰ ਚਲਾ ਕੇ ਲਿਆਏ ਸਨ ਸਭ ਕੁਝ ਬੜਾ ਸੰਜੀਦਗੀ ਨਾਲ ਤੇ ਸਹਿਜ ਸਹਿਜ ਕਰ ਰਹੇ ਸਨ। ਜੌਰਜ ਜੋ ਵੱਖਰੀ ਕਾਰ ਵਿਚ ਆਇਆ ਸੀ ਸਭ ਕੁਝ ਦੀ ਨਿਗਰਾਨੀ ਕਰ ਰਿਹਾ ਸੀ।

ਮਾਤਾ ਜੀ ਦੀ ਦੇਹ ਨੂੰ ਇਕ ਵੱਡੀ ਸਾਰੀ ਉੱਚੀ ਛੱਤ ਵਾਲ਼ੀ ਡੇਹੜੀ ਵਿਚ ਟਿਕਾਇਆ ਗਿਆ। ਭਾਈ ਜੀ ਨੇ ਫੇਰ ਗਲ ’ਚ ਪੱਲਾ ਪਾਇਆ, ਜੁੱਤੀ ਉਤਾਰੀ ਅਤੇ ਬੜੀ ਨਿਮਰਤਾ ਅਤੇ ਲਗਨ ਨਾਲ ਅਰਦਾਸ ਕੀਤੀ। ਅਰਦਾਸ ਦੇ ਖਾਤਮੇ ਬਾਅਦ ਕੁਝ ਔਰਤਾਂ ਨੇ ਫਿਰ ਰੋਣ ਦੀ ਆਵਾਜ਼ ਨੂੰ ਕੁਝ ਉੱਚਾ ਹੋਣ ਦਿੱਤਾ ਪਰ ਛੇਤੀਂ ਹੀ ਦੂਜਿਆਂ ਦੇ ਕਹੇ ’ਤੇ “ਕੰਟਰੋਲ” ਕਰ ਲਿਆ। ਗੋਰੇ ਕਾਮਿਆਂ ਨੇ ਬਕਸੇ ਨੂੰ ਰੋੜ੍ਹ ਕੇ ਇਕ ਹੋਰ ਕਮਰੇ ਦੇ ਦਰਮਿਆਨ ਬਣੇ ਵੱਡੇ ਸਾਰੇ ਅੰਗੀਠੇ ਕੋਲ ਲੈ ਆਂਦਾ। ਭਾਰਾ ਲੋਹੇ ਦਾ ਦਰਵਾਜ਼ਾ ਖੋਲ੍ਹ ਕੇ ਬਕਸੇ ਨੂੰ ਬਹੁਤ ਸਹਿਜ ਨਾਲ ਅੰਦਰ ਧੱਕ ਦਿੱਤਾ ਗਿਆ।

ਦਰਵਾਜ਼ਾ ਬੰਦ ਕਰਨ ਤੋਂ ਬਾਅਦ ਜੌਰਜ ਨੇ ਸਰਦਾਰ ਖੁਸ਼ਹਾਲ ਸਿੰਘ ਨੂੰ ਆਪਣੇ ਮਗਰ ਆਉਣ ਦਾ ਇਸ਼ਾਰਾ ਕੀਤਾ।

ਬਾਹਰਲੇ ਕਮਰੇ ਵਿੱਚ ਖੜ੍ਹੇ ਭਾਈ ਜੀ ਵੀ ਬਾਕੀ ਲੋਕਾਂ ਵਾਂਗ ਅੰਗੀਠੇ ਵਾਲੇ ਕਮਰੇ ਵਲ ਵੇਖ ਰਹੇ ਸਨ। ਕੁਝ ਮਿੰਟਾਂ ਬਾਅਦ ਅੰਦਰੋਂ ਅੱਗ ਮੱਚਣ ਦੀ ਆਵਾਜ਼ ਸਾਰਿਆਂ ਨੂੰ ਸੁਣਾਈ ਦਿੱਤੀ। ਅੰਗੀਠੇ ਵਾਲੇ ਅੰਦਰੋਂ ਵਾਪਸ ਆਉਣ ਤੋਂ ਬਾਅਦ ਖੁਸ਼ਹਾਲ ਸਿੰਘ ਤੇ ਉਹਦੇ ਰਿਸ਼ਤੇਦਾਰ ਇਕ ਵਾਰ ਫਿਰ ਅਰਦਾਸ ਲਈ ਖੜ੍ਹੇ ਹੋ ਗਏ। ਭਾਈ ਜੀ ਨੇ ਬੜੀ ਸ਼ਰਧਾ ਨਾਲ ਟਿਕ ਕੇ ਅਰਦਾਸ ਕੀਤੀ।

ਅਰਦਾਸ ਖਤਮ ਹੋਣ ਤੋਂ ਬਾਅਦ ਭਾਈ ਜੀ ਮਾਰਚਰੀ ਨੂੰ ਵਾਪਸ ਆਉਣ ਲਈ ਜੌਰਜ ਨਾਲ ਹੀ ਕਾਰ ਵਿਚ ਬੈਠ ਗਏ। ਜੌਰਜ ਨੇ ਭਾਈ ਜੀ ਕੋਲ ਖੁਸ਼ਹਾਲ ਸਿੰਘ ਦੀਆਂ ਕਾਫੀ ਸਿਫਤਾਂ ਕੀਤੀਆਂ। ਉਹਨੇ ਕਿਹਾ, "ਤੁਹਾਡੀ ਕਮਿਊਨਿਟੀ 'ਚ ਖੁਸ਼ਹਾਲ ਸਿੰਘ ਬਹੁਤ ਬੜਾ ਬੰਦਾ ਆ। ਕੀ ਤੁਸੀਂ ਨੋਟਿਸ ਕੀਤਾ ਕਿੰਨੇ ਲੋਕ ਆਏ ਹਨ ਉਹਨਾਂ ਦੀ ਮਾਂ ਦੀ ਆਖਰੀ "ਸਰਵਿਸ" ਲਈ। ਖੁਸ਼ਹਾਲ ਸਿੰਘ ਬਹੁਤ ਵਧੀਆ ਬੰਦਾ ਹੈ"। ਭਾਈ ਜੀ ਨੇ ਉਹਦੀ ਗੱਲ ਨਾਲ ਪੂਰੀ ਸਹਿਮਤੀ ਦਿਖਾਈ। ਪਰ ਨਾਲ ਹੀ ਉਹਨੀਂ ਮਨ ਵਿਚ ਸੋਚਿਆ – "ਬੰਦਾ ਤਾਂ ਤੁਹਾਡੇ ਲਈ ਆਪੇ ਵਧੀਆ ਹੋਣਾਂ ਆ। ਉਹਦੀ ਖੁਸ਼ਾਮਦ ਕਰਕੇ ਸਭ ਤੋਂ ਮਹਿੰਗਾ ਬਕਸਾ ਵੇਚਿਆ ਹੋਣਾਂ। ਖਰਿਆ ਕਿੰਨੇ ਹਜ਼ਾਰ 'ਚ ਛਿੱਲ ਲਾਹੀ ਹੋਣੀ ਆ ਉਹਦੀ"?

ਮਾਰਚਰੀ ਤੋਂ ਵਾਪਸ ਆ ਕਾਰ "ਚੋਂ ਉੱਤਰਨ ਲੱਗਿਆਂ ਭਾਈ ਜੀ ਨੇ ਜੌਰਜ ਨੂੰ ਭੇਦ ਭਰੇ ਲਹਿਜੇ ਨਾਲ ਹਦਾਇਤ ਦਿੱਤੀ ਕਿ ਇਸ ਦਾਗ ਦਾ ਕੰਮ ਜ਼ਰਾ ਜਲਦੀ ਮੁਕਾਇਆ ਜਾਏ। ਉਹ ਵੀ ਇਸ ਗੱਲ ਨਾਲ ਸਹਿਮਤ ਸੀ ਕਿਉਂਕਿ ਉਹ ਵੀ ਸਭ ਕੁਝ ਬਾਰਾਂ ਤੋਂ ਪਹਿਲਾਂ ਪਹਿਲਾਂ ਖਤਮ ਕਰਨਾ ਚਾਹੁੰਦਾ ਸੀ ਨਹੀਂ ਤਾਂ ਉਹਨੂੰ ਆਪਣੇ ਕਾਮਿਆਂ ਨੂੰ ਓਵਰਟਾਇਮ ਦੇਣਾ ਪੈਣਾ ਸੀ। ਭਾਈ ਜੀ ਕਾਹਲੀ ਨਾਲ ਹਾਲ ਅੰਦਰ ਪਹੁੰਚੇ। ਹੁਣ ਮਾਤਾ ਨਰੰਜਣ ਕੋਰ ਦੇ ਬਕਸੇ ਵਾਲ਼ੀ ਜਗ੍ਹਾ ਚਰਨ ਸਿੰਘ ਦਾ ਬਕਸਾ ਰੱਖ ਦਿੱਤਾ ਗਿਆ ਸੀ। ਹਾਲ ਦੇ ਅੰਦਰ ਆ ਕੇ ਭਾਈ ਜੀ ਨੇ ਸਰਸਰੀ ਨਜ਼ਰ ਨਾਲ ਬੈਠੇ ਲੋਕਾਂ ਨੂੰ ਦੇਖਿਆ ਜੋ ਉਸਦੀ ਹੀ ਉਡੀਕ ਕਰ ਰਹੇ ਸਨ। ਚਰਨ ਸਿੰਘ ਦੇ ਆਖਰੀ ਦਰਸ਼ਨਾਂ ਲਈ ਆਏ ਲੋਕ ਹਾਲ ਵਿਚਲੀਆਂ ਸੀਟਾਂ ਦੀਆਂ ਕੁਝ ਕਤਾਰਾਂ ਹੀ ਭਰ ਸਕੇ।

ਉਹਦੇ ਰਿਸ਼ਤੇਦਾਰਾਂ ਅਤੇ ਪੇਂਡੂਆਂ ਤੋਂ ਬਿਨਾਂ ਪੰਜ ਸੱਤ ਸਿਆਣੀ ਉਮਰ ਦੇ ਬਜ਼ੁਰਗ ਬੈਠੇ ਸਨ ਜਿਹੜੇ ਕਦੇ ਚਰਨ ਸਿੰਘ ਨਾਲ ਫਾਰਮਾਂ ਵਿੱਚ ਕੰਮ ਕਰਦੇ ਰਹੇ ਸਨ। ਉਂਝ ਇਹਨਾਂ ਨੇ ਕਿਸੇ ਹੋਰ ਦੇ ਦਾਗ ਲਈ ਵੀ ਅਟਕ ਹੀ ਜਾਣਾ ਸੀ। ਇਹ ਸਿਆਣੀ ਉਮਰ ਦੇ ਬੰਦੇ ਉਂਝ ਵੀ ਇਕ ਦਾਗ 'ਤੇ ਆਏ ਉਸ ਦਿਨ ਹੋਣ ਵਾਲੇ ਦੂਜਿਆਂ ਲਈ ਵੀ ਅਟਕ ਜਾਂਦੇ ਸਨ। ਇਸ ਤਰ੍ਹਾਂ ਉਹਨਾਂ ਦੀ ਜ਼ਿੰਦਗੀ ਦੇ ਕੁਝ ਪਲ ਹੋਰ ਕਿਸੇ ਚੰਗੇ ਕੰਮ ਦੇ ਲੇਖੇ ਲੱਗ ਜਾਂਦੇ। ਭਾਈ ਜੀ ਇਹਨਾਂ ਬੁੜ੍ਹਿਆਂ ਨੂੰ ਮਰਗ 'ਤੇ

ਅਤੇ ਗੁਰਦਵਾਰੇ ਦੇ ਹਰ ਪ੍ਰੋਗਰਾਮ ’ਤੇ ਦੇਖ ਦੇਖ ਅੱਕ ਜਾਂਦੇ। ਕਈ ਵਾਰੀ ਉਹ ਮਨ ’ਚ ਬੜਾ ਕੁੜ੍ਹਦੇ। ਖਾਸ ਕਰ ਜਦੋਂ ਦੀ ਕਮੇਟੀ ਆਲਿਆਂ ਨੇ ਇਹਨਾਂ ਨੂੰ ਗੁਰਦਵਾਰੇ ਦੇ ਇਕ ਪਾਸੇ ਬੈਠ ਕੇ ਤਾਸ਼ ਖੇਡਣ ਦੀ ਤੇ ਵੇਲੇ ਕੁਵੇਲੇ ਚਾਹ ਬਣਾ ਕੇ ਪੀਣ ਦੀ ਇਜਾਜ਼ਤ ਦੇ ਦਿੱਤੀ ਸੀ।

ਭਾਈ ਜੀ ਨੇ ਫੇਰ ਘੜੀ ਵਲ ਦੇਖਿਆ ਅਤੇ ਉਹਨਾਂ ਦਾ ਮਨ ਕਾਹਲਾ ਪੈ ਗਿਆ ਕਿ ਇਹ ਕੰਮ ਛੇਤੀਂ ਖਤਮ ਹੋਵੇ ਤਾਂ ਕਿ ਉਹ ਸਮੇਂ ਸਿਰ ਗੁਰਦਵਾਰੇ ਪਹੁੰਚ ਸਕਣ।

ਚਰਨ ਸਿੰਘ ਲਈ ਅੰਤਮ ਅਰਦਾਸ ਤੋਂ ਪਹਿਲਾਂ ਉਹਨੀਂ ਮਰ ਚੁੱਕੇ ਦੀ ਮਹਿਮਾ ਵਜੋਂ ਕੁਝ ਸ਼ਬਦ ਕਹਿਣੇ ਉਚਿਤ ਸਮਝੇ। ਪਰ ਅੰਦਰਲੀ ਕਾਹਲੀ ਕਰਕੇ “ਘੱਲੇ ਆਏ ਨਾਨਕਾ, ਸਦੇ ਉਠੀ ਜਾਏ” ਤੋਂ ਅੱਗੇ ਉਹਨਾਂ ਤੋਂ ਕੋਈ ਠੀਕ ਤਰ੍ਹਾਂ ਗੱਲ ਨਾ ਬਣੀ।

ਭਾਈ ਜੀ ਗੁਰਦਵਾਰੇ ਸਮੇਂ ਸਿਰ ਜ਼ਰੂਰ ਪਹੁੰਚ ਜਾਣਾ ਚਾਹੁੰਦੇ ਸਨ ਤਾਂ ਕਿ ਅਖੰਡਪਾਠ ਕਰਾਉਣ ਵਾਲੇ ਸਰਦਾਰ ਬਿਅੰਤ ਸਿੰਘ ਹੋਰਾਂ ਬਾਰੇ ਉਹ ਵੀ ਕੁਝ ਪਲ ਜ਼ਰੂਰ ਬੋਲ ਸਕਣ। ਬਿਅੰਤ ਸਿੰਘ ਹੋਰੀਂ ਭਾਈ ਜੀ ਨਾਲ ਬਹੁਤ ਪਿਆਰ ਕਰਦੇ ਸਨ। ਇਸ ਗੱਲ ਦਾ ਸਬੂਤ ਉਹਨਾਂ ਨੇ ਫਾਰਮ ਦੇ ਕੰਮ ਦੇ ਸੀਜ਼ਨ ਦੇ ਅਖੀਰ ’ਤੇ ਭਾਈ ਜੀ ਦੀ ਘਰ ਵਾਲ਼ੀ ਨੂੰ ਘਰ ਬੈਠਿਆਂ ਹੀ ਯੂ. ਆਈ. ਸੀ. ਦੀਆਂ ਸਟੈਂਪਾਂ ਲਾ ਕੇ ਦੇ ਦਿੱਤਾ ਸੀ। ਨਾਲ ਹੀ ਭਾਈ ਜੀ ਨੂੰ ਪੱਕੀ ਆਸ ਸੀ ਕਿ ਬਿਅੰਤ ਸਿੰਘ ਹੋਰੀਂ ਉਹਨਾਂ ਦੇ ਇਕ “ਇੱਲਲੀਗਲ” ਰਿਸ਼ਤੇਦਾਰ ਮੁੰਡੇ ਨੂੰ ਆਉਣ ਵਾਲੇ ਫਾਰਮਾਂ ਦੇ ਸੀਜ਼ਨ ਵਿੱਚ ਟਰੈਕਟਰ ਚਲਾਉਣ ਦਾ ਪੱਕਾ ਕੰਮ ਦੇ ਦੇਣਗੇ। ਭਾਵੇਂ ਉਹਨੀ ਫੋਨ ਉੱਪਰ ਸਰਦਾਰ ਬਿਅੰਤ ਸਿੰਘ ਹੋਰਾਂ ਨਾਲ ਇਸ ਬਾਰੇ ਇਕ ਦੋ ਵਾਰ ਗੱਲ ਬਾਤ ਕੀਤੀ ਸੀ ਅਤੇ ਉਹ ਮੰਨ ਵੀ ਗਏ ਸਨ। ਪਰ ਭਾਈ ਜੀ ਚਾਹੁੰਦੇ ਸਨ ਕਿ ਉਹ ਸੰਗਤਾਂ ਅੱਗੇ ਸਰਦਾਰ ਹੋਰਾਂ ਦੀ ਚੰਗਿਆਈ ਦੇ ਗੁਣ ਗਾ ਕੇ ਇਸ ਗੱਲ ਨੂੰ ਪੱਕੀ ਕਰ ਲੈਣ। ਕਿਸੇ ਦੀ ਮਹਿਮਾ ਵਿਚ ਸੰਗਤ ਸਾਹਮਣੇ ਕੀਤੀਆਂ ਗੱਲਾਂ ਦੇ ਅਸਰ ਦੇ ਜਾਦੂ ਨੂੰ ਭਾਈ ਜੀ ਤੋਂ ਵਧ ਹੋਰ ਕੌਣ ਜਾਣ ਸਕਦਾ ਸੀ। ਜ਼ਿੰਦਗੀ ਦੇ ਕਿੰਨੇ ਹੀ ਕੰਮ ਉਹਨਾਂ ਨੇ ਇਹਨਾਂ ਹਰ ਵਰ੍ਹੇ ਅਖੰਡਪਾਠ ਕਰਾਉਣ ਵਾਲੇ “ਖਾਂਦੇ ਪੀਂਦੇ” ਲੋਕਾਂ ਤੋਂ ਹੀ ਕਰਾਏ ਸਨ। ਸਰਦਾਰ ਬਿਅੰਤ ਸਿੰਘ ਹੋਰਾਂ ਤੋਂ ਵੀ ਭਾਈ ਜੀ ਨੂੰ ਕਈ ਕੰਮਾਂ ਦੀ ਆਸ ਸੀ। ਸਰਦਾਰ ਬਿਅੰਤ ਸਿੰਘ ਹੋਰਾਂ ਦੇ ਇਕ ਭਤੀਜੇ ਲਈ ਭਾਈ ਜੀ ਦੇ ਆਪਣੇ ਰਿਸ਼ਤੇਦਾਰਾਂ “ਚੋਂ ਇਕ ਕੁੜੀ ਮੰਗਾਉਣ ਦੀ ਗੱਲ ਵੀ ਚੱਲ ਰਹੀ ਸੀ। ਅਤੇ ਉਹਨਾਂ ਨੂੰ ਪੂਰੀ ਉਮੀਦ ਸੀ ਕਿ ਗੱਲ ਬਣ ਹੀ ਜਾਣੀ ਹੈ। ਉਹਨਾਂ ਨੂੰ ਲਗਦਾ ਸੀ ਕਿ ਸਰਦਾਰ ਹੋਰੀਂ ਉਸਦੀ ਗੱਲ ਕਾਫੀ ਮੰਨਦੇ ਸਨ। ਸਰਦਾਰ ਹੋਰਾਂ ਨੇ ਇਸ ਸਾਲ ਦਾ ਅਖੰਡਪਾਠ ਵੀ ਭਾਈ ਜੀ ਦੇ ਕਹਿਣ ਉਪਰੰਤ ਹੀ ਇਸ ਗੁਰਦਵਾਰੇ ਕਰਾਇਆ ਸੀ, ਨਹੀਂ ਤਾਂ ਸਾਰੇ ਜਾਣਦੇ ਸਨ ਕਿ ਉਹ ਹਮੇਸ਼ਾਂ ਦੂਜੇ ਗੁਰਦਵਾਰੇ ਹੀ ਜਾਂਦੇ ਰਹੇ ਸਨ। ਭਾਈ ਜੀ ਹੋਰੀਂ ਇਹ ਗੱਲਾਂ ਸੋਚਦੇ ਇਕ ਦਮ ਉੱਡ ਕੇ ਗੁਰਦਵਾਰੇ ਪਹੁੰਚਣਾ ਚਾਹੁੰਦੇ ਸਨ।

ਆਪਣੀ ਕਾਹਲ ਵਿੱਚ ਭਾਈ ਜੀ ਹੋਰੀਂ ਅਰਦਾਸ ਦੀ ਰਫਤਾਰ ਤੇਜ਼ ਕਰ ਦਿੱਤੀ। ਅਰਦਾਸ ਖਤਮ ਕਰਕੇ ਫੇਰ ਗੋਰੇ ਕਾਰਿੰਦਿਆਂ ਨੂੰ ਕਾਹਲੀ ਨਾਲ ਸਿਰ ਦਾ ਇਸ਼ਾਰਾ ਕੀਤਾ। ਹਾਲ ਵਿੱਚ ਹਾਜ਼ਰੀ ਘੱਟ ਹੋਣ ਕਰਕੇ ਜਾਂ ਪਹਿਲੇ ਦਾਗ ਦੇ ਪ੍ਰਭਾਵ ਕਰਕੇ ਗੋਰੇ ਕਾਰਿੰਦਿਆਂ ਦੇ ਤੁਰਨ ਦੇ, ਖੜ੍ਹਨ ਦੇ ਅੰਦਾਜ਼ ਵਿੱਚ ਇਕ ਗੈਰ ਸੰਜੀਦਗੀ, ਇਕ ਅਵੇਸਲਾਪਨ ਜਿਹਾ ਸਾਫ ਜ਼ਾਹਿਰ ਹੁੰਦਾ ਸੀ।

ਚਰਨ ਸਿੰਘ ਦੇ ਘਰ ਵਾਲ਼ੀ ਨੇ ਦਿਲ-ਚੀਰਵੀ ਲੇਰ ਮਾਰੀ ਜਿਸ ’ਤੇ ਭਾਈ ਜੀ ਨੂੰ ਅਤੇ ਹਾਲ ’ਚ ਬੈਠੇ ਦੂਜੇ ਲੋਕਾਂ ਨੂੰ ਵੀ ਸ਼ਾਇਦ ਪਹਿਲੀ ਵਾਰੀ ਇਸ ਗੱਲ ਦਾ ਜ਼ੋਰਦਾਰ ਅਹਿਸਾਸ ਹੋਇਆ ਕਿ ਉਹ ਕਿਸੇ ਦਾ ਦਾਹ ਸੰਸਕਾਰ ਕਰਨ ਲਈ ਆਏ ਸਨ। ਜਸਵੰਤ ਨੇ ਆਪਣੀ ਮਾਂ ਨੂੰ ਮੋਢਿਆਂ ਤੋਂ ਫੜ ਕੇ ਸਹਾਰਾ ਦਿੱਤਾ ਅਤੇ ਉਹ ਹੌਲ਼ੀ ਹੌਲ਼ੀ ਚਰਨ ਸਿੰਘ ਦੇ ਸਾਹਮਣੇ ਹੋਈ। ਚਰਨ ਸਿੰਘ ਦੀ ਛਾਤੀ ’ਤੇ ਰੱਖੇ ਹੱਥਾਂ ਉੱਪਰ ਉਹਨੇ ਸਹਿਜ ਸਹਿਜ ਆਪਣੇ ਹੱਥ ਫੇਰੇ। ਚਰਨ ਸਿੰਘ ਦੀਆਂ ਠੰਡੀਆਂ ਤੇ ਸਖਤ ਹੋ ਚੁੱਕੀਆਂ ਉਂਗਲਾਂ ਨੂੰ ਉਹਨੇ ਪੋਲੇ ਜਿਹੇ ਘੁੱਟਿਆ ਅਤੇ ਬੜੇ ਹੌਸਲੇ ਨਾਲ ਉੱਥੋਂ ਤੁਰਨ ਦੀ ਕੋਸ਼ਿਸ਼ ਕੀਤੀ। ਦੋ ਕਦਮ ਚੱਲ ਕੇ ਉਹ ਫੇਰ ਪਿਛਾਂਹ ਪਰਤੀ। ਮੁੜ ਆਪਣੇ ਪਤੀ ਦੇ ਹੱਥਾਂ ਨੂੰ ਫੜਿਆ। ਅਤੇ ਦਰਦ-ਵਿੰਨ੍ਹੀ ਆਵਾਜ਼ ਵਿੱਚ ਕੀਰਨਾ ਪਾਉਂਦਿਆਂ ਕਿਹਾ, “ਮੈਨੂੰ ਕਿਹਦੇ ਸਹਾਰੇ ਛੱਡ ਚੱਲਿਆਂ ਆਖਰੀ ਪਹਿਰ ਮੇਰਿਆ... “। ਇਸ ਤੋਂ ਅੱਗੇ ਉਸਤੋਂ ਆਵਾਜ਼ ਨਹੀਂ ਨਿਕਲੀ ਅਤੇ ਉਹਦੇ ਸਰੀਰ ਨੇ ਇਕ ਝਟਕਾ ਜਿਹਾ ਖਾਧਾ ਜਿਵੇਂ ਉਹਦੇ ਅੰਦਰੋਂ ਕੁਝ ਟੁੱਟ ਗਿਆ ਹੋਵੇ। ਜਸਵੰਤ ਅਤੇ ਇਕ ਦੋ ਔਰਤਾਂ ਨੇ ਉਹਨੂੰ ਸਹਾਰਾ ਦੇ ਕੇ ਸੰਭਾਲਿਆ ਅਤੇ ਹੌਲ਼ੀ ਹੌਲ਼ੀ ਉਹਨੂੰ ਹਾਲ ਤੋਂ ਬਾਹਰ ਨੂੰ ਲੈ ਗਏ। ਭਾਈ ਜੀ ਨੇ ਇਸ ਸਮੇਂ ਦੌਰਾਨ ਦੋ ਤਿੰਨ ਵਾਰ ਆਪਣੀ ਘੜੀ ਦੇਖੀ ਅਤੇ ਮਨ ਹੀ ਮਨ ਉਹਨਾਂ ਨੂੰ ਕਾਹਲੀ ਨਾ ਕਰਨ ਲਈ ਕੋਸਿਆ।

ਭਾਈ ਜੀ ਦੇ ਮਨ ਵਿਚ ਅਚਾਨਕ ਆਪਣੀ ਧੀ ਵਿਰੁੱਧ ਗੁੱਸਾ ਆਇਆ। ਉਹਨਾਂ ਨੇ ਸੋਚਿਆ, “ਜੇ ਭਲਾ ਉਹ ਸਵੇਰੇ ਉਹਨਾਂ ਦੇ ਆਖੇ ਲੱਗ ਜਾਂਦੀ ਤਾਂ ਉਹਦਾ ਕੀ ਵਿਗੜ ਜਾਣਾ ਸੀ। ਪਰ ਇੱਥੇ ਦੀ ਉਲਾਦ ਦੇ ਮਨ ’ਚ ਮਾਪਿਆਂ ਲਈ ਰਤਾ ਪਿਆਰ ਸਤਿਕਾਰ ਨਹੀਂ”। ਉਹ ਤਾਂ ਗੁਰਦਵਾਰੇ ਸਿਰਫ ਦੋ ਮਿੰਟ ਇਸ ਕਰਕੇ ਜਾਣਾ ਚਾਹੁੰਦੇ ਸਨ ਕਿ ਹੈੱਡ ਗ੍ਰੰਥੀ ਨੇ ਅੱਜ ਪੈਣ ਵਾਲੇ ਅਖੰਡਪਾਠ ਦੇ ਭੋਗ ਵੇਲੇ, ਰਾਤ ਦੇ ਨਿਸ਼ਚਿਤ ਕੀਤੇ ਪ੍ਰੋਗਰਾਮ ਵਿਚ ਕੋਈ ਤਬਦੀਲੀ ਤਾਂ ਨਹੀਂ ਸੀ ਕੀਤੀ। ਅਖੰਡਪਾਠ “ਵੱਡੇ” ਘਰ ਵਾਲਿਆਂ ਦਾ ਸੀ ਅਤੇ ਉਹਨਾਂ ਦੀ “ਸੇਵਾ” ਵਿਚ ਕੁਝ ਸ਼ਬਦ ਕਹਿਣ ਵਾਲੇ ਵੀ ਬਹੁਤ ਹੋਣੇ ਸਨ। ਇਸ ਕਰਕੇ ਉਹ ਚਾਹੁੰਦੇ ਸਨ ਕਿ ਮਾਰਚਰੀ ਜਾਣ ਤੋਂ ਪਹਿਲਾਂ ਉਹ ਇਕ ਵਾਰ ਫਿਰ ਸਕੱਤਰ ਨੂੰ “ਮੂੰਹ” ਦਿਖਾ ਜਾਣ। “ਪਰ ਨਿਆਣਿਆਂ ਨੂੰ ਇਹਨਾਂ ਗੱਲਾਂ ਨਾਲ ਕੀ”, ਭਾਈ ਜੀ ਨੇ ਕੌੜੇ ਮਨ ਨਾਲ ਸੋਚਿਆ।

ਮਨ ’ਚ ਇਹਨਾਂ ਸੋਚਾਂ ਦੀ ਖਲਬਲੀ ਲੈ ਕੇ ਭਾਈ ਜੀ ਚਰਨ ਸਿੰਘ ਦੀ ਦੇਹ ਵਾਲ਼ੀ ਕਾਰ ਵਿੱਚ ਆ ਬੈਠੇ। ਕੁਝ ਹੀ ਮਿੰਟਾਂ ਵਿੱਚ ਉਹ ਜਾਗੀਰਦਾਰਾਂ ਦੀ ਹਵੇਲੀ

ਵਰਗੀ ਇਮਾਰਤ ਵਿੱਚ ਪਹੁੰਚ ਗਏ। ਭਾਈ ਜੀ ਨੇ ਜੁੱਤੀਆਂ ਚੋਂ ਮਸੀਂ ਅੱਧੇ ਅੱਧੇ ਪੈਰ ਹੀ ਬਾਹਰ ਕੱਢੇ ਅਤੇ ਕਾਹਲੀ ਨਾਲ ਅਰਦਾਸ ਖਤਮ ਕਰ ਦਿੱਤੀ। ਕੁਝ ਹੀ ਪਲਾਂ ਵਿੱਚ ਚਰਨ ਸਿੰਘ ਦੀ ਦੇਹ ਵੀ ਬੀ. ਸੀ. ਦੀ "ਨੈਚਰਲ ਗੈਸ" ਦੇ ਢਿੱਡ ਵਿਚਲੀ ਅੱਗ ਨੇ ਸਮੇਟਣੀ ਸ਼ੁਰੂ ਕਰ ਦਿੱਤੀ। ਭਾਈ ਜੀ ਨੇ ਆਖਰੀ ਅਰਦਾਸ ਵੀ ਕਾਫੀ ਤੇਜ਼ ਕੀਤੀ ਅਤੇ ਸਾਰਿਆਂ ਤੋਂ ਪਹਿਲਾਂ ਉਹ ਇਮਾਰਤ ਵਿਚੋਂ ਬਾਹਰ ਨਿਕਲੇ।

ਬਾਹਰ ਹੁੰਦਿਆਂ ਹੀ ਉਹਨੀਂ ਇਕ ਤਰ੍ਹਾਂ ਨਾਲ ਦੌੜਨਾ ਹੀ ਸ਼ੁਰੂ ਕਰ ਦਿੱਤਾ। ਉਹਨਾਂ ਨੂੰ ਗੁਰਦਵਾਰੇ ਲੈ ਜਾਣ ਲਈ ਸਰਦਾਰ ਖੁਸ਼ਹਾਲ ਸਿੰਘ ਦੇ ਇਕ ਰਿਸ਼ਤੇਦਾਰ ਦੀ ਕਾਰ ਉਡੀਕ ਕਰ ਰਹੀ ਸੀ। ਇਹ ਉਹੀ ਸ਼ਖਸ ਸਨ ਜਿਹਨਾਂ ਨਾਲ ਸਵੇਰੇ ਅਰਦਾਸ ਹੋਣ ਤੋਂ ਪਹਿਲਾਂ ਭਾਈ ਜੀ ਮਾਤਾ ਨਰੰਜਣ ਕੌਰ ਬਾਰੇ ਗੱਲਾਂ ਕਰਦੇ ਰਹੇ ਸਨ। ਭਾਈ ਜੀ ਨੇ ਉਸ ਵਕਤ ਹੀ ਉਹਨਾਂ ਨੂੰ ਰਾਈਡ ਲਈ ਰਾਜ਼ੀ ਕਰ ਲਿਆ ਸੀ।

ਕਾਰ 'ਚ ਬਹਿੰਦਿਆਂ ਹੀ ਉਹਨਾਂ ਆਪਣੇ ਸਨੇਹੀ ਨੂੰ ਕਿਹਾ, "ਲੈ ਬਈ ਗੁਰਮੁਖਾ ਮਿੰਟ ਦਸ ਰਹਿੰਦੇ ਆ, ਆਪਾਂ ਬਾਰਾਂ ਵੱਜਣ ਤਕ ਹਰ ਹਾਲਤ 'ਚ ਮਹਾਰਾਜ ਦੀ ਹਜ਼ੂਰੀ 'ਚ ਪਹੁੰਚਣਾ"। ਉਹ ਸੋਚ ਰਹੇ ਸਨ ਜੇ ਉਹ ਗੁਰਦਵਾਰੇ ਲੇਟ ਪਹੁੰਚੇ, ਜੇ ਉਹਨਾਂ ਨੂੰ ਸਰਦਾਰ ਬਿਅੰਤ ਸਿੰਘ ਬਾਰੇ ਬੋਲਣ ਦਾ ਸਮਾਂ ਨਾ ਮਿਲਿਆ ਤਾਂ ਉਹਨਾਂ ਦੇ ਕਈ ਕੰਮ ਸੌਰਨੋਂ ਰਹਿ ਸਕਦੇ ਸਨ। ਉਹ ਮਨ ਵਿੱਚ ਇਸ ਸਾਰੇ ਝੰਜਟ ਨੂੰ ਹੀ ਕੋਸ ਰਹੇ ਸਨ ਅਤੇ ਵਿਚਾਰ ਕਰ ਰਹੇ ਸਨ ਕਿ ਅੱਗੇ ਤੋਂ ਜ਼ਰੂਰੀ ਅਖੰਡਪਾਠ ਜਾਂ ਵਿਆਹ ਵਾਲੇ ਦਿਨ ਉਹ ਦਾਗਾਂ 'ਤੇ ਆਉਣ ਦੀ ਹਾਂ ਹੀ ਨਹੀਂ ਕਰਨਗੇ। ਪਰ ਫੇਰ ਉਹਨਾਂ ਨੂੰ ਖਿਆਲ ਆਇਆ ਕਿ ਉਹਨਾਂ ਨੇ ਪਹਿਲਾਂ ਵੀ ਇਸ ਤਰ੍ਹਾਂ ਇਕ ਦੋ ਵਾਰ ਆਪਣੇ ਆਪ ਨਾਲ ਵਾਇਦਾ ਕੀਤਾ ਸੀ।

ਪਰ ਅੱਜ ਉਹ ਖੁਸ਼ਹਾਲ ਸਿੰਘ ਦੀ ਮਾਤਾ ਜੀ ਦੇ ਦਾਗਾਂ 'ਤੇ ਤਾਂ ਉਂਝ ਵੀ ਆਉਣਾ ਚਾਹੁੰਦੇ ਸਨ। ਪਰ ਉਹਨਾਂ ਨੂੰ ਇਸ ਗੱਲ ਦਾ ਗਿਲਾ ਸੀ ਕਿ ਨਾਲ ਈ ਇਹ ਕੋਈ ਚਰਨ ਸਿੰਘ ਆ ਅੜਿਆ। ਉਹਨਾਂ ਨੇ ਕੌੜੇ ਮਨ ਨਾਲ ਸੋਚਿਆ ਕਿ ਕੁਝ ਲੋਕਾਂ ਨੂੰ ਮਰਨ ਦਾ ਵੀ ਨਹੀਂ ਪਤਾ ਪਈ ਕਦੋਂ ਮਰਨਾ। ਪਰ ਇਸ ਸੋਚ ਨਾਲ ਉਹਨਾਂ ਨੂੰ ਡਰ ਜਿਹਾ ਲੱਗਾ ਕਿ ਕਿਸੇ ਮਰ ਗਏ ਬਾਰੇ ਇਸ ਤਰ੍ਹਾਂ ਸੋਚਣਾ ਠੀਕ ਨਹੀਂ ਸੀ। ਆਪਣੀ ਭੁੱਲ ਬਖਸ਼ਾਉਣ ਲਈ ਉਹਨਾਂ ਨੇ ਜ਼ਰਾ ਉੱਚੀ ਆਵਾਜ਼ ਵਿੱਚ ਕਿਹਾ, "ਹੇ ਸੱਚੇ ਪਾਤਸ਼ਾਹ ਦਾਸ 'ਤੇ ਮਿਹਰ ਕਰੀਂ"। ਕਾਰ ਦੇ ਡਰਾਈਵਰ ਨੇ ਭਾਈ ਜੀ ਨੂੰ ਰੱਬ ਦਾ ਨਾਂ ਜਪਦਿਆਂ ਸੁਣ ਕੇ ਉਹਨਾਂ ਦੇ ਚਿਹਰੇ ਵਲ ਸ਼ਰਧਾ ਨਾਲ ਦੇਖਿਆ ਤੇ ਉਹਨਾਂ ਦੀ ਸੇਵਾ ਕਰ ਸਕਣ 'ਤੇ ਆਪਣੇ ਆਪ ਨੂੰ ਕਿਸਮਤ ਵਾਲਾ ਸਮਝਿਆ।

ਭਾਈ ਜੀ ਕਾਰ ਵਿਚੋਂ ਬਾਹਰ ਦੇਖ ਰਹੇ ਸਨ। ਠੰਢ ਨਾਲ ਘਰਾਂ ਦੀਆਂ ਛੱਤਾਂ ਦੇ ਪਾਸੀਂ ਜੰਮੇ ਪਾਣੀ ਸੂਰਜ ਦੀਆਂ ਕਿਰਨਾਂ ਨਾਲ ਅੱਖਾਂ ਮਿਲਾ ਕੇ ਇਕ ਬਹੁਤ ਹੀ ਸੁੰਦਰ ਦ੍ਰਿਸ਼ ਪੇਸ਼ ਕਰ ਰਹੇ ਸਨ। ਛੱਤਾਂ ਤੋਂ ਬਰਫ ਦੇ ਲਟਕਦੇ ਇਹ ਬੋਹੜ ਦੀ ਦਾੜ੍ਹੀ

ਵਰਗੇ ਸਿਰਿਆਂ ਤੋਂ ਤਿੱਖੇ ਕਿਨਾਰੇ, ਥੱਲੇ ਨੂੰ ਵਧ ਰਹੇ ਸਨ ਪਰ ਸੂਰਜ ਇਹਨਾਂ ਦੇ ਵਾਧੇ ਨੂੰ ਰੋਕਣ 'ਤੇ ਤੁਲਿਆ ਨਜ਼ਰ ਅਉਂਦਾ ਸੀ। ਪਰ ਭਾਈ ਜੀ ਹੋਰਾਂ ਨੂੰ ਕੁਦਰਤ ਦੀ ਇਸ ਕਸ਼ਮਕਸ਼ ਦੀ ਲੀਲਾ ਵਿਚਲੇ ਜਲੌਅ ਨਾਲ ਕੋਈ ਸਰੋਕਾਰ ਨਹੀਂ ਸੀ। ਉਹ ਤਾਂ ਗੁਰਦਵਾਰੇ ਬਾਰਾਂ ਤੋਂ ਪਹਿਲਾਂ ਪਹੁੰਚਣ ਦੀ ਆਸ ਨਾਲ ਤੇਜ਼ ਕਾਰ ਤੋਂ ਵੀ ਅੱਗੇ ਸੜਕ ਵਿੱਚ ਆਪਣੀਆਂ ਅੱਖਾਂ ਗੱਡੀ ਬੈਠੇ ਸਨ।

❍●❍●❍●

# ਮੇਰਾ ਸ਼ੀਸ਼ਾ

ਜਾਣਦਿਆਂ ਵੀ ਕਿ ਸ਼ੀਸ਼ਾ ਕਿਸੇ ਇਕ ਦਾ ਨਹੀਂ ਹੁੰਦਾ - ਹੋ ਜਾਂਦੀ ਹਾਂ ਉਦਾਸ - ਜਦ ਵੀ ਇਸ ਸ਼ੀਸ਼ੇ 'ਚ ਤੱਕਦੀ ਹਾਂ। ਫੇਰ ਵੀ ਹੌਲ਼ੀ ਹੌਲ਼ੀ ਮੁਹੱਬਤ ਜਿਹੀ ਹੋ ਗਈ ਹੈ ਇਸ ਨਾਲ। ਰਾਤ ਦੀਆਂ ਰੌਸ਼ਨੀਆਂ ਤੇ ਮਸ਼ੀਨੀ ਸ਼ੋਰ ਵਿਚਲੀ ਚੁੱਪ - ਮੈਂ ਇਹਦੇ ਨਾਲ ਗੱਲਾਂ ਕਰਦੀ ਹਾਂ - ਤੜਕੇ ਦੀ ਸ਼ਿਫਟ ਦੇ ਕੁਛ ਫਾਇਦੇ ਤਾਂ ਹੁੰਦੇ ਹਨ।

ਆਪਣੇ ਟੱਬਰ ਬਾਰੇ ਆਪਣੀਆਂ ਸੋਚਾਂ ਇਹਨੂੰ ਦੱਸਦੀ ਹਾਂ - ਸਾਰਾ ਦਿਨ ਪੇਪਰ ਸਿੱਟਣ ਬਾਅਦ ਥੱਕਿਆ ਠੰਡੀ ਬੇਸਮਿੰਟ ਵਿੱਚ "ਕੱਲਾ ਸੁੱਤਾ ਪਿਆ ਮੇਰਾ ਬੁੱਢਾ ਪਤੀ - ਨਿੱਤ ਤੜਕੇ ਚਾਰ ਵਜੇ ਤਕ ਟੈਕਸੀ ਵਾਹੁੰਦਾ ਮੇਰਾ ਪੁੱਤ - ਰੈਸਟੋਰੈਂਟ ਵਿੱਚੋਂ ਭਾਂਡੇ ਧੋ ਕੇ ਥੱਕੀ ਆਉਂਦੀ ਮੇਰੀ ਨੂੰਹ - ਜਿਹਦੇ 'ਚ ਘਰ ਦੇ ਭਾਂਡੇ ਧੋਣ ਦੀ ਹਿੰਮਤ ਨਹੀਂ ਰਹਿੰਦੀ - ਦਿਨ ਵੇਲੇ ਮੇਰੇ ਕੋਲ ਰਹਿਣ ਵਾਲ਼ੀ ਮਾੜਕੂ ਜਿਹੀ ਮੇਰੀ ਪੋਤੀ - ਜੋ ਨਿੱਤ ਮੇਰੀ ਨੀਂਦ ਦੀ ਦੁਸ਼ਮਣ ਬਣ ਜਾਂਦੀ ਹੈ।

ਮੇਰੇ ਤੇ ਬੜਾ ਹੀ ਦਿਆਲ ਹੁੰਦਾ ਹੈ ਕਦੀ ਕਦੀ ਇਹ ਸ਼ੀਸ਼ਾ। ਪਲ 'ਚ ਹੀ ਮੈਨੂੰ ਮੇਰੇ ਬਚਪਨ ਦੇ ਪਿੰਡ ਲੈ ਜਾਵੇ - ਵੇਹੜਿਆਂ ਵਾਲੇ ਚਨੁੱਕਰੇ ਘਰ - ਛੋਟੇ ਭਰਾ ਨੂੰ ਕੁੱਛੜ ਚੁੱਕੀ ਗੁੱਤ ਵਾਂਗੂੰ ਵਲ੍ਹ ਖਾਂਦੀਆਂ ਪਿੰਡ ਦੀਆਂ ਗਲੀਆਂ 'ਚ ਫਿਰਦੀ - ਪਿੱਪਲ ਥੱਲੇ, ਸਕੂਲ ਦੀ ਕੰਧ ਦੇ ਬਾਹਰ ਗੀਟੇ ਖੇਡਦੀ - ਕੰਧ ਦੇ ਦੂਜੇ ਪਾਸੇ ਮੇਰਾ ਵੱਡਾ ਭਰਾ ਪੜ੍ਹ ਰਿਹਾ ਹੁੰਦਾ - ਸਕੂਲ ਅੰਦਰੋਂ ਪਹਾੜਿਆਂ ਦੀ ਮੁਹਾਰਨੀ ਦੀ ਧੁਨ ਗੀਤਾਂ ਵਰਗੀ ਹੀ ਤਾਂ ਹੁੰਦੀ ਸੀ।

ਮੇਰੇ ਜੀਵਨ ਦੀਆਂ ਕੌੜੀਆਂ ਮਿੱਠੀਆਂ ਯਾਦਾਂ ਦਿਖਾਉਂਦਾ ਇਹ ਸ਼ੀਸ਼ਾ ਕਦੀ ਨਾ ਥੱਕੇ। ਅਕਸਰ ਮੈਂ ਹੀ ਰੋਕ ਦਿੰਦੀ ਹਾਂ ਇਸਨੂੰ - ਆਖਰ ਇਸ ਵਾਸ਼ਰੂਮ ਵਿੱਚ ਕਿੰਨਾ ਕੁ ਚਿਰ ਰੁਕ ਸਕਦੀ ਹਾਂ ਮੈਂ? ਤੜਕੇ ਦੀ ਸ਼ਿਫਟ ਵਾਲੇ ਬਾਸ ਨੂੰ ਜੇ ਆਫਿਸ ਵਿਚਲੇ ਛੋਟੇ ਸੋਫੇ 'ਤੇ ਨੀਂਦ ਨਾ ਆਵੇ - ਉੱਠ ਕੇ ਨਿਗਰਾਨੀ ਕਰਨ ਤੁਰ ਪੈਂਦਾ ਹੈ।

ਫਿਰ ਵੀ ਹਰ ਰਾਤ ਕੁਝ ਨਾ ਕੁਝ ਸਮਾਂ ਤਾਂ ਬਿਤਾ ਹੀ ਲੈਂਦੀ ਹਾਂ ਇਥੇ। ਕਮਰੇ 'ਚ ਆਉਂਦਿਆਂ ਹੀ ਪਹਿਲਾਂ ਟੁਆਲਿਟ ਸਾਫ ਕਰਾਂ - ਫੇਰ ਫਰਸ਼ ਚਮਕਾਵਾਂ - ਮਸ਼ੀਨ 'ਚ ਤੌਲੀਏ ਬਦਲਾਂ - ਟੁਆਲਿਟ ਪੇਪਰਾਂ ਦੇ ਨਵੇਂ ਰੋਲ ਕੀਲੀਆਂ 'ਚ ਅੜਾਵਾਂ - ਜਿੰਨਾ ਕੁ ਧੋਤਾ ਜਾ ਸਕਣ ਵਾਲਾ ਹੋਵੇ, ਕੰਧਾਂ 'ਤੇ ਲਿਖਿਆ ਧੋਵਾਂ। ਜੀਤੋ ਤਾਂ ਰੋਜ਼ ਹੀ ਖਾਾ ਰਹਿੰਦੀ ਹੈ ਇਹਨਾਂ ਲਿਖਤਾਂ ਤੋਂ। ਉਹ ਮੈਨੂੰ ਕਹਿੰਦੀ ਹੈ, 'ਆਂਟੀ ਤੂੰ ਬੜ੍ਹੀ

ਕਿਸਮਤ ਵਾਲ਼ੀ ਏਂ, ਤੂੰ ਪੜ੍ਹ ਨਹੀਂ ਸਕਦੀ - ਗੋਰਿਆਂ ਦੇ ਇੰਨੇ ਗੰਦੇ ਦਿਮਾਗ ਇੱਥੇ - ਤੋਬਾ ਤੋਬਾ - ਬੜਾ ਊਲ-ਜਲੂਲ ਲਿਖਦੇ ਨੇ ਆਪਣੇ ਲੋਕਾਂ ਖਿਲਾਫ'।

ਫਿਰ ਸਭ ਤੋਂ ਅਖੀਰ ਮੈਂ ਆਪਣੇ ਸ਼ੀਸ਼ੇ ਨੂੰ ਸਾਫ ਕਰਾਂ - ਵਾਰ ਵਾਰ ਰਗੜਾਂ। ਜਿਵੇਂ ਇਸ ਤੋਂ ਉਹ ਸਾਰੇ ਚਿਹਰੇ ਲਾਹ ਰਹੀ ਹੋਵਾਂ - ਜੋ ਕੁਝ ਪਲਾਂ ਲਈ ਇਹਦੇ 'ਚ ਝਾਕ ਆਪਣੇ ਜਹਾਜ਼ਾਂ ਵਲ ਤੁਰ ਗਏ ਹੋਣਗੇ। ਕੌਣ ਜਾਣੇ ਉਹ ਕਿੱਥੋਂ ਆਏ ਸਨ? ਕਿੱਥੇ ਨੂੰ ਜਾਣਾ ਸੀ ਉਹਨਾਂ? ਕਿਸੇ ਕਿਸੇ ਰਾਤ ਮੇਰਾ ਵੀ ਦਿਲ ਕਰਦਾ ਹੈ ਇੰਝ ਹੀ ਕਰਾਂ - ਬੱਸ ਦੋ ਕੁ ਪਲ ਸ਼ੀਸ਼ੇ 'ਚ ਝਾਕਾਂ ਤੇ ਮੁੜ ਕੇ ਤੁਰ ਪਵਾਂ - ਕਦੀ ਵੀ ਵਾਪਸ ਨਾ ਪਰਤਣ ਲਈ। ਪਰ ਜਿੰਦੇ ਮੇਰੀਏ੧ਓ ਹਵਾਈ ਅੱਡੇ 'ਤੇ ਕਿਤੇ ਤੁਰ ਜਾਣ ਲਈ ਹੀ ਤਾਂ ਨਹੀਂ ਆਉਂਦਾ ਹਰ ਕੋਈ।

ਮੈਂ ਮੁੜ ਮੁੜ ਰਗੜਾਂ ਇਸਨੂੰ - ਸਾਰੇ ਦਿਨ ਦੇ ਚਿਹਰੇ ਇਸ ਤੋਂ ਲਾਹਵਾਂ। ਇਸ ਦੇ ਸਾਫ ਹੋਣ ਦਾ ਝੱਟ ਪਤਾ ਲੱਗ ਜਾਂਦਾ ਹੈ ਮੈਨੂੰ - ਸਾਫ ਹੁੰਦਿਆਂ ਹੀ ਇਹ ਮੇਰੇ ਨਾਲ ਗੱਲੀਂ ਜੁਟ ਜਾਂਦਾ ਹੈ।

ਵਾਰ ਵਾਰ ਸ਼ੀਸ਼ੇ ਨੂੰ ਰਗੜਦਿਆਂ ਦੇਖ, ਉਹ ਨਵੀਂ ਕੁੜੀ ਬੜੀ ਹੈਰਾਨ ਹੋਈ ਉਸ ਦਿਨ। ਮੈਂ ਉਹਨੂੰ ਸੱਚ ਕਿਵੇਂ ਦੱਸ ਦਿੰਦੀ - ਕਿ ਇਸ ਤਰ੍ਹਾਂ ਮੈਂ ਸ਼ੀਸ਼ੇ ਨੂੰ ਗੱਲਾਂ ਕਰਨ ਲਾ ਲੈਂਦੀ ਹਾਂ। ਮੈਂ ਕਿਹਾ: ਕੰਧਾਂ ਜਾਂ ਫਰਸ਼ਾਂ ਦੀ ਤਰ੍ਹਾਂ ਨਹੀਂ ਹੁੰਦੇ ਸ਼ੀਸ਼ੇ - ਖਾਸ ਤਵੱਜੋ ਦੀ ਲੋੜ ਹੈ ਇਹਨਾਂ ਨੂੰ - ਧੁੰਦਲੇ ਸ਼ੀਸ਼ੇ ਲੋਕਾਂ ਦੇ ਚਿਹਰੇ ਧੁੰਦਲਾ ਦਿੰਦੇ ਹਨ - ਤੇ ਬਾਹਰਲੇ ਧੁੰਦਲੇਪਨ ਤੋਂ ਬੜੇ ਖਾ਼ਾ ਹੁੰਦੇ ਨੇ ਲੋਕ।

ਦੂਜੀ ਰਾਤ ਮੈਂ ਤੇ ਮੇਰਾ ਸ਼ੀਸ਼ਾ ਬਹੁਤ ਹੱਸੇ ਉਸ ਨਵੀਂ ਕੁੜੀ ‘‘ਤੇ। ਅਸੀਂ ਕਿਹਾ: ਹੌਲ਼ੀ ਹੌਲ਼ੀ ‘‘ਯੂਜ਼ ਟੂ’’ ਹੋ ਜਾਵੇਗੀ - ਉਹ ਵੀ ਆਪਣਾ ਕੋਈ ਸ਼ੀਸ਼ਾ ਲੱਭ ਲਵੇਗੀ - ਸਾਫ ਕਰਨੇ ਨੂੰ - ਤੇ ਆਪਣੇ ਸੱਜਰੇ ਵਿਆਹ ਬਾਰੇ ਗੱਲਾਂ ਕਰਨੇ ਨੂੰ - ਤੜਕੇ ਦੀ ਸ਼ਿਫਟ ਵਿੱਚ ਗੱਲਾਂ ਕਰਨੇ ਨੂੰ ਕਿਹਦਾ ਦਿਲ ਨਹੀਂ ਕਰਦਾ - ਮਸ਼ੀਨਾਂ ਦੇ ਕੰਨ-ਪਾੜਵੇਂ ਸ਼ੋਰ ਦੇ ਬਾਵਜੂਦ ਹਰ ਪਾਸੇ ਇਕ ਭਿਅੰਕਰ ਚੁੱਪ ਹੁੰਦੀ ਹੈ - ਐਵੇਂ ਤਾਂ ਨਈਂ ਗੋਰੇ ਇਹਨੂੰ ਗਰੇਵਯਾਰਡ ਸ਼ਿਫਟ ਕਹਿੰਦੇ। ਅਸੀਂ ਅਕਸਰ ਇੱਦਾਂ ਦੀਆਂ ਗੱਲਾਂ ਕਰਦੇ ਰਹਿੰਦੇ ਹਾਂ। ਮੈਂ ਸੋਚਦੀ ਹਾਂ ਵਿਚਾਰੇ ਸ਼ੀਸ਼ੇ ਨਾਲ ਹੋਰ ਕੌਣ ਗੱਲਾਂ ਕਰੇਗਾ?

ਮੇਰਾ ਇਹ ਸ਼ੀਸ਼ਾ ਲੋਕਾਂ ਵਰਗਾ ਨਹੀਂ - ਮੈਨੂੰ ਕੁਛ ਵੀ ਕਹਿਣਾ ਜਾਂ ਕਰਨਾ ਨਹੀਂ ਪੈਂਦਾ ਇਹਨੂੰ ਖੁਸ਼ ਕਰਨੇ ਲਈ। ਬੱਸ ਇਕੱਲਾ ਇਹੀ ਹੈ ਦੁਨੀਆਂ ਵਿੱਚ - ਜੋ ਮੇਰੀ ਮਰਜ਼ੀ ਮੁਤਾਬਕ ਸਭ ਕੁਝ ਕਰੇ। ਮੇਰੇ ਤੇ ਰੋਅਬ ਨਹੀਂ ਪਾਉਂਦਾ - ਨਾ ਹੀ ਮੇਰੇ ਜਜ਼ਬਿਆਂ ਨੂੰ ਦਬਾਉਂਦਾ ਹੈ - ਮੇਰੇ ਪਤੀ ਨਾਲੋਂ ਬਹੁਤ ਵੱਖਰਾ ਹੈ ਇਹ। ਪਰ ਹੁਣ ਤਾਂ ਉਹ ਵੀ ਬੁੱਢਾ ਹੋ ਗਿਆ ਹੈ - ਮੇਰਾ ਪਤੀ - ਸਦਾ ਥੱਕਿਆ ਹੀ ਰਹਿੰਦਾ ਹੈ ਹੁਣ ਤਾਂ। ਕਦੀ ਕਦੀ ਉਹ ਮੈਨੂੰ ਕਹਿੰਦਾ ਹੈ - 'ਭਾਗਵਾਨੇ, ਕਿਹੀ ਕਿਸਮਤ ਲਿਖਾਈ ਹੈ ਆਪਾਂ ਵੀ - ਇੱਥੇ ਆਉਣ ਦੀ ਕਿੰਨੇ ਵਰ੍ਹੇ ਕਰਦੇ ਰਹੇ ਉਡੀਕ - ਆਸ ਨਾਲ ਕਿ

ਬੁਢਾਪੇ 'ਚ ਥੋੜ੍ਹਾ ਆਰਾਮ ਕਰਾਂਗੇ - ਦੇਖ ਜਰਾ ਆਪਣੀ ਵੱਲਾਂ - ਤੂੰ ਲੋਕਾਂ ਦੇ ਵਾਸ਼ਰੂਮ ਸਾਫ ਕਰਦੀ ਏਂ, ਮੈਂ ਦਰ ਦਰ ਪੇਪਰ ਵੰਡਦਾ ਹਾਂ - ਲੋਕ ਘਾਹ 'ਤੇ ਪੈਰ ਰੱਖਣ ਬਦਲੇ ਬੇਇੱਜ਼ਤੀ ਕਰਦੇ ਹਨ - ਘਾਹ ਜਿਹੜਾ ਉਹ ਕੱਟ ਕੇ ਕੂੜੇ 'ਚ ਸੁੱਟ ਦਿੰਦੇ ਹਨ ਉਂਞ ਹੀ - ਉਹ ਇਸ ਤਰ੍ਹਾਂ ਤੜਪਣ  - ਜਿਵੇਂ ਮੈਂ ਉਹਨਾਂ ਦਾ ਘਾਹ ਭਿੱਟ ਰਿਹਾ ਹੋਵਾਂ - ਬਿਲਕੁਲ ਮੇਰੀ ਮਾਂ ਵਾਂਗ - ਉਹ ਵੀ ਕੰਮੀਆਂ ਦੀ ਸੀਬੋ ਤੋਂ - ਚੌਂਕੇ ਕੋਲ ਆਉਣ 'ਤੇ ਇੰਞ ਹੀ ਘਬਰਾਅ ਜਾਂਦੀ ਸੀ - ਮੈਨੂੰ ਹੁਣ ਸਮਝ ਲੱਗੀ ਹੈ - ਸੀਬੋ ਦਾ ਨਿੱਕਾ ਮੁੰਡਾ ਇਸ ਗੱਲੋਂ ਕਿਉਂ ਖਿਝਦਾ ਹੁੰਦਾ ਸੀ'।

"ਹਾਂਿਓ ਬੜੇ ਸੋਹਣੇ ਸਵਰਗ 'ਚ ਲਿਆਇਆ ਹੈ ਆਪਣਾ ਪੁੱਤ ਆਪਾਂ ਨੂੰ" - ਮੈਂ ਜਵਾਬ ਦਿੰਦੀ ਹਾਂ। ਇਹੋ ਜਿਹਾ ਸਭ ਕੁਛ ਮੈਂ ਆਪਣੇ ਸ਼ੀਸ਼ੇ ਨੂੰ ਦੱਸਦੀ ਹਾਂ ਤੇ ਉਹ ਬਾਤ ਸੁਣਦੇ ਬੱਚੇ ਵਾਂਗ ਨੀਝ ਨਾਲ ਸੁਣਦਾ ਹੈ।

ਕਦੀ ਕਦੀ ਮੈਂ ਇਸ ਕੋਲ ਆ ਕੇ ਕਹਿੰਦੀ ਹਾਂ - ਬੁੱਢੀ ਉਮਰੇ - ਇਸ ਅਨਜਾਣੇ ਦੇਸ਼ ਵਿਚ - ਬਾਤ ਬਿਨਾਂ ਕੌਣ ਦੇਵੇ ਰੁਜ਼ਗਾਰ - ਦੂਰ ਦੇ ਰਿਸ਼ਤੇ "ਚੋਂ ਲਗਦੇ ਭਤੀਜੇ ਨੇ ਦੁਆ ਦਿੱਤਾ ਹੈ ਕੰਮ - ਰੱਬੋਂ ਮਿਲੀ ਨਿਹਮਤ ਹੈ ਇਹ ਤਾਂ - ਪੁੱਤ ਦੀ ਮੋਰਗੇਜ ਚਲਦੀ ਹੈ ਇਸ ਨਾਲ - ਨੂੰਹ ਵੀ ਇੱਜ਼ਤ ਨਾਲ ਬੁਲਾਵੇ - ਮੈਂ ਤੇ ਮੇਰਾ ਪਤੀ ਪਿੰਡ ਫੇਰਾ ਮਾਰਨ ਦੀ ਸੋਚ ਰਹੇ ਹਾਂ - ਮੈਂ ਆਪਣੀ ਭੈਣ ਦੇ ਨਿਆਣਿਆਂ ਲਈ ਬੜੀਆਂ ਚੀਜ਼ਾਂ ਲੈ ਕੇ ਜਾਵਾਂਗੀ - ਪਿਛਲੀ ਵੀਕੇ ਮੇਨ ਤੋਂ ਆਪਣੇ ਲਈ ਇਕ ਨਵਾਂ ਸੂਟ ਖਰੀਦਿਆ ਹੈ ਮੈਂ - ਕਦੀ ਨਹੀਂ ਸਾਂ ਕਰ ਸਕੀ ਇੰਞ ਪਹਿਲਾਂ - ਇਸ ਕੰਮ ਨੇ ਤਾਂ ਇਕ ਨਵਾਂ ਜੀਵਨ ਬਖਸ਼ਿਆ ਹੈ ਮੈਨੂੰ - ਕਿੰਨੀ ਕਿਸਮਤ ਵਾਲ਼ੀ ਹਾਂ?

ਤੇ ਮੇਰਾ ਸ਼ੀਸ਼ਾ ਜਵਾਬ ਵਿੱਚ ਬੱਸ ਮਿੰਨ੍ਹਾ ਜਿਹਾ ਮੁਸਕਰਾ ਦਿੰਦਾ ਹੈ - ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਮੈਂ ਅੰਦਰੋਂ ਮਹਿਸੂਸ ਕਰਦੀ ਹਾਂ।

ਤੇ ਕਦੀ ਕਦੀ ਮੈਂ ਆ ਕੇ ਬੜੀਆਂ ਸ਼ਕਾਇਤਾਂ ਲਾਉਂਦੀ ਹਾਂ। ਇਹ ਬਿਨਾਂ ਕੋਈ ਰਾਏ ਦਿੱਤਿਆਂ ਸੁਣਦਾ ਰਹਿੰਦਾ ਹੈ - ਬੜਾ ਹੀ ਚੰਗਾ ਹੈ ਇਹ ਸ਼ੀਸ਼ਾ। ਮੈਂ ਇਹਨੂੰ ਕਹਿੰਦੀ ਹਾਂ: ਬੁੱਢੀ ਉਮਰੇ - ਇਸ ਬਿਗਾਨੇ ਦੇਸ਼ - ਗੁਲਾਮਾਂ ਦੀ ਤਰ੍ਹਾਂ ਕੰਮ ਕਰਾਂ - ਐਸ਼ਟਰੇਆਂ ਸਾਫ ਕਰਾਂ - ਫਰਸ਼ਾਂ ਰਗੜਾਂ - ਕੂੜੇ ਵਾਲੇ ਢੋਲ ਖਾਲੀ ਕਰਾਂ। ਇਹ ਕੂੜੇ ਵਾਲੇ ਢੋਲ ਵੀ ਅਜੀਬ ਹਨ - ਹਰ ਰਾਤ ਹੀ ਇਹਨਾਂ ਢੋਲਾਂ ਵਿੱਚ ਇੰਨਾ ਨਵਾਂ ਕੂੜਾ ਉੱਗ ਆਉਂਦਾ ਹੈ - ਜਿੰਨੀਆਂ ਕਦੀ ਸਾਡੀਆਂ ਫਸਲਾਂ ਵੀ ਨਹੀਂ ਸੀ ਹੋਈਆਂ। ਅਜੀਬ ਦੇਸ਼ ਹੈ ਇਹ - ਜਿੱਥੇ ਇੰਞ ਕੂੜੇ ਦੀਆਂ ਫਸਲਾਂ ਉੱਗਦੀਆਂ ਹਨ। ਮੈਂ ਤੇ ਮੇਰਾ ਸ਼ੀਸ਼ਾ ਕਦੀ ਕਦੀ ਬੜੇ ਹੱਸਦੇ ਹਾਂ ਇਸਤੇ। ਮੈਂ ਸ਼ੀਸ਼ੇ ਨੂੰ ਦੱਸਦੀ ਹਾਂ: ਸਾਰੀ ਉਮਰ ਖੇਤਾਂ ਵਿੱਚ ਲੰਘੀ ਹੈ ਮੇਰੀ - ਮੈਂ ਬੀਜ ਬੀਜੇ ਹਨ - ਉਹਨਾਂ ਨੂੰ ਵਧਦਿਆਂ ਦੇਖਿਆ ਹੈ - ਅਨਾਜ ਬਣਦਿਆਂ ਦੇਖਿਆ ਹੈ - ਉਹ ਕੰਮ ਸੀ ਜਿਹਦੇ ਨਾਲ ਮਨ ਨੂੰ ਖੁਸ਼ੀ ਹੁੰਦੀ ਸੀ - ਇੱਥੇ ਮੈਂ ਉਹਨਾਂ ਢੋਲਾਂ ਨਾਲ ਕੰਮ ਕਰਦੀ ਹਾਂ - ਜਿਹੜੇ ਕੂੜਾ

ਉਗਾਉਂਦੇ ਹਨ। ਉਦਾਸ ਮੈਂ ਆਪਣੇ ਸ਼ੀਸ਼ੇ ਤੋਂ ਪੁੱਛਦੀ ਹਾਂ - ਉਮਰ ਦੇ ਆਖਰੀ ਵਰ੍ਹੇ ਕੀ ਇਸ ਤਰ੍ਹਾਂ ਬਿਤਾਏ ਜਾਂਦੇ ਹਨ?

ਤੇ ਜਵਾਬ ਵਿੱਚ ਮੇਰਾ ਸ਼ੀਸ਼ਾ ਬੱਸ ਉਦਾਸ ਨਜ਼ਰ ਆਉਂਦਾ ਹੈ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਮੈਂ ਅੰਦਰੋਂ ਮਹਿਸੂਸ ਕਰਦੀ ਹਾਂ।

ਕਦੀ ਕਦੀ ਮੈਂ ਇਸ ਸ਼ੀਸ਼ੇ ਨੂੰ ਬੜੀ ਮੁਹੱਬਤ ਕਰਨ ਲੱਗਦੀ ਹਾਂ - ਤੇ ਭੁੱਲ ਜਾਂਦੀ ਹਾਂ - ਅਕਸਰ ਨੂੰ ਬੰਦੇ ਦਾ ਅਕਸ ਹੀ ਤਾਂ ਹੈ ਸ਼ੀਸ਼ਾ - ਇਹ ਕਿਉਂ ਕਿਸੇ ਦਾ ਹੋ ਜਾਵੇਗਾ? ਤੇ ਉਦਾਸ ਹੋ ਜਾਂਦੀ ਹਾਂ ਕਿ ਇਹ ਸ਼ੀਸ਼ਾ ਮੇਰਾ ਨਹੀਂ ਹੈ।

❍●❍●❍●

# ਫਾਰਮਰ ਜੈਰੀ

ਜੈਰੀ ਨੇ ਜਦੋਂ ਸਟਰਾਅਬੇਰੀ ਦੇ ਖੇਤ ’ਚੋਂ ਆਪਣੇ ਘਰ ਜਾਣ ਲਈ “ਪਿਕ-ਅੱਪ” ਮੋੜੀ ਤਾਂ ਸੂਰਜ ਨੇ ਉਸ ਦੀਆਂ ਅੱਖਾਂ ਚੁੰਧਿਆ ਦਿੱਤੀਆਂ। ਧੁੱਪ ਰੋਕਣ ਲਈ ਉਸ ਨੇ “ਵਾਈਜ਼ਰ” ਨੂੰ ਥੱਲੇ ਕੀਤਾ ਅਤੇ ਘੜੀ ਵਲ ਦੇਖਿਆ - ਸੱਤ ਵੱਜ ਚੁੱਕੇ ਸਨ। ਤੜਕੇ ਦੇ ਉੱਠੇ ਜੈਰੀ ਨੇ ਅਚਾਨਕ ਥਕਾਣ ਮਹਿਸੂਸ ਕੀਤੀ।

ਸਿਰ ਤੋਂ ਸਵੇਰ ਦੀ ਲਈ ਹੋਈ “ਬੇਸਬਾਲ ਕੈਪ” ਲਾਹ ਕੇ ਉਸ ਨੇ ਸੀਟ ’ਤੇ ਰੱਖੀ। ਪਿਛੋਂ ਸੜਕ ਦੇਖਣ ਵਾਲੇ ਸ਼ੀਸ਼ੇ ਨੂੰ ਸੱਜੇ ਹੱਥ ਨਾਲ ਘੁਮਾ ਆਪਣਾ ਚਿਹਰਾ ਦੇਖਿਆ ਤਾਂ ਉਸ ਦੀ ਥਕਾਣ ਹੋਰ ਵਧ ਗਈ। ਟੋਪੀ ਨਾਲ ਉਸ ਦੇ ਮੱਥੇ ਉੱਪਰ ਇਕ ਲਕੀਰ ਪੈ ਗਈ ਸੀ ਜਿਸ ਦੇ ਉੱਪਰਲੇ ਪਾਸੇ ਉਸ ਦਾ ਚਮਕਦਾ ਮੱਥਾ ਤੇ ਹੇਠਲੇ ਪਾਸੇ ਮਿੱਟੀ ਘੱਟੇ ਨਾਲ ਲਿਬੜਿਆ ਉਸ ਦਾ ਚਿਹਰਾ। ਚਿਹਰੇ ਤੋਂ ਥੱਲੇ ਉਸ ਨੂੰ ਸਾਰੇ ਸਰੀਰ ਦਾ ਹੁਲੀਆ ਹੀ ਬਦਲਿਆ ਹੋਇਆ ਲੱਗਾ। ਖਿਝੇ ਮਨ ਨਾਲ ਉਸ ਨੇ ਟੋਪੀ ਫੇਰ ਸਿਰ ’ਤੇ ਰੱਖੀ ਤੇ ਖਿੱਚ ਕੇ ਮੱਥੇ ਉੱਪਰ ਪਹਿਲਾਂ ਵਾਲ਼ੀ ਲਕੀਰ ਤਕ ਕਰ ਲਈ।

ਦੁਪਹਿਰੋਂ ਬਾਅਦ ਟਰੈਕਟਰ ਲਈ ਇਕ ਪੁਰਜ਼ਾ ਲੈਣ ਉਸ ਨੂੰ ਫਾਰਮ ਤੋਂ ਪੰਦਰਾਂ ਵੀਹ ਮੀਲ ਦੂਰ ਜਾਣਾ ਪਿਆ ਅਤੇ ਹੁਣ ਉਹ ਇਸੇ ਵਜ੍ਹਾ ਕਰਕੇ ਅੰਦਰੋਂ ਅਜੇ ਵੀ ਕਾਫੀ ਖਿਝਿਆ ਹੋਇਆ ਸੀ। ਦਰਅਸਲ ਇਨਾਂ ਕੰਮ ਦੇ ਦਿਨਾਂ ਵਿਚ ਕੋਈ ਨਿੱਕੀ ਮੋਟੀ ਚੀਜ਼ ਵੀ ਵਿਗੜ ਜਾਂਦੀ ਤਾਂ ਉਸ ਦਾ ਪਾਰਾ ਚੜ੍ਹ ਜਾਂਦਾ। ਉਸ ਨੂੰ ਫਾਰਮ ’ਚ ਕੰਮ ਕਰਦੇ ਮਜ਼ਦੂਰਾਂ ਉੱਪਰ ਕੋਈ ਭਰੋਸਾ ਨਹੀਂ ਸੀ ਕਿ ਨਿਗਰਾਨੀ ਬਿਨਾਂ ਉਹ ਠੀਕ ਕੰਮ ਕਰਨਗੇ।

ਉਂਝ ਤਾਂ ਉਸ ਦੇ ਅੱਧੇ ਤੋਂ ਵਧ ਮਜ਼ਦੂਰ ਠੇਕੇਦਾਰਾਂ ਰਾਹੀਂ ਆਉਂਦੇ ਹੋਣ ਕਰਕੇ ਉਹਨਾਂ ਕੋਲੋਂ ਕੰਮ ਲੈਣ ਦਾ ਜ਼ਿੰਮਾ ਵੀ ਠੇਕੇਦਾਰਾਂ ਦਾ ਹੀ ਸੀ। ਪਰ ਖੁਦ ਕਈ ਵਰ੍ਹੇ ਕੀਤੀ ਠੇਕੇਦਾਰੀ ਸਦਕਾ ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਠੇਕੇਦਾਰ ਨੂੰ ਤਾਂ ਸਿਰਫ “ਫਲੈਟਾਂ” ਦੀ ਗਿਣਤੀ ਨਾਲ ਹੀ ਮਤਲਬ ਹੁੰਦਾ ਹੈ। ਮਨ ’ਚ ਗਾਲ੍ਹ ਕੱਢਦਿਆਂ ਉਸ ਨੇ ਸੋਚਿਆ, “ਇਨ੍ਹਾਂ ਸਾਲ਼ਿਆ ਨੂੰ ਕੀ ਪਰਵਾਹ ਆ ਪਈ “ਪਿੱਕਰ” “ਫਲੈਟਾਂ” ਵਿਚ ਕਿੰਨਾ ਕੂੜਾ ਕਰਕਟ ਤੇ ਪੱਤੇ ਰਲਾਉਂਦੇ ਆ, “ਕੈਨਰੀ” ਵਾਲਿਆਂ ਤੋਂ ਪੈਸੇ ਲੈਣ ਵੇਲੇ ਗੇੜੇ ਤਾਂ ਮੈਨੂੰ ਹੀ ਮਾਰਨੇ ਪੈਂਦੇ ਆ”।

ਉਂਝ ਵੀ ਇਸ ਕਿੱਤੇ 'ਚ ਪੈਣ ਵੇਲੇ ਇਕ ਗੱਲ ਉਸ ਨੇ ਸਿੱਖੀ ਸੀ ਕਿ ਕਦੀ ਕਿਸੇ 'ਤੇ ਇਤਬਾਰ ਨਾ ਕਰੋ। ਇਸ ਕਰਕੇ ਕਾਮੇ ਚਾਹੇ ਠੇਕੇਦਾਰ ਨਾਲ ਆਏ ਹੋਣ ਜਾਂ ਉਸ ਦੀਆਂ ਕੈਬਿਨਾਂ ਵਿਚ ਰਹਿੰਦੇ ਹੋਣ, ਉਹ ਉਹਨਾਂ ਦੀ ਖੁਦ ਪੂਰੀ ਨਿਗਰਾਨੀ ਕਰਦਾ। ਜਿਹਨਾਂ ਦਿਨਾਂ ਵਿਚ ਬੇਰੀ ਟੁੱਟ ਰਹੀ ਹੁੰਦੀ ਉਹ ਫਾਰਮ "ਚੋਂ ਵਾਹ ਲਗਦੀ ਬਾਹਰ ਨਾ ਜਾਂਦਾ।

ਪਰ ਜਦ ਕੋਈ ਮਸ਼ੀਨਰੀ ਵਿਗੜ ਜਾਂਦੀ ਜਾਂ ਕੋਈ ਇਹੋ ਜਿਹਾ ਪਹਿਲਾਂ ਨਾ "ਪਲੈਨ" ਕੀਤਾ ਹੋਇਆ ਕੰਮ ਆ ਪੈਂਦਾ ਤਾਂ ਉਸ ਨੂੰ ਖੁਦ ਹੀ ਜਾਣਾ ਪੈਂਦਾ। ਇਕ ਦੋ ਮੁੰਡੇ ਸਨ ਜਿਹਨਾਂ ਨੂੰ ਉਹ ਭੇਜ ਸਕਦਾ ਸੀ, ਪਰ ਉਹਨਾਂ 'ਤੇ ਵੀ ਉਸ ਨੂੰ ਕੋਈ ਯਕੀਨ ਨਹੀਂ ਸੀ। ਇਕ ਵਾਰੀ ਉਹਨਾਂ "ਚੋਂ ਇਕ ਨਿੱਕੇ ਜਿਹੇ ਕੰਮ ਲਈ ਗਿਆ ਤਾਂ ਤਿੰਨ ਘੰਟੇ ਲਾ ਕੇ ਮੁੜਿਆ। ਦੂਜੇ ਨੇ ਉਸ ਦੀ ਪਿਕ-ਅੱਪ ਹੀ ਕਿਸੇ ਗੋਰੀ ਦੀ ਕਾਰ 'ਚ ਜਾ ਮਾਰੀ। ਜੈਰੀ ਨੂੰ ਉਸ ਮੁੰਡੇ ਉੱਪਰ ਬਹੁਤ ਗੁੱਸਾ ਆਇਆ। ਗੁੱਸੇ 'ਚ ਮੁੰਡੇ ਦੇ ਕੰਨਾਂ 'ਤੇ ਲਾਉਣ ਲੱਗਾ ਉਹ ਕੁਝ ਸੋਚ ਕੇ ਆਪ ਹੀ ਹਟ ਗਿਆ ਸੀ। ਉਂਝ ਉਸ ਨੂੰ ਐਕਸੀਡੈਂਟ ਦਾ ਏਨਾ ਗੁੱਸਾ ਨਹੀਂ ਸੀ ਜਿੰਨਾ ਇਸ ਗੱਲ ਦਾ ਕਿ ਉਸ ਦੀ ਪਿਕ-ਅੱਪ ਵਿਚ ਚਿੱਬ ਪੈ ਗਏ ਸਨ।

ਉਸ ਨੂੰ ਆਪਣੀ ਪਿਕ-ਅੱਪ ਨਾਲ ਦੁਨੀਆਂ ਦੀ ਹਰ ਚੀਜ਼ ਨਾਲੋਂ ਵਧ ਪਿਆਰ ਸੀ ਅਤੇ ਉਹ ਕਦੀ ਵੀ ਥੋੜ੍ਹੇ ਕੀਤੇ ਕਿਸੇ ਹੋਰ ਨੂੰ ਚਲਾਉਣ ਨਾ ਦਿੰਦਾ। ਉਹ ਆਪਣੀ ਪਿਕ-ਅੱਪ ਨੂੰ ਪਿਆਰ ਨਾਲ ਨ੍ਹੇਰੀ ਕਹਿ ਕੇ ਬੁਲਾਉਂਦਾ। "ਨ੍ਹੇਰੀ", ਉਹ ਕਈ ਵਾਰੀ ਰੌਂਅ 'ਚ ਆ ਕੇ ਦੱਸਦਾ, "ਮੇਰੇ ਪੜਦਾਦੇ ਦੀ ਘੋੜੀ ਦਾ ਨਾਂ ਸੀ। ਸਾਰੇ ਇਲਾਕੇ ਵਿਚ ਧੁੰਮਾਂ ਸੀ ਮੇਰੇ ਪੜਦਾਦੇ ਦੀ ਘੋੜੀ ਦੀਆਂ"। ਕਦੀ ਕਦੀ ਵਿਹਲੇ ਸਮੇਂ ਜੈਰੀ ਆਪਣੀ "ਨ੍ਹੇਰੀ" ਨੂੰ ਖੂਬ ਧੋਂਦਾ ਲਿਸ਼ਕਾਉਂਦਾ ਪਰ ਕੰਮ ਦੇ ਦਿਨਾਂ ਵਿਚ ਤਾਂ ਉਹਨੂੰ ਮੂੰਹ ਧੋਣ ਦਾ ਵਿਹਲ ਨਾ ਹੁੰਦਾ।

ਘਰ ਪਹੁੰਚਣ ਦੀ ਕਾਹਲ ਨਾਲ ਉਸ ਨੇ "ਗੈਸ ਪੈਡਲ" ਨੂੰ ਥੋੜ੍ਹਾ ਹੋਰ ਦੱਬਿਆ। ਖੁੱਲੀ ਤਾਕੀ ਰਾਹੀਂ ਆਉਂਦੀ ਹਵਾ ਪਿਕ-ਅੱਪ ਦੀ ਰਫਤਾਰ ਵਧਣ ਨਾਲ ਵਧੀ ਅਤੇ ਉਸ ਦੇ ਚਿਹਰੇ ਨੂੰ ਗਰਮੀ ਤੋਂ ਥੋੜ੍ਹੀ ਨਿਜਾਤ ਮਿਲੀ।

ਹਵਾ ਨੂੰ ਮਾਣਦਿਆਂ ਉਸ ਨੇ ਸੋਚਿਆ, "ਘਰ ਜਾਂਦਿਆਂ ਹੀ ਸਕਾਚ ਦਾ ਇਕ ਤਕੜਾ ਡਰਿੰਕ ਲਾ ਕੇ ਸਿੱਧਾ ਪੂਲ 'ਚ ਵੜ ਜਾਣਾ ਤੇ ਘਰ ਵਾਲ਼ੀ ਨੂੰ ਕਹਿ ਦੇਣਾ ਆ ਪਈ ਭਾਵੇਂ ਕਿਸੇ ਸਾਲ਼ੇ ਦਾ ਫੋਨ ਆਵੇ ਮੈਨੂੰ ਬਾਦਰ ਨਾ ਕਰੇ"। ਪਰ ਅਗਲੇ ਹੀ ਪਲ ਉਸ ਨੂੰ ਖਿਆਲ ਆਇਆ ਪਈ ਏਦਾਂ ਹੋ ਨਹੀਂ ਸਕਣੀ। ਕੋਈ ਨਾ ਕੋਈ ਕੰਮ ਤਾਂ ਅਜੇ ਕਰਨ ਵਾਲਾ ਪਿਆ ਹੀ ਹੋਣਾ।

ਜੈਰੀ ਨੂੰ ਆਪਣੇ ਰੀਝਾਂ ਨਾਲ ਬਣਾਏ "ਮਹਿਲ ਵਰਗੇ" ਘਰ ਨੂੰ ਮਾਨਣ ਦਾ ਘੱਟ ਹੀ ਮੌਕਾ ਮਿਲਦਾ। ਆਪਣੇ ਘਰ ਵਲ ਦੇਖ ਕੇ ਉਸ ਨੂੰ ਵੈਨਕੂਵਰ ਦੇ ਇਕ "ਟੁੱਟੇ

ਜਿਹੇ” ਘਰ ਦੀ “ਡੂੰਘੀ ਜਿਹੀ” ਬੇਸਮਿੰਟ ਯਾਦ ਆਉਂਦੀ ਜਿੱਥੇ ਉਹ ਦੇਸੋਂ ਆ ਕੇ ਆਪਣੇ ਇਕ ਦੋਸਤ ਨਾਲ ਥੋੜ੍ਹਾ ਚਿਰ ਰਿਹਾ ਸੀ। ਉਦੋਂ ਉਹ ਇਕ ਵੱਡੇ ਸਾਰੇ ਘਰ ਦਾ ਸੁਪਨਾ ਲਿਆ ਕਰਦਾ ਸੀ, ਪਰ ਜਿਹੜਾ ਘਰ ਉਸ ਨੇ ਪਾਇਆ ਸੀ ਉਹ ਤਾਂ ਉਸ ਦੇ ਸੁਪਨਿਆਂ ਨਾਲੋਂ ਵੀ “ਵੱਡਾ” ਸੀ। ਘਰ ਦੇ ਨਾਲ ਬਹੁਤ ਹੀ ਸ਼ੌਕ ਨਾਲ ਉਸ ਨੇ ਵੱਡਾ ਸਾਰਾ ਤਰਨ ਲਈ ਤਲਾ ਬਣਵਾਇਆ ਸੀ ਜਿਸ ਨੂੰ ਉਹ ਹਮੇਸ਼ਾ ਮਾਣ ਨਾਲ “ਮਾਈ ਸਵਿਮਿੰਗ ਪੂਲ” ਕਹਿੰਦਾ।

“ਗਰਮੀਆਂ ਦੇ ਦਿਨਾਂ ਵਿਚ ਹੀ ਤਲਾ ’ਚ ਨ੍ਹਾਉਣ ਦਾ ਨਜ਼ਾਰਾ ਹੁੰਦਾ ਹੈ ਤੇ ਇਹਨਾਂ ਦਿਨਾਂ ਵਿਚ ਤਾਂ ਸ਼ਾਵਰ ਤਕ ਲੈਣ ਦਾ ਟੈਮ ਨਈਂ ਲਗਦਾ”, ਉਹ ਮਨ ’ਚ ਹੋਰ ਵੀ ਖਿੜਿਆ। ਉਸ ਦਾ ਦਿਲ ਕੀਤਾ ਕਿ ਭੱਜ ਕੇ ਸਣੇ ਕੱਪੜੀਂ ਤਲਾ ਵਿਚ ਜਾ ਵੜੇ। ਉਹਨੇ ਸੁਭਾਵਕ ਹੀ ਪਿਕ-ਅੱਪ ਦੀ ਰਫਤਾਰ ਤੇਜ਼ ਕਰ ਦਿੱਤੀ।

ਘਰ ਦੇ ਬਰਾਬਰ ਪਹੁੰਚਦਿਆਂ ਉਸ ਨੇ ਦੇਖਿਆ ਉਸ ਦਾ ਮੁੰਡਾ ਆਪਣੀ ਦੋਸਤ ਗੋਰੀ ਕੁੜੀ ਨਾਲ ਟੈਨਿਸ ਖੇਡ ਰਿਹਾ ਸੀ। ਗੁੱਸੇ ਵਿਚ ਜੈਰੀ ਨੇ ਮੁੰਡੇ ਨੂੰ ਗੰਦੀ ਗਾਲ੍ਹ ਕੱਢਦਿਆਂ ਸੋਚਿਆ, “ਕੰਮ ਦੇ ਦਿਨਾਂ ਵਿਚ ਏਥੇ ਬਾਕੀਆਂ ਨੂੰ ਮਰਨ ਦੀ ਵਿਹਲ ਨਹੀਂ ਤੇ ਇਹ ਸਾਲ਼ਾ ਮਾਂ ਆਪਣੀ ਨਾਲ ਟੈਨਿਸ ਖੇਡਣ ਡਿਹੈ। ਵੱਡਾ ਲਾਟ ਦਾ ਪੁੱਤ”।

ਕੱਲ੍ਹੇ ਮੁੰਡੇ ’ਤੇ ਹੀ ਨਹੀਂ ਜੈਰੀ ਨੂੰ ਆਪਣੀ ਕੁੜੀ ਸੈਂਡੀ ਤੇ ਵੀ ਇਹਨਾਂ ਦਿਨਾਂ ਵਿਚ ਬਹੁਤ ਗੁੱਸਾ ਆਉਂਦਾ। ਯੂਨੀਵਰਸਿਟੀ ਪੜ੍ਹਦੀ ਸੈਂਡੀ ਫਾਰਮ ਦੇ ਕੰਮ ਨੂੰ ਹੱਥ ਨਾ ਲਾਉਂਦੀ। ਜੈਰੀ ਦੇ ਘਰ ਵਾਲ਼ੀ ਬਿੰਦਰ ਦੂਜੇ ਫਾਰਮਰਾਂ ਦੇ ਨਿਆਣਿਆਂ ਨੂੰ ਕੰਮ ਕਰਦਿਆਂ ਦੇਖ ਕਦੀ ਕਦੀ ਸ਼ਕਾਇਤ ਕਰਦੀ, “ਤੁਸੀਂ ਇਹਨਾਂ ਨੂੰ ਬਹੁਤਾ ਈ ਭੂਹੇ ਚੜ੍ਹਾਇਆ ਹੋਇਆ। ਘਰ ਦੇ ਕਿਸੇ ਕੰਮ ਨੂੰ ਤਾਂ ਹੱਥ ਲਾਉਣਾ ਈ ਹੇਠੀ ਮਹਿਸੂਸ ਕਰਦੇ ਆ”।

“ਉਹ ਤੂੰ ਬਹੁਤਾ ਨਾ ਇਹਨਾਂ ਬਾਰੇ ਫਿਕਰ ਕਰਿਆ ਕਰ। ਖਾਂਦੇ ਪੀਂਦੇ ਘਰ ਦੇ ਜੰਮਪਲ ਆ, ਕੋਈ ਭੁੱਖੇ ਨਹੀਂ ਮਰਦੇ। ਮੈਂ ਕਨੇਡੇ ਆਉਣ ਤੋਂ ਪਹਿਲਾਂ ਕਦੀ ਕੰਮ ਨੂੰ ਹੱਥ ਨਹੀਂ ਸੀ ਲਾਇਆ। ਪਿੰਡੋਂ ਮੋਟਰ-ਸਾਇਕਲ ਚੁੱਕਣਾ ਸ਼ਹਿਰ। ਉੱਥੇ ਕਾਲਿਜ ਗੇੜਾ ਮਾਰ ਆਉਣਾ। ਚਾਹ ਚੂਹ ਪੀ ਲੈਣੀ। ਦਿਲ ਕੀਤਾ ਪਿਕਚਰ ਦੇਖ ਲੈਣੀ। ਮਰਜ਼ੀ ਨਾਲ ਪਿੰਡ ਆ ਵੜਨਾ। ਸਾਡੇ ਘਰ ਦੇ ਧੌਣ ਅਕੜਾ ਕੇ ਤੁਰਦੇ ਹੁੰਦੇ ਸੀ ਪਈ ਮੁੰਡਾ ਕਾਲਿਜ ਜਾਂਦਾ ਆ”।

“ਦੇਸ ਤਾਂ ਏਦਾਂ ਦੀਆਂ ਪੁੱਗ ਜਾਂਦੀਆਂ, ਏਥੇ ਤਾਂ ਕਰ ਕੇ ਖਾਣੀ ਪੈਂਦੀ ਆ ਕਿ ਨਹੀਂ। ਮੈਨੂੰ ਤਾਂ ਇਹਨਾਂ ਦੇ ਚਾਲੇ ਠੀਕ ਨਹੀਂ ਲੱਗਦੇ ਸੱਚੀ ਦੱਸਾਂ”, ਬਿੰਦਰ ਫਿਕਰ ਦਾ ਪਿੱਛਾ ਨਾ ਛੱਡਦੀ।

ਪਰ ਜੈਰੀ ਨੂੰ ਆਪਣੇ ਨਿਆਣੇ ਦੂਜੇ ਫਾਰਮਰਾਂ ਦੇ ਮੁਕਾਬਲੇ ਬੜੇ ਚੰਗੇ ਲਗਦੇ। ਕੰਮ ਦੇ ਦਿਨਾਂ ਵਿਚ ਉਹਨਾਂ ਨੂੰ ਵਿਹਲੇ ਤੁਰੇ ਫਿਰਦੇ ਦੇਖ ਉਹ ਜ਼ਰੂਰ ਅੰਦਰੋਂ ਖਿਝਦਾ।

ਮਨ 'ਚ ਕੁੜ੍ਹਦਿਆਂ ਪਿਕ-ਅੱਪ ਉਸ ਨੇ ਘਰ ਦੇ ਪਿਛਲੇ ਪਾਸੇ ਗਰਾਜ ਵਿਚ ਖੜ੍ਹੀ ਕੀਤੀ। ਸਿਰ ਤੋਂ ਟੋਪੀ ਲਾਹ ਕੇ ਇਕ ਖੂੰਜੇ ਸੁੱਟ ਦਿੱਤੀ। ਗਰਾਜ ਵਿਚੋਂ ਘਰ ਵਲ ਨੂੰ ਚੜ੍ਹਦੀਆਂ ਪੌੜੀਆਂ ਉੱਤੇ ਬੈਠ ਕੇ ਉਹ ਬੂਟਾਂ ਦੇ ਤਸਮੇ ਖੋਲ੍ਹਣ ਲੱਗਾ।

ਉਸ ਦੇ ਆਉਣ ਦਾ ਖੜਾਕ ਸੁਣ ਉਸ ਦੇ ਘਰ ਵਾਲ਼ੀ ਬਿੰਦਰ ਪੌੜੀਆਂ ਕੋਲ ਆ ਕੇ ਬੋਲੀ, "ਜੀ ਉਹ ਯੂਨੀਅਨ ਆਲ਼ੇ ਕੈਬਿਨਾਂ 'ਚ ਕਾਮਿਆਂ ਨਾਲ ਗੱਲ ਬਾਤ ਕਰਨ ਅੱਜ ਫੇਰ ਆਏ ਵੇ ਆ - ਬਿੰਦ ਕੁ ਹੋਇਆ ਆਹ ਪੇਪਰ ਜਿਹਾ ਫੜਾ ਕੇ ਗਏ ਆ"।

ਉਸ ਨੇ ਝਟਕੇ ਨਾਲ ਪੇਪਰ ਫੜਿਆ ਤੇ ਗੁੱਸੇ 'ਚ ਬੋਲਿਆ, "ਤੈਨੂੰ ਕਿੰਨੀ ਵਾਰ ਕਿਹਾ ਬਈ ਉਹ ਆਉਣ ਤਾਂ ਬੂਹਾ ਨਾ ਖੋਲ੍ਹੀ, ਇਹਨੂੰ ਸਾਲ਼ੀ ਨੂੰ ਅਕਲ ਖਬਰੇ ਕਦੋਂ ਆਉਣੀ ਆ"।

"ਮੇਰੇ 'ਤੇ ਨਾ ਐਵੇਂ ਵਾਧੂ ਔਖੇ ਹੋਵੋ। ਮੈਂ ਤਾਂ ਆਪ ਅਜੇ ਪੰਜ ਮਿੰਟ ਪਹਿਲਾਂ ਆਈ ਆਂ। ਨਿੱਕ ਸੀ ਘਰੇ, ਉਹਨੂੰ ਫੜਾ ਕੇ ਗਏ ਆ"। ਬਿੰਦਰ ਨੇ ਅੱਗਿਉਂ ਤੇਜ਼ ਜਵਾਬ ਦਿੱਤਾ।

ਆਟੇ ਨਾਲ ਲਿੱਬੜੇ ਹੱਥ ਲਈ ਖੜ੍ਹੀ ਬਿੰਦਰ ਵਲ ਉਸ ਨੇ ਗੁੱਸੇ ਨਾਲ ਦੇਖਿਆ ਅਤੇ ਬੂਟਾਂ ਦੇ ਤਸਮੇ ਖੋਲ੍ਹਣ ਦੀ ਥਾਂ ਬੰਨ੍ਹਣ ਲੱਗਾ। ਬਿੰਦਰ ਦੀਆਂ ਅੱਖਾਂ ਵਿਚਲੇ ਗੁੱਸੇ ਨੂੰ ਉਸ ਨੇ ਭਾਂਪ ਲਿਆ ਸੀ। ਉਸ ਨੂੰ ਪਤਾ ਸੀ ਕਿ ਜੇ ਉਸ ਨੇ ਹੋਰ ਕੁਛ ਕਿਹਾ ਤਾਂ ਅੱਗਿਉਂ ਬਿੰਦਰ ਨੇ ਵੀ ਸੁਣਾ ਦੇਣਾ ਹੈ ਕਿ ਕਿਵੇਂ ਉਹ ਉਸ ਦੇ ਨਾਲੋਂ ਵੀ ਪਹਿਲਾਂ ਦੀ ਜਾਗੀ ਹੋਈ ਸੀ - ਸਾਰੀ ਦਿਹਾੜੀ ਟਰੈਕਟਰ ਚਲਾਉਂਦੀ ਰਹੀ ਸੀ - ਸਵੇਰੇ ਜਾਣ ਤੋਂ ਪਹਿਲਾਂ ਉਹਨੇ ਚਾਹ ਬਣਾਈ ਸੀ - ਆਂਡੇ ਬਣਾਏ ਸਨ ਤੇ ਨਾਲ ਹੀ ਲੰਚ ਵੇਲੇ ਲਈ ਸੈਂਡਵਿਚਾਂ ਬਣਾਈਆਂ ਸਨ - ਹੁਣ ਘਰ ਆਉਂਦੀ ਹੀ ਰੋਟੀ ਬਣਾਉਣ ਲੱਗ ਪਈ ਸੀ।

ਜੈਰੀ ਨੂੰ ਗੁੱਸਾ ਤਾਂ ਏਨਾ ਆਇਆ ਕਿ ਉਸ ਦਾ ਦਿਲ ਕੀਤਾ ਕਿ ਉਹ ਬਿੰਦਰ ਦੇ ਦੋ ਥੱਪੜ ਜੜ ਦੇਵੇ। ਪਰ ਬਿੰਦਰ ਨੂੰ ਮਾਰਨਾ ਚਾਹੁੰਦੇ ਹੱਥ ਅੰਦਰ ਦੀ ਕਿਸੇ ਸੋਚ ਨੇ ਉੱਠਣ ਨਾ ਦਿੱਤੇ। ਪਿਛਲੇ ਕੁਛ ਸਮੇਂ ਤੋਂ ਬਿੰਦਰ ਉਸ ਦੇ ਸਾਹਮਣੇ "ਬੋਲਣ" ਲੱਗ ਪਈ ਸੀ। ਪਹਿਲਾਂ ਇਸ ਤਰ੍ਹਾਂ ਨਹੀਂ ਸੀ ਹੁੰਦਾ। ਆਪਣੇ ਵਿਆਹ ਦੇ ਪਹਿਲੇ ਕਈ ਵਰ੍ਹੇ ਉਹ ਬਿੰਦਰ ਨੂੰ ਮਨ ਮਰਜ਼ੀ ਨਾਲ ਕੁੱਟਦਾ ਆਇਆ ਸੀ। ਪਰ ਪਿਛਲੀ ਵਾਰੀ ਬਿੰਦਰ ਦੇ ਥੱਪੜ ਮਾਰਨਾ ਉਸ ਨੂੰ ਬਹੁਤ ਮਹਿੰਗਾ ਪਿਆ ਸੀ। ਨਿਆਣਿਆਂ ਸਾਹਮਣੇ ਮੁਆਫੀ ਮੰਗਣ ਬਾਅਦ ਹੀ ਕਿਤੇ ਜਾ ਕੇ ਘਰ 'ਚ "ਸ਼ਾਂਤੀ" ਹੋਈ ਸੀ। ਇਸ ਗੱਲ ਵਿਚ ਸਾਰਾ ਕਸੂਰ ਉਸ ਨੂੰ ਆਪਣੀ ਜਵਾਨ ਹੋ ਰਹੀ ਧੀ ਦਾ ਹੀ ਦਿਸਦਾ

ਸੀ। ਜਦੋਂ ਕਿਸੇ ਗੱਲੇ ਬਿੰਦਰ ਨੂੰ ਉਸ ਨੇ ਕੁੱਟਿਆ ਤਾਂ ਸੈਂਡੀ ਆਪਣੀ ਮਾਂ ਨੂੰ ਨਾਲ ਲੈ ਕੇ ਆਪਣੀ ਸਹੇਲੀ ਦੇ ਘਰ ਚਲੇ ਗਈ। ਨਿੱਕ ਨੇ ਵੀ ਆਪਣੀ ਮਾਂ ਦਾ ਹੀ ਪੱਖ ਲਿਆ। ਜੈਰੀ ਨੂੰ ਬਦਨਾਮੀ ਡਰੋਂ ਹਾਰ ਮੰਨਣੀ ਪਈ।

ਆਪਣੇ ਇਰਾਦੇ 'ਤੇ ਕਾਬੂ ਪਾਉਂਦਿਆਂ ਉਹ ਬੋਲਿਆ, "ਮੈਂ ਤੈਨੂੰ ਕਿਹਾ ਸੀ ਨਿਆਣਿਆਂ ਨੂੰ ਚੰਗੀ ਤਰ੍ਹਾਂ ਦੱਸ ਦੇਈਂ ਯੂਨੀਅਨ ਆਲ਼ੇ ਆਉਣ ਤਾਂ ਡੋਰ ਨਾ ਖੋਲ੍ਹਣ। ਇਹ ਸਾਲ਼ੇ ਚੌਣੇ ਨੂੰ ਅਕਲ ਖਬਰੇ ਕਦੋਂ ਆਉਣੀ ਆਂ"।

ਜੈਰੀ ਨੇ ਖੂੰਜੇ ਸੁੱਟੀ ਟੋਪੀ ਚੁੱਕ ਕੇ ਪਹਿਲਾਂ ਵਾਂਗ ਹੀ ਸਿਰ 'ਤੇ ਰੱਖੀ ਅਤੇ ਪਿਕ-ਅੱਪ ਵਿਚ ਜਾ ਬੈਠਾ।

ਬਿੰਦਰ ਨੇ ਪਿੱਛਿਉਂ ਉਸ ਨੂੰ ਆਵਾਜ਼ ਮਾਰੀ, "ਜੀ ਰੋਟੀ ਤਿਆਰ ਸੀ, ਜਾਣ ਤੋਂ ਪਹਿਲਾਂ ਥੋੜ੍ਹੀ ਜਿਹੀ ਖਾ ਜਾਂਦੇ"।

ਪਰ ਜੈਰੀ ਨੇ ਕੋਈ ਜਵਾਬ ਨਾ ਦਿੱਤਾ ਅਤੇ ਪਿਕ-ਅੱਪ ਗਰਾਜ ਵਿਚੋਂ ਕੱਢਦੇ ਨੇ ਹੀ ਤੇਜ਼ ਕਰ ਦਿੱਤੀ।

ਉਸ ਦਾ ਗੁੱਸਾ ਹੁਣ ਬਿੰਦਰ ਵੱਲੋਂ ਹਟ ਕੇ ਯੂਨੀਅਨ ਵਾਲਿਆਂ ਵਲ ਹੋ ਗਿਆ ਸੀ। ਉਸ ਨੇ ਬਿੰਦਰ ਦਾ ਦਿੱਤਾ ਹੋਇਆ ਪੇਪਰ ਪੈਂਟ ਦੀ ਜੇਬ "ਚੋਂ ਕੱਢਿਆ। ਪੇਪਰ ਨੂੰ ਪੈ ਗਏ ਵਲ ਕੱਢਦਿਆਂ ਉਸ ਨੇ ਸੋਚਿਆ, "ਪਿਛਲੇ ਸਾਲ ਤੋਂ ਇਹ ਨਵੀਂ ਬੀਮਾਰੀ ਆ ਲੱਗੀ ਆ। ਇਹ ਸਾਲ਼ੇ ਆਉਂਦੇ ਵੀ ਕੰਮ ਦੇ ਦਿਨਾਂ 'ਚ ਹੀ ਨੇ"।

ਪੇਪਰ ਨੂੰ ਸਿੱਧਾ ਕਰਕੇ ਉਸ ਨੇ ਆਪਣੇ ਸੱਜੇ ਗੋਡੇ 'ਤੇ ਰੱਖ ਕੇ ਪੜ੍ਹਿਆ। ਟਾਈਪ ਕੀਤੇ ਸਫੇ ਦੇ ਉੱਪਰਲੇ ਹਾਸ਼ੀਏ ਵਿਚ ਦੋ ਲਾਈਨਾਂ ਹੱਥ ਨਾਲ ਲਿਖੀਆਂ ਹੋਈਆਂ ਸਨ। ਇਕ ਲਾਈਨ ਵਿਚ ਦਿਨ ਤੇ ਤਰੀਕ ਸੀ - ਮੰਗਲਵਾਰ, ਜੂਨ ਸੱਤ, ਉੱਨੀ ਸੌ ਬਿਆਸੀ। ਦੂਜੀ ਲਾਈਨ ਵਿਚ ਯੂਨੀਅਨ ਵਾਲਿਆਂ ਦੇ ਨਾਂ ਸਨ। ਨਾਵਾਂ 'ਤੇ ਨਜ਼ਰ ਪੈਂਦਿਆਂ ਹੀ ਜੈਰੀ ਜਾਣ ਗਿਆ ਕਿ ਇਨ੍ਹਾਂ ਨਾਲ ਹੀ ਉਸ ਦੀ ਪਹਿਲਾਂ ਵੀ ਝੜੱਪ ਹੋਈ ਸੀ। ਇਸ ਨਾਲ ਉਸ ਦੇ ਮਨ 'ਚ ਗੁੱਸਾ ਹੋਰ ਵੀ ਵਧ ਗਿਆ।

ਉਂਝ ਉਸ ਨੂੰ ਇਸ ਗੱਲ ਦਾ ਯਕੀਨ ਸੀ ਕਿ ਉਸ ਦੀਆਂ ਕੈਬਿਨਾਂ 'ਚ ਰਹਿੰਦੇ ਕਾਮਿਆਂ ਵਿਚੋਂ ਸ਼ਾਇਦ ਹੀ ਕੋਈ ਇਹੋ ਜਿਹਾ ਹੋਵੇਗਾ ਜਿਹੜਾ ਯੂਨੀਅਨ ਵਾਲਿਆਂ ਦੀਆਂ ਗੱਲਾਂ ਵਿਚ ਆਵੇ। ਉਸ ਦੀਆਂ ਕੈਬਿਨਾਂ ਵਿਚ ਰਹਿਣ ਵਾਲੇ ਇਹ ਟੱਬਰ ਜੈਰੀ ਦੇ ਆਪਣੇ ਪਿੰਡਾਂ ਵਲ ਦੇ ਉਸ ਦੇ ਰਿਸ਼ਤੇਦਾਰਾਂ ਦੇ ਅੱਗੇ ਰਿਸ਼ਤੇਦਾਰ ਜਾਂ ਉਂਝ ਉਸ ਦੀ ਜਾਣ-ਪਛਾਣ ਦੇ ਹੁੰਦੇ ਜਿਹੜੇ ਬਾਹਰਲੇ ਸ਼ਹਿਰਾਂ ਵਿਚੋਂ ਕੰਮ ਦਾ ਸੀਜ਼ਨ ਸ਼ੁਰੂ ਹੋਣ ਤੋਂ ਕਈ ਕਈ ਹਫਤੇ ਪਹਿਲਾਂ ਹੀ ਆ ਕੇ ਆਪਣਾ "ਥਾਂ ਮੱਲ ਲੈਂਦੇ" ਸਨ। ਪਰ ਫੇਰ ਵੀ ਉਹ ਨਹੀਂ ਸੀ ਚਾਹੁੰਦਾ ਕਿ ਯੂਨੀਅਨ ਵਾਲੇ ਉਸ ਦੀਆਂ ਕੈਬਿਨਾਂ ਵਿਚ ਆਉਣ।

ਇਹ ਗੱਲ ਉਸ ਨੂੰ ਉਂਝ ਹੀ ਬਹੁਤ ਹੇਠੀ ਵਾਲ਼ੀ ਲਗਦੀ ਸੀ। ਜਿੱਥੇ ਜੈਰੀ ਨੇ ਕਾਮਿਆਂ ਲਈ ਇਹ ਕੈਬਿਨਾਂ ਬਣਾਈਆਂ ਸਨ ਉੱਥੇ ਹੀ ਉਸ ਦਾ ਪਹਿਲਾ ਘਰ ਹੁੰਦਾ ਸੀ। ਆਪਣਾ ਨਵਾਂ ਘਰ ਪਾਉਣ ਤੋਂ ਪਹਿਲਾਂ ਉਹ ਇਸ ਘਰ ਵਿਚ ਕਈ ਵਰ੍ਹੇ ਰਿਹਾ ਸੀ ਅਤੇ ਅਜੇ ਵੀ ਉਸ ਥਾਂ ਨੂੰ ਆਪਣਾ ਘਰ ਹੀ ਸਮਝਦਾ ਸੀ। ਉਸ ਨੂੰ ਇਹ ਗੱਲ ਉਸੇ ਤਰ੍ਹਾਂ ਕੁਦਰਤੀ ਜਾਪਦੀ ਜਿਵੇਂ ਦੇਸ ਉਹਨਾਂ ਦਾ ਇਕ ਪਿੰਡ ਅੰਦਰਲਾ ਘਰ ਤੇ ਇਕ ਬਾਹਰਲਾ ਘਰ ਹੁੰਦੇ ਸਨ। ਪਰ ਇਹ ਯੂਨੀਅਨ ਵਾਲੇ ਉਸ ਦੇ ਕਾਮਿਆਂ ਨੂੰ ਹੋਰ ਗੱਲਾਂ ਦੇ ਨਾਲ ਨਾਲ ਇਸ ਗੱਲ ਦੀ ਵੀ ਚੁੱਕ ਦੇ ਰਹੇ ਸਨ ਕਿ ਇਹ ਉਸ ਦਾ ਘਰ ਨਹੀਂ, ਇੱਥੇ ਆ ਕੇ ਉਹ ਤੁਹਾਨੂੰ ਕਿਸੇ ਗੱਲੋਂ ਰੋਕ ਨਹੀਂ ਸਕਦਾ। ਯੂਨੀਅਨ ਵਾਲਿਆਂ ਵਿਰੁੱਧ ਉਸ ਦਾ ਮਨ ਹੋਰ ਵੀ ਗੁੱਸੇ ਨਾਲ ਭਰ ਗਿਆ ਤੇ ਉਸ ਨੇ ਸੋਚਿਆ, "ਕਾਮਿਆਂ ਨਾਲ ਗੱਲਬਾਤ ਤਾਂ ਮੈਂ ਅੱਜ ਵੀ ਨਈਂ ਕਰਨ ਦਿੰਦਾ ਉਹਨਾਂ ਨੂੰ। ਜਿਵੇਂ ਪਹਿਲਾਂ ਦੋ ਵਾਰੀ ਸੁੱਕੇ ਤੋਰੇ ਆ ਉਵੇਂ ਹੀ ਅੱਜ ਤੋਰੂੰ"।

ਉਸ ਨੂੰ ਯਾਦ ਆਇਆ ਕਿ ਜਦੋਂ ਯੂਨੀਅਨ ਵਾਲੇ ਪਹਿਲੀ ਵਾਰੀ ਆਏ ਸੀ ਤਾਂ ਉਹ ਬਾਹਰ ਖੇਤਾਂ ਵਿਚ ਬੇਰੀ ਤੁੜਵਾ ਰਹੇ ਇਕ ਠੇਕੇਦਾਰ ਨਾਲ ਸ਼ਰਾਬ ਪੀ ਰਿਹਾ ਸੀ। ਉਸ ਦੇ ਇਕ ਰਿਸ਼ਤੇਦਾਰ ਕਾਮੇ ਨੇ ਉਸ ਨੂੰ ਉਸੇ ਵੇਲੇ ਖਬਰਦਾਰ ਕਰ ਦਿੱਤਾ। ਉਹ ਪੰਜਾਂ ਮਿੰਟਾਂ ਵਿਚ ਕੈਬਿਨਾਂ ਵਿਚ ਪਹੁੰਚ ਗਿਆ। ਬਹੁਤੇ ਮਜ਼ਦੂਰ ਤਾਂ ਜਿਵੇਂ ਜੈਰੀ ਨੇ ਉਹਨਾਂ ਨੂੰ ਸਮਝਾਇਆ ਹੋਇਆ ਸੀ, ਯੂਨੀਅਨ ਦੇ ਬੰਦਿਆਂ ਦੇ ਆਉਣ 'ਤੇ ਹੀ ਅੰਦਰੀਂ ਜਾ ਵੜੇ। ਜਿਹੜੇ ਇਕ ਦੋ ਉਹਨਾਂ ਦੀ ਗੱਲ ਸੁਣ ਰਹੇ ਸਨ ਉਹ ਵੀ ਜੈਰੀ ਨੂੰ ਦੇਖਦਿਆਂ ਹੀ ਤੁਰ ਪਏ। ਕਾਮਿਆਂ ਦੇ ਅੰਦਰੀਂ ਵੜਨ ਬਾਅਦ ਜੈਰੀ ਨੇ ਯੂਨੀਅਨ ਵਾਲਿਆਂ ਨੂੰ ਕਈ ਕੁਝ ਬੁਰਾ ਭਲਾ ਕਿਹਾ। ਪਰ ਉਹ ਉਸ ਦੀਆਂ ਬਹੁਤੀਆਂ ਗੱਲਾਂ ਦਾ ਜਵਾਬ ਦਿੱਤੇ ਬਿਨਾਂ ਹੀ ਉੱਥੋਂ ਚਲੇ ਗਏ। ਜੈਰੀ ਨੂੰ ਮਹਿਸੂਸ ਹੋਇਆ ਸੀ ਕਿ ਸ਼ਾਇਦ ਉਹ ਉਸ ਤੋਂ ਡਰ ਗਏ ਸਨ ਤੇ ਹੁਣ ਮੁੜ ਕੇ ਨਹੀਂ ਆਉਣਗੇ।

ਉਸ ਦਿਨ ਘਰ ਜਾ ਕੇ ਜੈਰੀ ਨੇ ਖੁਸ਼ੀ ਵਿਚ ਸਕਾਚ ਦੇ ਦੋ ਠੋਕਵੇਂ ਦਰਾਮ ਲਾਏ। ਨਸ਼ੇ ਦੀ ਲੋਰ ਵਿਚ ਉਸ ਨੇ ਆਪਣੇ ਫਾਰਮਰ ਭਾਈਬੰਦ ਬਿੱਕਰ ਨੂੰ ਫੋਨ 'ਤੇ ਯੂਨੀਅਨ ਵਾਲਿਆਂ ਨਾਲ ਹੋਈ "ਝੜੱਪ" ਬਾਰੇ ਦੱਸਿਆ: "ਦੇਖ ਬੀਕੀ ਮੈਂ ਤੈਨੂੰ ਦੱਸ ਦਿੰਨਾਂ ਸੌ ਵਰਗੀ ਇੱਕੋ, ਇਹ ਜਿਹੜੇ ਯੂਨੀਅਨ ਆਲ਼ੇ ਆ ਨਾ, ਇਹ ਭਲਮਾਣਸੀ ਨਾਲ ਗੱਲ ਸਮਝਣ ਆਲੀਆਂ ਨਸਲਾਂ ਨਈਂ। ਨਾਲੇ ਤੈਨੂੰ ਇਕ ਹੋਰ ਗੱਲ ਦੱਸਾਂ, ਇਹ ਜਿਹੜੇ ਵੱਡੇ ਲੀਡਰ ਆ, ਐਮੀਂ ਟੀ. ਵੀ. 'ਤੇ ਈ ਏਨੇ ਰੋਅਬਦਾਰ ਲੱਗਦੇ ਆ, ਮੇਰੇ ਸਾਹਮਣੇ ਅੱਜ ਕੋਈ ਕੁਸਕਿਆ ਨਹੀਂ, ਉਹਨਾਂ "ਚੋਂ। ਮੈਂ ਤਾਂ ਉਹਨਾਂ ਨੂੰ ਸਿੱਧਾ ਈ ਦੱਸ ਦਿੱਤਾ ਪਈ ਜੇ ਮੇਰੀਆਂ ਕੈਬਿਨਾਂ ਵਿਚਲੇ ਕਾਮੇ ਤੁਹਾਡੀ ਗੱਲਬਾਤ ਸੁਣਨ ਲੱਗ ਪਏ ਤਾਂ ਮੈਂ ਤਾਂ ਦੋਂਹ ਘੰਟਿਆਂ 'ਚ ਆਪਣੀ ਮਰਜ਼ੀ ਦੀ ਯੂਨੀਅਨ ਲਿਆ ਕੇ ਖੜ੍ਹੀ ਕਰ ਦਊਂ"।

"ਬੀਕੀ ਮੈਂ ਕਰ ਵੀ ਸਕਦਾਂ ਤੈਨੂੰ ਦੱਸ ਦਿਆਂ। ਮੇਰੇ ਕੋਲ ਸਾਡੇ ਪਿੰਡਾਂ ਅਲ ਦੇ ਮੁੰਡੇ ਆਏ ਸੀ, ਉਹ ਵੀ ਕਿਸੇ ਪਾਰਟੀ ਪੂਰਟੀ 'ਚ ਰਲ਼ੇ ਹੋਏ ਆ ਏਥੇ। ਇਹ ਯੂਨੀਅਨ ਆਲ਼ੇ ਹੋਰ ਪਾਰਟੀ ਦੇ ਆ ਤੇ ਉਹ ਮੁੰਡੇ ਕਿਸੇ ਹੋਰ ਪਾਰਟੀ ਨਾਲ ਆ। ਮੈਨੂੰ ਉਹਨੀਂ ਦੱਸਿਆ ਪਈ ਉਹ ਏਸ ਯੂਨੀਅਨ ਦੇ ਪੈਰ ਨਈਂ ਲੱਗਣ ਦੇਣੇ ਚਾਹੁੰਦੇ। ਮੈਂ ਕਿਹਾ ਤੁਸੀਂ ਪਰਵਾਹ ਈ ਨਾ ਕਰੋ ਕਿਸੇ ਗੱਲ ਦੀ। ਨਾਲੇ ਬੀਕੀ ਜੇ ਇਹ ਸਾਲ਼ੇ ਪਾਰਟੀਆਂ ਆਲ਼ੇ ਆਪਸ ਵਿਚ ਹੀ ਫਸੇ ਰਹਿਣ ਤਾਂ ਆਪਾਂ ਨੂੰ ਹੋਰ ਕੀ ਚਾਹੀਦਾ"।

"ਤੇਰੇ ਵੀ ਜੇ ਕਿਤੇ ਫਾਰਮ 'ਚ ਆਉਣ, ਆਉਣਾ ਉਹਨੀਂ ਹੈ ਕਦੀ ਨਾ ਕਦੀ, ਤਾਂ ਐਮੀਂ ਸ਼ਰੀਫਾਂ ਜਿਹਿਆਂ ਆਂਗ ਗੱਲਾਂ ਨਾ ਕਰਨ ਲੱਗ ਜਾਈਂ। ਸਿੱਧਾ ਈ ਪੈ ਜਾਈਂ ਸਾਲ਼ਿਆ ਨੂੰ। ਨਹੀਂ ਤਾਂ ਮੈਨੂੰ ਦੱਸੀਂ - ਮੈਂ ਕਰੂੰ ਸਿੱਧੇ"।

ਯੂਨੀਅਨ ਵਾਲੇ ਦੂਜੇ ਹਫਤੇ ਫੇਰ ਆ ਗਏ। ਜੈਰੀ ਨੇ ਉਹਨਾਂ ਨੂੰ ਇੱਧਰ ਉੱਧਰ ਦੀਆਂ ਗੱਲਾਂ 'ਚ ਉਲਝਾਉਣਾ ਚਾਹਿਆ। ਪਰ ਉਹਨਾਂ ਨੇ ਬੜੇ ਕੋਰੇ ਲਫ਼ਜ਼ਾਂ ਵਿਚ ਜੈਰੀ ਨੂੰ ਜਵਾਬ ਦਿੱਤਾ, "ਸਾਨੂੰ ਕੋਰਟ ਵੱਲੋਂ ਇਕੱਲਿਆਂ ਮਜ਼ਦੂਰਾਂ ਨਾਲ ਗੱਲਬਾਤ ਕਰਨ ਦੀ ਆਗਿਆ ਹੈ। ਇਸ ਕਰਕੇ ਤੂੰ ਸਾਡੇ ਹੁੰਦਿਆਂ ਇੱਥੇ ਆ ਕੇ ਕਾਨੂੰਨ ਦੀ ਉਲੰਘਣਾ ਕਰ ਰਿਹਾਂ"।

ਜੈਰੀ ਨੇ ਤਿੜਕ ਕੇ ਕਿਹਾ, "ਮੈਂ ਇਹੋ ਜਿਹੇ ਕਾਨੂੰਨ ਦੀ ਭੈਣ ... ਜਿਹੜਾ ਮੈਨੂੰ ਮੇਰੇ ਹੀ ਘਰੋਂ ਬਾਹਰ ਹੋਣ ਲਈ ਕਹੇ। ਸਾਲ਼ਿਓ ਤੁਹਾਨੂੰ ਪਤਾ ਨਹੀਂ ਅਸੀਂ ਤਾਂ ਪੁਸ਼ਤਾਂ ਤੋਂ ਸਰਦਾਰੀਆਂ ਕਰਦੇ ਰਹੇ ਹਾਂ। ਨੇੜੇ ਤੇੜੇ ਦੇ ਪਿੰਡਾਂ ਵਿਚ ਮੇਰੇ ਪੜਦਾਦੇ ਮੂਹਰੇ ਕੋਈ ਕੁਸਕਦਾ ਨਹੀਂ ਸੀ"।

"ਦੇਸ ਆਲ਼ੀਆਂ ਚੰਮ ਦੀਆਂ ਇੱਥੇ ਨਹੀਂ ਚੱਲਣੀਆਂ ਸ਼੍ਰੀਮਾਨ ਜੀ। ਆਪਣੇ ਪੜਦਾਦੇ ਵਾਲੀਆਂ ਸਰਦਾਰੀਆਂ ਦੇ ਸੁਫਨੇ ਲੈਣੇ ਛੱਡਦੇ ਹੁਣ। ਇਸ ਮੁਲਕ ਦੇ ਕਾਨੂੰਨ ਮੁਤਾਬਕ ਕੰਮ ਕਰਨ ਵਾਲੇ ਲੋਕਾਂ ਦੇ ਵੀ ਹੱਕ ਹਨ। ਤੂੰ ਇਹਨਾਂ ਕੈਬਿਨਾਂ ਦਾ ਮਾਲਕ ਜ਼ਰੂਰ ਹੋਵੇਂਗਾ, ਇੱਥੇ ਰਹਿੰਦੇ ਕਾਮਿਆਂ ਦਾ ਨਹੀਂ", ਯੂਨੀਅਨ ਵਾਲਿਆਂ "ਚੋਂ ਇਕ ਨੇ ਲਲਕਾਰ ਕੇ ਕਿਹਾ।

"ਤੁਸੀਂ ਕਾਨੂੰਨ ਦੇ ਭੁਲੇਖੇ 'ਚ ਨਾ ਰਿਹੋ, ਚਲਾਉਣ ਆਲ਼ੇ ਇਥੇ ਵੀ ਚਲਾਉਂਦੇ ਆ ਚੰਮ ਦੀਆਂ। ਮੈਂ ਤਾਂ ਏਨਾ ਜਾਣਦਾਂ ਪਈ ਘੱਟੋ ਘੱਟ ਮੇਰੀਆਂ ਕੈਬਿਨਾਂ 'ਚ ਤਾਂ ਮੇਰੀ ਈ ਚੱਲੂ। ਦੇਖ ਕੇ ਈ ਸਾਰੇ ਵੜ ਗਏ ਕਿ ਨਹੀਂ ਅੰਦਰੀਂ। ਜੇ ਝੂਠ ਆ ਤਾਂ ਦੱਸੋ? ਵੱਡੇ ਆਏ ਆ ਕਾਮਿਆਂ ਦੇ ਹਮਾਇਤੀ"।

ਜਵਾਬ ਵਿਚ ਇਕ ਯੂਨੀਅਨ ਵਾਲੇ ਨੇ ਲੈਕਚਰ ਕਰਨ ਦੇ ਅੰਦਾਜ਼ ਵਿਚ ਉੱਚੀ ਉੱਚੀ ਕਹਿਣਾ ਸ਼ੁਰੂ ਕੀਤਾ, "ਅਸੀਂ ਤਾਂ ਖੇਤ ਮਜ਼ਦੂਰ ਭਰਾਵਾਂ ਨੂੰ ਸਿਰਫ ਇਹ ਦੱਸਣਾ ਚਾਹੁੰਦੇ ਹਾਂ ਕਿ ਉਹ ਮਜ਼ਦੂਰੀ ਕਰਦੇ ਹਨ ਅਤੇ ਉਹਨਾਂ ਨੂੰ ਆਪਣੀ ਕਿਰਤ ਦਾ ਪੂਰਾ ਹੱਕ ਮੰਗਣਾ ਚਾਹੀਦਾ ਹੈ"।

ਫੇਰ ਦੂਜੇ ਨੇ ਵੀ ਉਸੇ ਉੱਚੀ ਸੁਰ ਵਿਚ ਕਿਹਾ, "ਅਸੀਂ ਤਾਂ ਸਿਰਫ ਇਹ ਕਹਿਣਾ ਚਾਹੁੰਦੇ ਹਾਂ ਕਿ ਤੂੰ ਇਹਨਾਂ ਕੈਬਿਨਾਂ ਵਿਚ ਰਹਿਣ ਦਾ ਉਹਨਾਂ ਤੋਂ ਕਿਰਾਇਆ ਵਸੂਲ ਕਰਦਾ ਏਂ, ਫੇਰ ਉਹ ਤੇਰੇ ਰੋਅਬ ਥੱਲੇ ਕਿਉਂ ਰਹਿਣ। ਸਗੋਂ ਉਹਨਾਂ ਨੂੰ ਤਾਂ ਚਾਹੀਦਾ ਹੈ ਕਿ ਤੇਰੇ ਕੋਲੋਂ ਇੱਥੋਂ ਆਲ਼ੇ-ਦੁਆਲਿਓਂ ਇਹ ਗੰਦ ਚੁਕਵਾਉਣ। ਆਹ ਜਿਹੜਾ ਇੱਥੇ ਏਨਾ ਪਾਣੀ ਖੜ੍ਹਾ ਰਹਿੰਦਾ ਹੈ ਮੱਛਰ ਦਾ ਘਰ, ਤੇਰੇ ਕੋਲੋਂ ਸਾਫ ਕਰਾਉਣ। ਉਲਟਾ ਤੂੰ ਉਹਨਾਂ 'ਤੇ ਰੋਅਬ ਪਾਉਂਦਾਂ ਪਈ ਤੇਰੀਆਂ ਕੈਬਿਨਾਂ 'ਚ ਰਹਿ ਕੇ ਕਿਸੇ ਹੋਰ ਨਾਲ ਗੱਲ ਨਹੀਂ ਕਰ ਸਕਦੇ। ਨਾਲੇ ਉਹਨਾਂ ਨੂੰ ਆਪਣੇ ਘਰ ਦੇ ਦੱਸਦਾਂ, ਨਾਲੇ ਘਰੋੜ ਕੇ ਛਿੱਲ ਲਾਹ ਰਿਹਾਂ ਉਹਨਾਂ ਦੀ"।

ਜੈਰੀ ਪਹਿਲਾਂ ਤਾਂ ਕੁਝ ਦੇਰ ਉਹਨਾਂ ਦੀਆਂ ਗੱਲਾਂ ਦੇ ਜਵਾਬ ਦਿੰਦਾ ਰਿਹਾ। ਫੇਰ ਅਚਾਨਕ ਉਸ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਕੈਬਿਨਾਂ ਦੇ ਅੰਦਰ ਵੜੇ ਕਾਮੇ ਬਾਹਰ ਹੋ ਰਹੀ ਸਾਰੀ ਗੱਲਬਾਤ ਸੁਣ ਰਹੇ ਸਨ। ਉਹਨੇ ਅੰਦਾਜ਼ਾ ਲਾਇਆ ਕਿ ਯੂਨੀਅਨ ਵਾਲੇ ਵੀ ਇਸੇ ਕਰਕੇ ਗੱਲਾਂ ਉੱਚੀ ਉੱਚੀ ਕਰ ਰਹੇ ਸਨ। ਜੈਰੀ ਨੇ ਗੱਲ ਖਤਮ ਕਰਨ ਲਈ ਕਾਮਿਆਂ ਨੂੰ ਸੁਣਾ ਕੇ ਯੂਨੀਅਨ ਵਾਲਿਆਂ ਨੂੰ ਉੱਚੀ ਦੇਣੀ ਵੰਗਾਰਿਆ, "ਲੈ ਮੈਂ ਇਥੇ ਖੜ੍ਹਾ ਆਂ, ਜੇ ਇਕ ਵੀ ਬੰਦਾ ਕਿਸੇ ਕੈਬਿਨ "ਚੋਂ ਬਾਹਰ ਆ ਕੇ ਤੁਹਾਡੇ ਨਾਲ ਗੱਲ ਕਰ ਜਾਏ ਤਾਂ ਮੈਂ ਉਸ ਬੰਦੇ ਨੂੰ ਵੀ ਤੇ ਤੁਹਾਨੂੰ ਵੀ ਇਨਾਮ ਦੇਊਂਗਾ"।

ਜੈਰੀ ਨੂੰ ਇਹ ਯਕੀਨ ਸੀ ਕਿ ਕਿਸੇ ਵੀ ਕੈਬਿਨ ਦਾ ਦਰਵਾਜ਼ਾ ਨਹੀਂ ਖੁੱਲ੍ਹੇਗਾ। ਉਹਨੂੰ ਯਕੀਨ ਸੀ ਕਿ ਬਗਾਨੇ ਮੁਲਕ ਦੀਆਂ ਮਜਬੂਰੀਆਂ ਨੇ ਅੰਦਰ ਵੜੇ ਹੋਏ ਕਿਸੇ ਵੀ "ਪੰਜਾਬੀ ਜੱਟ" ਮਰਦ ਔਰਤ ਦੀ ਅਣਖ ਨੂੰ ਜਾਗਣ ਨਹੀਂ ਦੇਣਾ। ਜੈਰੀ ਨੇ ਮਹਿਸੂਸ ਕੀਤਾ ਕਿ ਯੂਨੀਅਨ ਵਾਲੇ ਉਸ ਦੀ ਇਸ ਗੱਲ ਨਾਲ ਥੋੜ੍ਹਾ ਉੱਖੜ ਗਏ ਸਨ।

ਉਹਨਾਂ ਨੂੰ ਢੈਲੇ ਹੋਇਆਂ ਦੇਖ ਜੈਰੀ ਨੇ ਆਪਣਾ ਇਕ ਪੁਰਾਣਾ "ਟਰਿੱਕ" ਵਰਤਣ ਦੀ ਕੋਸ਼ਿਸ਼ ਕੀਤੀ। ਇਕ ਯੂਨੀਅਨ ਵਾਲੇ ਦੇ ਮੋਢੇ 'ਤੇ ਹੱਥ ਰੱਖ ਕੇ ਉਹ ਬੜੀ ਅਪਣੱਤ ਨਾਲ ਕਹਿਣ ਲੱਗਾ, "ਆਓ ਯਾਰ ਆਪਣੀ ਕਾਹਦੀ ਦੁਸ਼ਮਣੀ? ਇੱਕੋ ਮੁਲਕ, ਧਰਮ ਦੇ ਆਪਾਂ ਬੰਦੇ ਆਂ। ਆਪਾਂ ਨੂੰ ਤਾਂ "ਕੱਠੇ ਹੋ ਕੇ ਗੋਰਿਆਂ ਵਿਰੁੱਧ ਲੜਨਾ ਚਾਹੀਦਾ ਜਿਹੜੇ ਆਪਣੇ ਨਾਲ ਏਨੀਆਂ ਵਧੀਕੀਆਂ ਕਰਦੇ ਆ। ਮੈਂ ਤਾਂ ਆਪਣੇ ਬੰਦਿਆਂ ਨੂੰ ਸਗੋਂ ਕੰਮ ਲਾਇਆ ਹੋਇਆ। ਨਹੀਂ ਤਾਂ ਤੁਹਾਨੂੰ ਪਤਾ ਈ ਆ ਆਪਾਂ ਨੂੰ ਕੋਈ ਜਾਬ ਦਿੰਦਾ ਆ ਅੱਜ ਕੱਲ੍ਹ ਇਸ ਮੁਲਕ ਵਿਚ? ਆਓ ਘਰ ਨੂੰ ਚਲਦੇ ਆਂ। ਗੱਪ-ਸ਼ੱਪ ਮਾਰਾਂਗੇ ਘੜੀ। ਦਰਾਮ ਦਰੂਮ ਪੀਵਾਂਗੇ ਤੇ ਤੁਸੀਂ ਰੋਟੀ ਖਾ ਕੇ ਚਲੇ ਜਾਇਓ। ਇਹਨਾਂ ਗਰੀਬਾਂ ਤੋਂ ਤੁਸੀਂ ਕੀ ਲੈਣਾ? ਕਿਸੇ ਸੌਹਰੇ ਨੇ ਤੁਹਾਨੂੰ ਚਾਹ ਦਾ ਘੁੱਟ ਤਾਂ ਪਿਆਉਣਾ ਨਹੀਂ, ਕਾਹਨੂੰ ਐਵੇਂ ਜੁੱਤੀਆਂ ਤੋੜਦੇ ਫਿਰਦੇ ਆਂ"।

"ਕਿਸੇ ਹੋਰ ਨੂੰ ਚਾਰ ਜਾ ਕੇ। ਤੇਰੀਆਂ ਰੋਟੀਆਂ ਨਾਲੋਂ ਅਸੀਂ ਭੁੱਖੇ ਈ ਚੰਗੇ ਆਂ", ਇਕ ਯੂਨੀਅਨ ਵਾਲੇ ਦਾ ਜਵਾਬ ਸੀ।

"ਅਸੀਂ ਚੱਲੇ ਹਾਂ ਪਰ ਇਹਦਾ ਮਤਲਬ ਇਹ ਨਹੀਂ ਕਿ ਅਸੀਂ ਫੇਰ ਨਹੀਂ ਆਉਣਾ। ਖੇਤ ਮਜ਼ਦੂਰਾਂ ਨਾਲ ਗੱਲਬਾਤ ਕਰਨੀ ਸਾਡਾ ਹੱਕ ਹੈ ਤੇ ਤੂੰ ਜਾਂ ਤੇਰੇ ਵਰਗੇ ਹੋਰ ਫਾਰਮਰ ਸਾਡੇ ਕੋਲੋਂ ਇਹ ਹੱਕ ਖੋਹ ਨਹੀਂ ਸਕਦੇ", ਦੂਜੇ ਨੇ ਜੈਰੀ ਨੂੰ ਚਿਤਾਵਣੀ ਦਿੱਤੀ।

"ਤੁਸੀਂ ਇੱਧਰ ਨੂੰ ਮੂੰਹ ਤਾਂ ਕਰਿਓ, ਅਗਲੀ ਆਰੀ ਸਾਲ਼ਿਓ ਤੁਹਾਡੀ ਉਹ ਛਿਤਰੌੜ ਕਰੂੰ ਪਈ ਸਾਰੀ ਉਮਰ ਚੇਤੇ ਰੱਖੋਗੇ", ਕੈਬਿਨਾਂ ਤੋਂ ਪਰੇ ਖੜ੍ਹੀ ਕਾਰ ਵਲ ਤੁਰੇ ਜਾਂਦਿਆਂ ਨੂੰ ਜੈਰੀ ਨੇ ਪਿੱਛਿਉਂ ਕਿਹਾ। ਪਰ ਉਹ ਜਵਾਬ ਦਿੱਤੇ ਬਿਨਾਂ ਹੀ ਕਾਰ ਵਿਚ ਜਾ ਬੈਠੇ।

ਉਸ ਦਿਨ ਤੋਂ ਬਾਅਦ ਜੈਰੀ ਆਪਣੇ ਆਪ ਨੂੰ ਯਕੀਨ ਦੁਆਉਂਦਾ ਰਿਹਾ ਸੀ ਕਿ ਏਨੀ ਲਾਹ-ਪਾਹ ਕਰਾਉਣ ਪਿੱਛੋਂ ਯੂਨੀਅਨ ਵਾਲੇ ਮੁੜ ਉਸ ਦੇ ਖੇਤਾਂ ਵਲ ਮੂੰਹ ਨਹੀਂ ਕਰਨ ਲੱਗੇ। ਪਰ ਅੱਜ ਉਹਨਾਂ ਦੇ ਫੇਰ ਆਉਣ 'ਤੇ ਉਹ ਉਹਨਾਂ ਦੇ ਸਿਰੜ 'ਤੇ ਹੈਰਾਨ ਵੀ ਹੋਇਆ ਤੇ ਅੰਦਰੋਂ ਥੋੜ੍ਹਾ ਡਰ ਵੀ ਗਿਆ ਸੀ।

ਅੰਦਰ ਦੇ ਡਰ ਦਾ ਅਹਿਸਾਸ ਹੁੰਦਿਆਂ ਹੀ ਉਸ ਨੂੰ ਬੜਾ ਗੁੱਸਾ ਚੜ੍ਹਿਆ। ਉਸ ਨੇ ਮਨ 'ਚ ਧਾਰਿਆ, "ਅੱਜ ਸਾਲ਼ਿਆ ਨੂੰ ਪੂਰਾ ਸਬਕ ਸਿਖਾ ਕੇ ਹੀ ਤੋਰੂੰ। ਸਮਝਦੇ ਕੀ ਆ ਆਪਣੇ ਆਪ ਨੂੰ"।

ਉਸ ਨੂੰ ਲੱਗਾ ਜਿਵੇਂ ਇਸ ਕਿਸਮ ਦੇ ਲੋਕਾਂ ਦਾ ਉਸ ਦੇ ਨਾਲ ਪਿੱਛਲੇ ਜਨਮ ਦਾ ਹੀ ਕੋਈ ਵੈਰ ਚਲਿਆ ਆਉਂਦਾ ਹੋਵੇ। ਪਿੰਡ ਵੀ ਉਸ ਦਾ ਜਿੰਨਾ ਵਿਰੋਧ ਕਾਮਰੇਡ ਮੁੰਡਿਆਂ ਨੇ ਕੀਤਾ ਸੀ ਉੱਨਾ ਹੋਰ ਕਿਸੇ ਨੇ ਨਹੀਂ ਸੀ ਕੀਤਾ। ਉਹਨਾਂ ਦੇ ਵਿਰੋਧ ਕਰਕੇ ਹੀ ਇਕ ਵਾਰੀ ਉਸ ਨੂੰ ਛੇ ਮਹੀਨੇ ਪਿੰਡੋਂ ਬਾਹਰ ਰਹਿਣਾ ਪਿਆ ਸੀ। ਜੈਰੀ ਨੂੰ ਸਭ ਤੋਂ ਵਧ ਇਸ ਗੱਲ ਦਾ ਗੁੱਸਾ ਸੀ ਕਿ ਉਹਨੀਂ ਇਕ "ਨਿੱਕੀ ਜਿਹੀ" ਗੱਲ ਦਾ ਪਹਾੜ ਬਣਾ ਦਿੱਤਾ ਸੀ। ਉਸ ਦੇ ਮੱਲੋ ਜੋਰੀ ਹੱਥ ਪਾਉਣ 'ਤੇ ਵਿਹੜੇ ਵਾਲਿਆਂ ਦੀ "ਇਕ ਸੜੀ ਜਿਹੀ" ਕੁੜੀ ਨੇ ਰੌਲ਼ੀ ਪਾ ਦਿੱਤੀ ਸੀ। ਉਹ ਇਕ ਦੋ ਦਿਨ ਪਿੰਡੋਂ ਬਾਹਰ ਕਿਸੇ ਰਿਸ਼ਤੇਦਾਰ ਦੇ ਚਲੇ ਗਿਆ। ਉਸ ਨੇ ਸੋਚਿਆ ਸੀ ਕਿ ਏਨੇ ਚਿਰ ਵਿਚ ਘਰ ਦਿਆਂ ਨੇ ਹਮੇਸ਼ਾਂ ਵਾਂਗ ਗੱਲ ਦੱਬ ਦਬਾ ਦਿੱਤੀ ਹੋਵੇਗੀ। ਪਰ ਗੱਲ ਵਧ ਗਈ ਸੀ। ਨਤੀਜੇ ਵਜੋਂ ਉਸ ਨੂੰ ਛੇ ਮਹੀਨੇ ਆਪਣੀ ਭੈਣ ਕੋਲ ਯੂ. ਪੀ. ਰਹਿਣਾ ਪਿਆ ਸੀ। ਭਾਵੇਂ ਉੱਥੇ ਉਸ ਨੇ ਬੜੀ ਐਸ਼ ਕੀਤੀ ਸੀ ਪਰ ਫੇਰ ਵੀ ਉਹ ਇਹ ਗੱਲ ਭੁਲਾ ਨਹੀਂ ਸੀ ਸਕਿਆ ਕਿ ਕਾਮਰੇਡਾਂ ਨੇ ਉਸ ਨੂੰ ਪਿੰਡੋਂ ਕਢਵਾਇਆ ਸੀ।

ਉਸ ਨੂੰ ਲਗਦਾ ਸੀ ਕਿ ਇਹ ਯੂਨੀਅਨ ਵਾਲੇ ਪਿੰਡ ਦੇ ਕਾਮਰੇਡ ਮੁੰਡਿਆਂ ਦਾ ਹੀ ਰੂਪ ਸਨ। ਜੈਰੀ ਦੀ ਵੀ ਜਿੱਥੇ ਵਾਹ ਲਗਦੀ ਉਹ ਉਹਨਾਂ ਦੀ ਡਟ ਕੇ ਮੁਖਾਲਫਤ

ਕਰਦਾ। ਜਿਹੜੇ ਦੋਂਹ ਗੁਰਦਵਾਰਿਆਂ ਵਿਚ ਉਸ ਦੀ ਚੱਲਦੀ ਸੀ ਉੱਥੇ ਉਸ ਨੇ ਕਦੀ ਯੂਨੀਅਨ ਵਾਲਿਆਂ ਨੂੰ ਲੈਕਚਰ ਨਹੀਂ ਸੀ ਕਰਨ ਦਿੱਤਾ। ਪਰ ਫੇਰ ਵੀ ਉਸ ਨੂੰ ਲੱਗ ਰਿਹਾ ਸੀ ਕਿ ਉਸ ਦੇ ਕੋਲੋਂ ਉਹ ਸੂਤ ਨਹੀਂ ਸੀ ਆ ਰਹੇ। ਉਹ ਐਸੇ ਬੰਦਿਆਂ ਦੀ ਤਲਾਸ਼ ਵਿਚ ਵੀ ਰਿਹਾ ਸੀ ਜਿਹਨਾਂ ਨੂੰ ਥੋੜ੍ਹਾ-ਬਹੁਤਾ ਲਾਲਚ ਦੇ ਕੇ ਉਹ ਯੂਨੀਅਨ ਵਾਲਿਆਂ ਦਾ ਕੋਈ ਨੁਕਸਾਨ ਕਰਵਾ ਸਕੇ। ਉਸ ਨੂੰ ਇਕ ਦੋ ਗੋਰਿਆਂ ਦਾ ਪਤਾ ਸੀ। ਪਰ ਗੋਰੇ ਇਸ ਕਿਸਮ ਦੇ ਕੰਮ ਦੇ ਪੈਸੇ ਬਹੁਤ ਮੰਗਦੇ ਸਨ।

ਇਕ ਦਿਨ ਜੈਰੀ ਨਾਲ ਦਾਰੂ ਪੀਂਦਿਆਂ ਉਸ ਦੇ ਇਕ ਫਾਰਮਰ ਭਾਈਬੰਦ ਬਲਵੰਤ ਨੇ ਉਸ ਨੂੰ ਦੱਸਿਆ ਸੀ ਕਿ ਇਕ ਯੂਨੀਅਨ ਵਾਲੇ ਦੀ ਕਾਰ ਦੇ ਸ਼ੀਸ਼ੇ ਭੰਨਣ ਦੇ ਹੀ ਇਕ ਗੋਰੇ ਨੇ ਉਸ ਦੇ ਕੋਲੋਂ ਪੰਜ ਸੌ ਡਾਲਰ ਲਏ ਸਨ। ਆਪਣੇ ਪੰਜ ਸੌ ਦੇ ਰੋਣੇ ਰੋਂਦੇ ਨੇ ਜੈਰੀ ਨੂੰ ਕਿਹਾ ਸੀ, "ਜਿੰਨੇ ਪੈਸੇ ਇਹ ਗੋਰੇ ਇਹੋ ਜਿਹੇ ਕੰਮਾਂ ਦੇ ਮੰਗਦੇ ਆ ਤੇ ਜਿੰਨੇ ਵਕੀਲਾਂ ਨੂੰ ਦੇਣੇ ਪੈਂਦੇ ਆ ਓਦੂੰ ਅੱਧਿਆਂ ਨਾਲ ਤਾਂ ਯੂਨੀਅਨ ਨਾਲ ਸਮਝੌਤਾ ਕੀਤਾ ਜਾ ਸਕਦਾ ਆ"।

ਜੈਰੀ ਨੂੰ ਯਾਦ ਹੈ ਕਿ ਨਸ਼ੇ ਦੀ ਲੋਰ 'ਚ ਭਾਵਕ ਹੁੰਦਿਆਂ ਉਸ ਨੇ ਜਵਾਬ ਦਿੱਤਾ ਸੀ: "ਗੱਲ ਯਾਰ ਪੈਸੇ ਦੀ ਨਹੀਂ, ਗੱਲ ਇੱਜ਼ਤ ਦੀ ਆ। ਫਾਰਮ ਦਾ ਮੈਂ ਮਾਲਕ ਆਂ। ਕੋਈ ਸਾਲ਼ਾ ਆ ਕੇ ਮੇਰੇ 'ਤੇ ਰੋਅਬ ਪਾਵੇ, ਮੈਂ ਤਾਂ ਸਹਿ ਨਹੀਂ ਸਕਦਾ। ਮੇਰਾ ਭਾਵੇਂ ਫਾਰਮ ਵਿਕ ਜਾਏ ਮੈਂ ਯੂਨੀਅਨ ਨਈਂ ਬਣਨ ਦੇਣੀ। ਜੇ ਮੇਰੇ ਫਾਰਮ 'ਚ ਯੂਨੀਅਨ ਬਣ ਗਈ ਨਾ, ਮੇਰੇ ਲਈ ਤਾਂ ਬਹੁਤ ਬੜੀ ਬੇਇਜ਼ਤੀ ਦੀ ਗੱਲ ਹੋਵੇਗੀ।

"ਇਹਦੇ 'ਚ ਬੇਜ਼ਤੀ ਬੂਜ਼ਤੀ ਆਲ਼ੀ ਆਪਾਂ ਨੂੰ ਤਾਂ ਕੋਈ ਗੱਲ ਨਈਂ ਲਗਦੀ। ਆਪਾਂ ਤਾਂ ਇਹ ਸਿੱਖਿਆ ਪਈ ਕੰਮ ਉਹ ਕਰੋ ਜਿਹਦੇ 'ਚ ਫੈਦਾ ਹੋਵੇ", ਬਲਵੰਤ ਨੇ ਦਲੀਲ ਦਿੰਦਿਆਂ ਕਿਹਾ।

"ਇਸ ਗੱਲੋਂ ਸਾਲ਼ਾ ਇਹ ਮੁਲਕ ਮੈਨੂੰ ਬੜਾ ਕੁੱਤਾ ਲਗਦਾ ਆ। ਸਾਲ਼ੀ ਇੱਥੇ ਬੰਦੇ ਦੀ ਇੱਜ਼ਤ ਤਾਂ ਹੈ ਈ ਨਈਂ। ਦੇਸ ਦੋ ਚਾਰ ਸੌ ਰੁਪਈਆ ਕਿਸੇ ਠਾਣੇਦਾਰ ਦੀ ਜੇਬ 'ਚ ਪਾ ਕੇ ਅਗਲੇ ਤੋਂ ਜੋ ਮਰਜ਼ੀ ਕਰਾ ਲਓ", ਜੈਰੀ ਨੂੰ ਦੇਸ ਦੀਆਂ ਸਰਦਾਰੀਆਂ ਚੇਤੇ ਆਉਣ ਲੱਗੀਆਂ। "ਬੰਦਾ ਕਰੇ ਕੀ ਇੱਥੇ? ਇੱਥੇ ਸਾਲ਼ਾ ਹਰ ਕੋਈ ਚੌਧਰੀ ਸਮਝਦਾ ਆ ਆਪਣੇ ਆਪ ਨੂੰ। ਅਤਵਾਰ ਆਲ਼ਾ, ਕੰਮ ਦਾ ਬੰਦਾ ਤਾਂ ਇਸ ਮੁਲਕ 'ਚ ਤੁਹਾਨੂੰ ਮਿਲ ਈ ਨਈਂ ਸਕਦਾ। ਪਿੰਡ ਸਾਡੇ ਮਜ਼੍ਹਬੀਆਂ ਦੇ ਦੋ ਮੁੰਡੇ ਕੰਮ ਕਰਦੇ ਹੁੰਦੇ ਸੀ। ਏਨੇ ਦਿਲ ਆਲ਼ੇ ਪਈ ਤੂੰ ਪੁੱਛ ਈ ਨਾ। ਜ਼ਬਾਨ ਦੇ ਵੀ ਪੱਕੇ। ਜਿੱਥੇ ਕਹਿ ਦੇਣਾ ਨਾ, ਬੱਸ ਖੜ੍ਹ ਜਾਂਦੇ ਸੀ। ਮਜਾਲ ਆ ਇੰਚ ਵੀ ਹਿੱਲ ਜਾਣ। ਮੈਨੂੰ ਤਾਂ ਇੱਥੇ ਆ ਕੇ ਅੱਜ ਤਕ ਉਹਨਾਂ ਅਰਗਾ ਇਕ ਵੀ ਬੰਦਾ ਨਈਂ ਟੱਕਰਿਆ। ਖਾਊ ਯਾਰ ਤਾਂ ਇੱਥੇ ਵੀ ਵਥੇਰੇ ਮਿਲ ਜਾਂਦੇ ਆ ਉੱਦਾਂ"।

"ਛੋਟੇ ਭਾਈ ਤੇਰੀ ਗੱਲ ਸੋਲਾਂ ਆਨੇ ਸੱਚੀ ਆ। ਇਸ ਮੁਲਕ 'ਚ ਏਦਾਂ ਦੇ ਕੰਮਾਂ ਲਈ ਬੰਦੇ ਨਈਂ ਮਿਲਦੇ। ਏਥੇ ਤਾਂ ਆਪਣੀਆਂ ਆਪ ਈ ਨਬੇੜਨੀਆਂ ਪੈਂਦੀਆਂ ਇਹੋ ਜਿਹੀਆਂ ਵੀ", ਬਲਵੰਤ ਦਾ ਜਵਾਬ ਸੀ।

"ਬਲਵੰਤ ਸਿਆਂ ਆਪ ਨਈਂ ਏਦਾਂ ਦੇ ਪੰਗੇ 'ਚ ਪਈਦਾ ਕਦੀ ਵੀ। ਮੈਨੂੰ ਆਪਣੇ ਬਾਬੇ ਦੀ ਇਕ ਗੱਲ ਕਦੀ ਨਈਂ ਭੁੱਲੀ। ਇਕ ਵਾਰੀ ਮੇਰੀ ਨਿੱਕੇ ਹੁੰਦੇ ਦੀ ਸਕੂਲੇ ਇਕ ਮੁੰਡੇ ਨਾਲ ਲੜਾਈ ਹੋ ਪਈ। ਉਹ ਮੈਥੋਂ ਥੋੜ੍ਹਾ ਤਕੜਾ ਹੋਣ ਕਰਕੇ ਮੈਨੂੰ ਕੁੱਟ ਗਿਆ। ਮੇਰੇ ਬਾਬੇ ਨੇ ਮੈਨੂੰ ਕੋਲ ਬਹਾ ਕੇ ਕਿਹਾ ਸੀ, "ਜਰਨੈਲ, ਕਾਕਾ ਤੂੰ ਸਰਦਾਰਾਂ ਦਾ ਪੁੱਤ ਏਂ, ਸਰਦਾਰ ਬਣਨਾ ਸਿੱਖ। ਕਿਸੇ ਨਾਲ ਲੜਾਈ ਝਗੜਾ ਕਰਨਾ ਹੋਵੇ, ਆਪ ਨਈਂ ਕਰੀਦਾ। ਇਹ ਕੰਮ ਹੋਰਾਂ ਤੋਂ ਕਰਾਈਦਾ। ਇਸੇ ਨੂੰ ਸਰਦਾਰੀ ਕਹਿੰਦੇ ਆ ਕਾਕਾ"।

ਆਪਣੇ ਖਿਆਲਾਂ 'ਚ ਗੁਆਚਾ ਜੈਰੀ ਪਿਕ-ਅੱਪ ਤੇਜ਼ ਭਜਾਈ ਜਾ ਰਿਹਾ ਸੀ। ਦਰੱਖਤਾਂ ਉਹਲੇ ਛਿਪ ਰਿਹਾ ਸੂਰਜ ਹੁਣ ਉਸ ਦੇ ਪਿੱਛੇ ਸੀ। ਪਿਕ-ਅੱਪ ਜਿੰਨੀ ਤੇਜ਼ੀ ਨਾਲ ਹੀ ਉਸ ਦੇ ਖਿਆਲਾਂ 'ਚ ਉਥਲ-ਪੁਥਲ ਹੋ ਰਹੀ ਸੀ। ਉਸ ਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਯੂਨੀਅਨ ਵਾਲਿਆਂ ਨੂੰ ਕੀ ਕਰੇ ਜਿਹਦੇ ਨਾਲ ਉਹ ਮੁੜ ਉਸ ਦੀਆਂ ਕੈਬਿਨਾਂ ਵਲ ਮੂੰਹ ਨਾ ਕਰਨ। ਪਰ ਉਹ ਉੱਕਾ ਹੀ ਬੇਬੱਸ ਮਹਿਸੂਸ ਕਰ ਰਿਹਾ ਸੀ।

ਜਿਹੜੀ ਇਕ ਗੱਲ ਉਹ ਯਾਦ ਨਹੀਂ ਸੀ ਕਰਨਾ ਚਾਹੁੰਦਾ, ਪਰ ਜਿਹੜੀ ਭੁੱਲ ਵੀ ਨਹੀਂ ਸੀ ਰਹੀ, ਉਹ ਉਹਦੀ ਆਪਣੇ ਵਕੀਲ ਨਾਲ ਹੋਈ ਗੱਲਬਾਤ ਸੀ। ਉਸ ਨੇ ਬਹੁਤ ਭਾਰੇ ਮਨ ਨਾਲ ਗੋਰੇ ਵਕੀਲ ਨੂੰ ਕਿਹਾ ਸੀ, "ਮਿਸਟਰ ਸਿੰਪਸਨ, ਇਹ ਮੇਰੀ ਇੱਜ਼ਤ ਦਾ ਸਵਾਲ ਹੈ। ਮੈਂ ਇਹ ਗੱਲ ਸਹਿ ਨਹੀਂ ਸਕਦਾ ਕਿ ਕੋਈ ਮੇਰੀ ਮਰਜ਼ੀ ਦੇ ਖਿਲਾਫ ਮੇਰੇ ਘਰ ਅੰਦਰ ਆ ਵੜੇ"।

ਉਸ ਦੇ ਵਕੀਲ ਨੇ ਉਸ ਨੂੰ ਸਖਤ ਚਿਤਾਵਣੀ ਦਿੱਤੀ ਸੀ, "ਦੇਖ ਜੈਰੀ ਪਹਿਲੀ ਗੱਲ ਤੈਨੂੰ ਇਹ ਸਮਝ ਲੈਣੀ ਚਾਹੀਦੀ ਹੈ ਕਿ ਉਹ ਤੇਰਾ ਘਰ ਨਹੀਂ। ਤੂੰ ਉਸ ਥਾਂ ਰਹਿੰਦਾ ਨਹੀਂ, ਬਿਜ਼ਨੈੱਸ ਕਰਦਾ ਏਂ। ਉੱਥੇ ਰਹਿਣ ਵਾਲੇ ਖੇਤ ਮਜ਼ਦੂਰ ਤੇਰੀ ਮਲਕੀਅਤ ਨਹੀਂ। ਉੱਥੇ ਰਹਿਣ ਦਾ ਉਹ ਤੈਨੂੰ ਕਿਰਾਇਆ ਦਿੰਦੇ ਹਨ। ਤੂੰ ਕਾਨੂੰਨੀ ਤੌਰ 'ਤੇ ਯੂਨੀਅਨ ਵਾਲਿਆਂ ਨੂੰ ਉਹਨਾਂ ਨਾਲ ਗੱਲਾਂ ਕਰਨ ਤੋਂ ਰੋਕ ਨਹੀਂ ਸਕਦਾ। ਜੇ ਤੂੰ ਫੇਰ ਉਹਨਾਂ ਨੂੰ ਮਜ਼ਦੂਰਾਂ ਨਾਲ ਗੱਲਬਾਤ ਕਰਨ ਤੋਂ ਰੋਕਣ ਦੀ ਬੇਹੂਦਗੀ ਕੀਤੀ ਤਾਂ ਮੈਂ ਤੇਰੀ ਕੋਈ ਮਦਦ ਨਹੀਂ ਕਰ ਸਕਾਂਗਾ"।

ਵਕੀਲ ਨਾਲ ਹੋਈ ਗੱਲਬਾਤ ਯਾਦ ਕਰਕੇ ਜੈਰੀ ਨੇ ਆਪਣੀ ਪਿਕ-ਅੱਪ ਥੋੜ੍ਹੀ ਹੌਲ਼ੀ ਕਰ ਲਈ। ਉਂਝ ਵੀ ਹੁਣ ਉਹ ਆਪਣੀਆਂ ਕੈਬਿਨਾਂ ਵਲ ਜਾਂਦੀ ਛੋਟੀ ਸੜਕ

ਕੋਲ ਪਹੁੰਚ ਗਿਆ ਸੀ। ਉਸ ਨੇ ਕੈਬਿਨਾਂ ਦੇ ਅੰਦਰ ਜਾਣ ਜਾਂ ਨਾ ਜਾਣ ਬਾਰੇ ਸੋਚਿਆ।

ਜੱਕੋ ਤੱਕੀ ਵਿਚ ਉਸ ਨੇ ਪਿਕ-ਅੱਪ ਮੋੜ 'ਤੇ ਹੀ ਖੜ੍ਹੀ ਕਰ ਲਈ। ਉਥੋਂ ਹੀ ਉਹ ਕੈਬਿਨਾਂ ਵਲ ਧਿਆਨ ਨਾਲ ਦੇਖਣ ਲੱਗਾ। ਦਰੱਖਤਾਂ ਦਾ ਓਹਲਾ ਹੋਣ ਕਰਕੇ ਉਸ ਨੂੰ ਕੋਈ ਵੀ ਬੰਦਾ ਇੱਧਰ ਉੱਧਰ ਘੁੰਮਦਾ ਨਜ਼ਰ ਨਾ ਆਇਆ। ਉਸ ਨੇ ਇਕ ਪਲ ਅੰਦਰ ਜਾਣ ਦਾ ਮਨ ਬਣਾਇਆ ਪਰ ਫੇਰ ਉਸ ਨੇ ਸੋਚਿਆ ਕਿ ਉਹ ਉੱਥੇ ਹੀ ਉਡੀਕ ਕਰੇਗਾ। ਸ਼ਾਇਦ ਕੋਈ ਅੰਦਰੋਂ ਬਾਹਰ ਆਵੇ। ਆਪਣੀ ਘੜੀ ਵਲ ਦੇਖ ਉਸ ਨੇ ਅੰਦਾਜ਼ਾ ਲਾਇਆ ਕਿ ਯੂਨੀਅਨ ਵਾਲੇ ਅਜੇ ਘੱਟੋ ਘੱਟ ਇਕ ਘੰਟਾ ਤਾਂ ਜ਼ਰੂਰ ਅੰਦਰ ਰਹਿਣਗੇ।

ਉਸ ਨੇ ਬੇਬੱਸੀ ਦੀ ਹਾਲਤ ਵਿਚ ਪਿਕ-ਅੱਪ ਦੀ ਮੋਟਰ ਬੰਦ ਕਰ ਦਿੱਤੀ। ਅੰਗੜਾਈ ਲੈਂਦਿਆਂ ਬਾਹਾਂ ਨੂੰ ਪਾਸੀਂ ਖਿਲਾਰਿਆ। ਉਸ ਨੇ ਬੈਠੇ ਨੇ ਹੀ ਸੀਟ 'ਤੇ ਥੋੜ੍ਹਾ ਘੁੰਮ ਕੇ ਆਪਣੇ ਪੈਰ "ਗੈਸ" ਤੇ ਬਰੇਕ ਪੈਡਲਾਂ ਤੋਂ ਚੁੱਕੇ, ਇਕ ਪਾਸੇ ਨੂੰ ਹੋ ਲੱਤਾਂ ਸਿੱਧੀਆਂ ਕੀਤੀਆਂ। ਉਸ ਦੇ ਸੱਜੇ ਪੈਰ ਦੀ ਅੱਡੀ 'ਚ ਕੁਝ ਲੱਗਾ ਤਾਂ ਉਸ ਨੂੰ ਯਾਦ ਆਇਆ ਕਿ ਸੀਟ ਥੱਲੇ ਪਿਛਲੇ ਹਫਤੇ ਦੀ ਸਕਾਚ ਦੀ ਅੱਧੀ ਬੋਤਲ ਪਈ ਸੀ। ਉਸ ਨੇ ਥੋੜ੍ਹਾ ਝੁਕ ਕੇ ਬੋਤਲ ਚੁੱਕੀ ਤਾਂ ਬੋਤਲ ਦੇ ਨਾਲ ਹੀ ਇਕ ਛੋਟਾ ਜਿਹਾ ਕਾਗਜ਼ੀ-ਗਲਾਸ ਵੀ ਬਾਹਰ ਨੂੰ ਰੁੜ੍ਹ ਆਇਆ। ਉਸ ਨੇ ਬਹੁਤਾ ਸੋਚਣ ਬਿਨਾਂ ਹੀ ਬੋਤਲ ਵਿਚੋਂ ਗਲਾਸ ਵਿਚ ਸ਼ਰਾਬ ਪਾਈ ਅਤੇ ਇਕੋ ਸਾਹੇ ਪੀ ਗਿਆ।

ਉਸ ਨੇ ਦੁਪਹਿਰ ਦੇ ਲੰਚ ਤੋਂ ਬਾਅਦ ਕੁਝ ਖਾਧਾ ਨਹੀਂ ਸੀ, ਇਸ ਲਈ ਥੋੜ੍ਹੀ ਸ਼ਰਾਬ ਨੇ ਹੀ ਉਸ ਨੂੰ ਸਰੂਰ ਜਿਹਾ ਲਿਆ ਦਿੱਤਾ। ਸੀਟ 'ਤੇ ਠੀਕ ਤਰ੍ਹਾਂ ਹੁੰਦਿਆਂ ਉਹ ਫੇਰ ਕੈਬਿਨਾਂ ਵਲ ਦੇਖਣ ਲੱਗਾ। ਉਹ ਕੈਬਿਨਾਂ ਦੇ ਵਿਚਾਲੇ ਖੜ੍ਹੇ ਆਪਣੇ ਪੁਰਾਣੇ ਘਰ ਨੂੰ ਘੂਰਨ ਲੱਗਾ। ਘਰ ਉਸ ਨੂੰ ਪਹਿਲਾਂ ਨਾਲੋਂ ਕਾਫੀ ਪੁਰਾਣਾ ਹੋ ਗਿਆ ਲੱਗਾ। ਉਸ ਨੂੰ ਖਿਆਲ ਆਇਆ ਕਿ ਉਸ ਨੇ ਕਦੀ ਇਸ ਘਰ ਨੂੰ ਹੁਣ ਧਿਆਨ ਨਾਲ ਦੇਖਿਆ ਹੀ ਨਹੀਂ ਸੀ। ਇਹ ਘਰ ਤੇ ਨਾਲ ਲਗਦੇ ਚਾਲੀ ਏਕੜ ਖਰੀਦ ਕੇ ਹੀ ਤਾਂ ਉਹ "ਫਾਰਮਰ" ਬਣਿਆਂ ਸੀ, ਪਹਿਲਾਂ ਤਾਂ ਸਾਰੇ ਉਸ ਨੂੰ ਠੇਕੇਦਾਰ ਜੈਰੀ ਹੀ ਕਹਿੰਦੇ ਸਨ।

ਘਰ ਵਲ ਦੇਖਦਿਆਂ ਉਸ ਨੂੰ ਯਾਦ ਆਇਆ ਕਿ ਇੱਥੇ ਆਉਣ ਤੋਂ ਪਹਿਲਾਂ ਉਹ ਬਿੰਦਰ ਦੇ ਮਾਂ ਪਿਓ ਨਾਲ ਹੀ ਕਈ ਵਰ੍ਹੇ ਵੈਨਕੂਵਰ ਰਿਹਾ ਸੀ। ਉਹ ਲੱਕੜੀ ਦੀ ਜਿਸ ਮਿੱਲ ਵਿਚ ਕੰਮ ਕਰਦਾ ਸੀ, ਉਹ ਘਾਟੇ 'ਚ ਜਾਣ ਕਰਕੇ ਪੱਕੇ ਤੌਰ 'ਤੇ ਬੰਦ ਹੋ ਗਈ ਸੀ।

ਉਸ ਦੇ ਸੌਹਰੇ ਨੇ ਉਸ ਨੂੰ ਸਲਾਹ ਦਿੱਤੀ ਸੀ, “ਜਰਨੈਲ ਸਿਹਾਂ ਫਾਰਮਾਂ ਦੇ ਕੰਮ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਆ। ਤੂੰ ਬਾਤ ਤਾਂ ਗੁਜਾਰੇ ਜੋਗੀ ਜਾਣਦਾ ਈ ਏਂ, ਜੇ ਮੇਰੀ ਮੰਨੇਂ ਤਾਂ ਫਾਰਮਾਂ ਨੂੰ ਬੰਦੇ ਢੋਣੇ ਸ਼ੁਰੂ ਕਰ ਦੇ। ਸਾਰੀ ਉਮਰ ਐਸ਼ ਕਰੇਂਗਾ”।

ਉਸ ਨੂੰ ਆਪਣੇ ਸੌਹਰੇ ਦੀ ਸਕੀਮ ਰਤਾ ਚੰਗੀ ਨਹੀਂ ਸੀ ਲੱਗੀ। ਉਹ ਜਵਾਬ ਦੇਣਾ ਚਾਹੁੰਦਿਆਂ ਵੀ ਕੰਮ ਤੋਂ ਵਿਹਲਾ ਹੋਣ ਕਰਕੇ ਚੁੱਪ ਰਿਹਾ ਸੀ। ਉਸ ਦੇ ਸੌਹਰੇ ਨੇ ਇਕ ਪੁਰਾਣਾ ਸਬਜ਼ੀ ਢੋਣ ਵਾਲਾ ਟਰੱਕ ਇਕ ਚੀਨੇ ਤੋਂ ਲੈ ਦਿੱਤਾ ਸੀ॥ ਉਸ ਟਰੱਕ ’ਚ ਮਜ਼ਦੂਰਾਂ ਦੇ ਬੈਠਣ ਲਈ ਫੱਟੇ ਲਾਉਂਦਿਆਂ ਜੈਰੀ ਨੂੰ ਬਹੁਤ ਸ਼ਰਮ ਆਈ ਸੀ ਤੇ ਉਸ ਦਾ ਦਿਲ ਕੀਤਾ ਸੀ ਕਿ ਉਸੇ ਵੇਲੇ ਦੇਸ ਨੂੰ ਮੁੜ ਜਾਵੇ।

ਪਰ ਫਾਰਮਾਂ ਨੂੰ ਬੰਦੇ ਢੋਣ ਦਾ ਕੰਮ ਸ਼ੁਰੂ ਕਰਨ ਬਾਅਦ ਛੇਤੀਂ ਹੀ ਉਸ ਨੂੰ ਲੱਗਣ ਲੱਗਾ ਸੀ ਕਿ ਠੇਕੇਦਾਰੀ ਦੇ ਕੰਮ ਨਾਲੋਂ ਵਧੀਆ ਦੁਨੀਆਂ ’ਚ ਹੋਰ ਕੋਈ ਕੰਮ ਹੋ ਹੀ ਨਹੀਂ ਸਕਦਾ।

ਠੇਕੇਦਾਰੀ ਦੇ ਪਹਿਲੇ ਸੀਜ਼ਨ ਦੇ ਅਖੀਰ ’ਤੇ ਉਸ ਨੇ ਜਦੋਂ ਹਿਸਾਬ ਕਿਤਾਬ ਕੀਤਾ ਤਾਂ ਉਹ ਹੈਰਾਨ ਰਹਿ ਗਿਆ ਸੀ। ਮਿੱਲ ਨਾਲੋਂ ਉਸ ਨੇ ਕਈ ਗੁਣਾਂ ਵਾਧੂ ਪੈਸੇ ਬਣਾਏ ਸਨ। ਦੇਸ ਕੀਤੀ ਅਵਾਰਾਗਰਦੀ ਉਸ ਦੇ ਬੜੀ ਕੰਮ ਆਈ ਸੀ। ਉਹ ਛੇਤੀਂ ਹੀ ਤਾੜ ਗਿਆ ਕਿ ਬਹੁਤੇ ਖੇਤ ਮਜ਼ਦੂਰ ਦੇਸੋਂ ਆਏ ਅਨਪੜ੍ਹ ਬੁੜ੍ਹੇ ਬੁੜ੍ਹੀਆਂ ਸਨ ਜਿਹਨਾਂ ਨੂੰ ਬੇਵਕੂਫ ਬਣਾਉਣਾ ਉਸ ਦੇ ਲਈ ਔਖਾ ਨਹੀਂ ਸੀ।

ਪਰ ਪੈਸਿਆਂ ਨਾਲੋਂ ਵੀ ਜਿਹੜੀ ਗੱਲ ਉਸ ਨੂੰ ਵਧੀਆ ਲੱਗੀ ਉਹ ਸੀ ਦੂਜਿਆਂ ’ਤੇ ਚੌਧਰ ਕਰ ਸਕਣਾ। ਕੰਮ ਦੇ ਪਹਿਲੇ ਸੀਜ਼ਨ ਵਿਚ ਹੀ ਉਸ ਨੂੰ ਠੇਕੇਦਾਰੀ ਦੀ ਤਾਕਤ ਦਾ ਅਹਿਸਾਸ ਹੋ ਗਿਆ ਸੀ। ਉਹ ਕੰਮ ਕਰਦੀਆਂ ਔਰਤਾਂ ਨੂੰ, ਨਿਆਣਿਆਂ ਨੂੰ ਝਿੜਕਾਂ ਮਾਰਦਾ ਤਾਂ ਉਸ ਦੇ ਮੂਹਰੇ ਕੋਈ ਕੁਸਕਦਾ ਤਕ ਨਾ। ਜੈਰੀ ਨੂੰ ਲਗਦਾ ਜਿਵੇਂ ਉਹ ਆਪਣੇ ਬਾਬੇ ਪੜਦਾਦੇ ਤੋਂ ਕਿਸੇ ਤਰ੍ਹਾਂ ਵੀ ਘੱਟ ਨਾ ਰਿਹਾ ਹੋਵੇ।

ਕੰਮ ਦੇ ਦੂਜੇ ਸੀਜ਼ਨ ਵਿਚ ਹੀ ਜੈਰੀ ਨੇ ਦੋ ਵੈਨਾਂ ਹੋਰ ਲੈ ਲਈਆਂ। ਤੇ ਤੀਜੇ ਸੀਜ਼ਨ ਦੇ ਅਖੀਰ ’ਤੇ ਉਸ ਨੇ ਚਾਲੀ ਏਕੜ ਜ਼ਮੀਨ ਤੇ ਵਿਚ ਹੀ ਘਰ ਖਰੀਦ ਲਿਆ ਸੀ। ਇਨ੍ਹਾਂ ਦੋ ਤਿੰਨ ਸਾਲਾਂ ਵਿਚ ਜੈਰੀ ਨੇ ਲੋਹੜੇ ਦਾ ਪੈਸਾ ਬਣਾਇਆ ਸੀ। ਇਨ੍ਹਾਂ ਸੀਜ਼ਨਾਂ ਦੌਰਾਨ ਉਸ ਦੇ ਨਾਲ ਜ਼ਿਆਦਾ ਤੌਰ ’ਤੇ ਦੇਸੋਂ ਏਥੇ ਟਿਕਣ ਦੇ ਇਰਾਦੇ ਨਾਲ ਆਏ ਵਿਜ਼ਿਟਰ ਹੀ ਕੰਮ ਕਰਦੇ ਸਨ। ਉਨ੍ਹਾਂ ਨੂੰ ਇਮੀਗਰੇਸ਼ਨ ਦਾ ਡਰਾਵਾ ਦੇ ਕੇ ਜੈਰੀ ਨੇ ਮਨ ਮਰਜ਼ੀ ਦਾ ਕੰਮ ਲਿਆ ਸੀ ਤੇ ਆਪਣੀ ਮਰਜ਼ੀ ਨਾਲ ਹੀ ਪੈਸੇ ਦਿੱਤੇ ਸਨ। ਤੇ ਜੇ ਕੋਈ ਆਕੜਿਆ ਸੀ ਤਾਂ ਜੈਰੀ ਨੇ ਖਾਲੀ ਹੀ ਤੋਰਿਆ ਸੀ। ਜਿਹੜੇ ਜ਼ਰਾ ਜ਼ਿਆਦਾ ਈ “ਆਕੜ” ਦਿਖਾਉਂਦੇ ਸਨ, ਉਹ ਜੈਰੀ ਨੇ ਇਤਲਾਹ ਦੇ ਕੇ ਇਮੀਗਰੇਸ਼ਨ ਵਾਲਿਆਂ ਨੂੰ ਵੀ ਚੁਕਾਏ ਸਨ।

ਭਾਵੇਂ ਉਹ ਫਾਰਮਰ ਬਣਨ ਤੋਂ ਕਾਫੀ ਦੇਰ ਬਾਅਦ ਵੀ ਠੇਕੇਦਾਰੀ ਕਰਦਾ ਰਿਹਾ ਸੀ ਪਰ ਆਪਣੇ ਆਪ ਨੂੰ ਫਾਰਮਰ ਕਹਾ ਕੇ ਉਸ ਨੂੰ ਬੇਅੰਤ ਖ਼ੁਸ਼ੀ ਹੁੰਦੀ ਸੀ। "ਕਾਮਿਆਂ 'ਤੇ ਅਸਲੀ ਰੋਅਬ ਤਾਂ ਫਾਰਮਰ ਦਾ ਹੀ ਹੁੰਦਾ, ਠੇਕੇਦਾਰ ਤਾਂ ਐਵੇਂ ਸੈਕਿੰਡ ਕਲਾਸ ਜਿਹੀ ਚੀਜ਼ ਹੁੰਦੇ ਆ। ਹੁਣ ਜਦੋਂ ਸੀਜ਼ਨ ਖਤਮ ਹੋਣ ਬਾਅਦ ਕੈਬਿਨਾਂ 'ਚ ਰਹਿਣ ਵਾਲੇ ਟੱਬਰਾਂ ਦੇ ਪੈਸੇ ਦੇਣ ਮੈਂ ਬਾਹਰਲੇ ਟਾਊਨਾਂ 'ਚ ਜਾਨਾਂ ਤਾਂ ਆਪਣੇ ਆਪ ਨੂੰ ਕਹਿੰਦੇ ਕਹਾਉਂਦੇ ਜੱਟ, ਤੇ ਸਣੇ ਉਹਨਾਂ ਦੀਆਂ ਜੱਟੀਆਂ, ਮੇਰੀ ਰਾਜਿਆਂ ਵਾਂਗ ਆਓ ਭਗਤ ਕਰਦੇ ਆ। ਜੇ ਕਿਤੇ ਮੇਰਾ ਬਾਬਾ ਜੀਂਦਾ ਹੁੰਦਾ ਨਾ ਤਾਂ ਮੈਂ ਉਸ ਨੂੰ ਇਹ ਸਭ ਕੁਝ ਦਿਖਾਲਣਾ ਸੀ ਏਥੇ ਲਿਆ ਕੇ, ਇਕ ਵਾਰੀ ਤਾਂ ਉਹਦੀ ਰੂਹ ਖੁਸ਼ ਹੋ ਜਾਂਦੀ ਕਿ ਨਾ", ਕਦੇ ਕਦੇ ਨਸ਼ੇ ਦੀ ਲੋਰ ਵਿਚ ਉਹ ਬਿੰਦਰ ਨੂੰ ਦੱਸਦਾ।

ਹੁਣ ਉਸ ਨੂੰ ਇੰਝ ਲਗਦਾ ਸੀ ਕਿ ਯੂਨੀਅਨ ਵਾਲੇ ਉਹਦੇ ਕੋਲੋਂ ਉਹਦੀ ਸਰਦਾਰੀ ਖੋਹਣੀ ਚਾਹੁੰਦੇ ਸਨ। ਉਹ ਸਰਦਾਰੀ ਜਿਹੜੀ ਕਈ ਪੀੜ੍ਹੀਆਂ ਤੋਂ ਉਹਦੇ ਟੱਬਰ ਕੋਲ ਚਲੀ ਆਉਂਦੀ ਸੀ ਤੇ ਜਿਹਦਾ ਉਹ ਆਪਣੇ ਆਪ ਨੂੰ ਸਹੀ ਵਾਰਿਸ ਮੰਨਦਾ ਸੀ।

ਉਸ ਨੇ ਗੁੱਸੇ ਨਾਲ ਆਪਣੀਆਂ ਕੈਬਿਨਾਂ ਵਲ ਦੇਖਿਆ। ਬੋਤਲ ਵਿਚੋਂ ਉਸ ਨੇ ਭਰਵਾਂ ਦਰਾਮ ਹੋਰ ਲਾਇਆ। ਦਰਾਮ ਪੀ ਕੇ ਉਸ ਨੇ ਝੁਣਝਣੀ ਲਈ ਤੇ ਥਕੇਵਾਂ ਲਾਹੁਣ ਲਈ ਆਪਣੀ ਧੌਣ ਨੂੰ ਹੱਥਾਂ 'ਚ ਘੁੱਟਿਆ। ਜਦੋਂ ਉਸ ਨੇ ਇਸ ਤਰ੍ਹਾਂ ਕੀਤਾ ਤਾਂ ਉਸ ਦੇ ਹੱਥ ਪਿੱਛੇ ਰੈਕ 'ਤੇ ਟੰਗੀ ਹੋਈ ਬੰਦੂਕ ਨਾਲ ਲੱਗੇ। ਉਸ ਨੇ ਧੌਣ ਘੁਮਾ ਕੇ ਇਕ ਪਲ ਲਈ ਬੰਦੂਕ ਵਲ ਇਸ ਤਰ੍ਹਾਂ ਦੇਖਿਆ ਜਿਵੇਂ ਉਸ ਨੂੰ ਪਹਿਲੀ ਵਾਰੀ ਦੇਖ ਰਿਹਾ ਹੋਵੇ। ਬੰਦੂਕ ਨੂੰ ਰੈਕ ਤੋਂ ਲਾਹ ਕੇ ਉਸ 'ਤੇ ਪਈ ਮਿੱਟੀ ਝਾੜਨ ਲੱਗਾ। ਆਪਣੀ ਇਸ ਬੰਦੂਕ ਨਾਲ ਉਸ ਨੂੰ ਬੜਾ ਮੋਹ ਸੀ। ਕੰਮ ਦਾ ਸੀਜ਼ਨ ਖਤਮ ਹੋਣ ਬਾਅਦ ਉਹ ਹਰ ਸਾਲ ਇਕ ਦੋ ਭਾਈਬੰਦਾਂ ਨਾਲ ਹਿਰਨ ਦਾ ਸ਼ਿਕਾਰ ਕਰਨ ਜਾਂਦਾ ਤੇ ਉਹ ਸਦਾ ਆਪਣੀ ਇਹੋ ਬੰਦੂਕ ਵਰਤਦਾ।

ਬੰਦੂਕ ਦੀ ਸਫਾਈ ਕਰਦੇ ਉਸ ਦੇ ਹੱਥ ਇਕ ਪਲ ਲਈ ਰੁਕੇ। ਦੂਜੇ ਦਰਾਮ ਨੇ ਉਸ ਨੂੰ ਹੁਣ ਕਾਫੀ ਨਸ਼ੇ ਵਿਚ ਕਰ ਦਿੱਤਾ ਸੀ। ਉਸ ਨੂੰ ਅਚਾਨਕ ਇਸ ਗੱਲ ਦਾ ਜ਼ੋਰ ਨਾਲ ਅਹਿਸਾਸ ਹੋਇਆ ਕਿ ਯੂਨੀਅਨ ਵਾਲੇ ਉਸ ਦੀਆਂ ਕੈਬਿਨਾਂ ਦੇ ਅੰਦਰ ਸਨ ਤੇ ਉਹ ਖੁਦ ਉਹਨਾਂ ਤੋਂ ਡਰਦਾ ਬਾਹਰ ਬੈਠਾ ਸੀ। ਜੈਰੀ ਨੇ ਹੱਥ ਦੇ ਹਲਕੇ ਜਿਹੇ ਝਟਕੇ ਨਾਲ ਬੰਦੂਕ ਨੂੰ ਆਪਣੇ ਬਰਾਬਰ ਸੀਟ 'ਤੇ ਰੱਖ ਲਿਆ, ਪਿਕ-ਅੱਪ ਸਟਾਰਟ ਕੀਤੀ ਤੇ ਕੈਬਿਨਾਂ ਵਲ ਨੂੰ ਤੋਰ ਲਈ।

ਜਦੋਂ ਉਹ ਕੈਬਿਨਾਂ ਦੇ ਕੋਲ ਜਾ ਕੇ ਰੁਕਿਆ ਤਾਂ ਉਸ ਨੇ ਦੇਖਿਆ ਕਿ ਜਿੱਥੇ ਥੋੜ੍ਹੀ ਜਿਹੀ ਥਾਂ ਸੁੱਕੀ ਸੀ ਉੱਥੇ ਕਾਮੇ ਯੂਨੀਅਨ ਵਾਲਿਆਂ ਨੂੰ ਦੋ ਛੋਟੇ ਛੋਟੇ ਗਰੁੱਪਾਂ ਵਿਚ ਘੇਰੀ ਖੜ੍ਹੇ ਸਨ। ਜੈਰੀ ਪਿਕ-ਅੱਪ ਦੀ ਮੋਟਰ ਚਲਦੀ ਛੱਡ ਕੇ ਬੰਦੂਕ ਲੈ ਕੇ ਬਾਹਰ ਨਿਕਲਿਆ। ਉਸ ਦੇ ਵਲ ਦੇਖ ਕੇ ਕਾਮੇ ਹੌਲ਼ੀ ਹੌਲ਼ੀ ਆਪੋ ਆਪਣੀਆਂ ਕੈਬਿਨਾਂ ਵਲ ਨੂੰ ਤੁਰ ਪਏ। ਸਿਰਫ ਇਕ ਸੋਲ੍ਹਾਂ ਕੁ ਸਾਲਾਂ ਦਾ ਦੇਖਣ ਨੂੰ ਹਲਕਾ ਜਿਹਾ ਲਗਦਾ ਮੁੰਡਾ

ਯੂਨੀਅਨ ਵਾਲਿਆਂ ਦੇ ਕੋਲ ਖੜ੍ਹਾ ਰਿਹਾ ਤੇ ਇਕ ਸਿਆਣੀ ਉਮਰ ਦਾ ਬਜ਼ੁਰਗ ਵੀ ਜੋ ਥੋੜ੍ਹਾ ਪਰੇ ਚੈਰੀ ਦੇ ਦਰੱਖਤ ਨਾਲ ਢੋਹ ਲਾਈ ਤੇ ਹੱਥ 'ਚ ਆਪਣੀ ਖੂੰਡੀ ਫੜੀ ਖੜ੍ਹਾ ਸੀ, ਆਪਣੀ ਥਾਂ ਤੋਂ ਨਾ ਹਿੱਲਿਆ।

ਜੈਰੀ ਨੇ ਬਲਦੀਆਂ ਅੱਖਾਂ ਨਾਲ ਪਹਿਲਾਂ ਮੁੰਡੇ ਵਲ ਦੇਖਿਆ। ਇਹ ਮੁੰਡਾ ਦੋ ਕੁ ਦਿਨ ਪਹਿਲਾਂ ਹੀ ਉਸ ਦੀਆਂ ਕੈਬਿਨਾਂ ਵਿਚ ਆਪਣੀ ਮਾਂ ਤੇ ਭੈਣ ਕੋਲ ਆਇਆ ਸੀ। ਪਰ ਜੈਰੀ ਨੇ ਉਸ ਨੂੰ ਝੱਟ ਪਛਾਣ ਲਿਆ ਸੀ ਕਿਉਂਕਿ ਉਸ ਮੁੰਡੇ ਦੀ ਭੈਣ ਜੈਰੀ ਨੂੰ ਬਹੁਤ ਸੋਹਣੀ ਲਗਦੀ ਸੀ। ਜੈਰੀ ਨੇ ਇਕ ਪਲ ਲਈ ਮੁੰਡੇ ਵਲ ਦੇਖਦਿਆਂ ਮਨ 'ਚ ਕੁਝ ਸੋਚਿਆ ਤੇ ਫੇਰ ਕੜਕਦੀ ਆਵਾਜ਼ 'ਚ ਬੋਲਿਆ, "ਉਏ ਛੋਕਰਿਆ, ਜਦ ਬਾਕੀ ਦੇ ਸਾਰੇ ਆਪੋ ਆਪਣੀਆਂ ਕੈਬਿਨਾਂ ਨੂੰ ਚਲੇ ਗਏ ਆ ਤਾਂ ਤੂੰ ਕਿਉਂ ਨਈਂ ਗਿਆ?"

"ਮੈਨੂੰ ਐਵੀਂ ਨਿਆਣਾ ਨਾ ਸਮਝੀਂ, ਮੂੰਹ ਸੰਭਾਲ ਕੇ ਗੱਲ ਕਰ" ਮੁੰਡੇ ਨੇ ਅੱਗਿਓਂ ਗੁੱਸੇ ਵਿਚ ਜਵਾਬ ਦਿੱਤਾ।

"ਜਾਹ ਭੈਣ ਮਰਾ ਜਿਹੜੀ ਤੂੰ ਵੀ ਮਰਾਉਣੀ ਆਂ, ਖੜ੍ਹ ਫੇ ਭਣੋਈਆਂ ਆਪਣਿਆਂ ਦੇ ਕੋਲ", ਏਨਾ ਕਹਿ ਕੇ ਉਸ ਨੇ ਬੰਦੂਕ ਦੀ ਨਾਲੀ ਯੂਨੀਅਨ ਵਾਲਿਆਂ ਵਲ ਸੇਧ ਦਿੱਤੀ ਤੇ ਗੁੱਸੇ 'ਚ ਬੋਲਿਆ, "ਜੇ ਤੁਸੀਂ ਹੁਣੇ ਈ ਮੇਰੇ ਫਾਰਮ ਵਿਚੋਂ ਬਾਹਰ ਨਾ ਨਿਕਲੇ ਤਾਂ ਮੈਂ ਦੋਨਾਂ ਨੂੰ ਥਾਂ 'ਤੇ ਈ ਭੁੰਨ ਦੇਊਂ"।

ਜੈਰੀ ਦੇ ਦਿਲ ਵਿਚ ਸੀ ਕਿ ਉਸ ਦੇ ਹੱਥ ਵਿਚ ਬੰਦੂਕ ਦੇਖ ਕੇ ਉਹ ਡਰ ਕੇ ਭੱਜਣਗੇ। ਪਰ ਉਹ ਖੜ੍ਹੇ ਉਸ ਦੀ ਵਲ ਦੇਖੀ ਗਏ। ਕੁਝ ਪਲ ਤਣਾਅ ਭਰੀ ਸਥਿਤੀ ਕਾਇਮ ਰਹੀ। ਸਾਰੇ ਪਾਸੇ ਸੱਨਾਟਾ ਛਾ ਗਿਆ। ਕੈਬਿਨਾਂ ਦੇ ਆਸੀਂ ਪਾਸੀਂ ਦਰੱਖਤਾਂ ਉੱਪਰ ਚਹਿਕਦੇ ਜਾਨਵਰ ਵੀ ਡਰ 'ਚ ਚੁੱਪ ਕਰ ਗਏ ਜਾਪੇ।

ਕਿਸੇ ਹੋਰ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਉਹ ਮੁੰਡਾ ਆਪਣੇ ਹੱਥ ਵਿਚ ਫੜਿਆ ਯੂਨੀਅਨ ਵਾਲਿਆਂ ਵੱਲੋਂ ਦਿੱਤਾ ਇਸ਼ਤਿਹਾਰ ਪਰੇ ਸੁੱਟ ਕੇ ਤੇ ਛੜੱਪਾ ਮਾਰ ਕੇ ਉਹਨਾਂ ਦੇ ਅਤੇ ਜੈਰੀ ਦੇ ਦਰਮਿਆਨ ਹੋ ਕੇ ਖੜ੍ਹ ਗਿਆ।

ਮੁੰਡੇ ਦੀ ਹਿੰਮਤ ਦੇਖ ਕੇ ਚੈਰੀ ਦੇ ਦਰੱਖਤ ਨਾਲ ਖੜ੍ਹਾ ਬਜ਼ੁਰਗ ਵੀ ਉਸ ਦੇ ਵਲ ਨੂੰ ਤੁਰ ਪਿਆ ਤੇ ਜੋਸ਼ੀਲੇ ਰੌਂਅ 'ਚ ਉੱਚੀ ਉੱਚੀ ਬੋਲਿਆ, "ਸ਼ਾਬਾਸ਼ ਮੱਲਾ ਰੱਖ ਵਿਖਾਈ ਅੱਜ ਤੈਂ, ਹੋਰ ਤਾਂ ਕੋਈ ਨਈਂ ਮਾਈ ਦਾ ਲਾਲ ਕੁਸਕਿਆ ਇੱਥੇ"।

ਯੂਨੀਅਨ ਵਾਲੇ ਵੀ ਜੈਰੀ ਵਾਂਗ ਇਸ ਸਭ ਕਾਸੇ ਵਲ ਹੈਰਾਨ ਹੋਏ ਦੇਖ ਰਹੇ ਸਨ।

ਜੈਰੀ ਨੂੰ ਕਦੀ ਇਸ ਗੱਲ ਦਾ ਖਿਆਲ ਤਕ ਨਹੀਂ ਸੀ ਆਇਆ ਕਿ ਜਿਨ੍ਹਾਂ ਮਜ਼ਦੂਰਾਂ ਨੂੰ ਉਹ ਸ਼ਰ੍ਹੇਆਮ ਦਬਕੇ ਮਾਰਦਾ ਰਿਹਾ ਹੋਵੇ ਤੇ ਉਹ ਹਰ ਵਾਰੀ ਸੀਜ਼ਨ ਦੇ ਸ਼ੁਰੂ 'ਚ ਉਸ ਦੀਆਂ ਕੈਬਿਨਾਂ 'ਚ ਰਹਿਣ ਲਈ ਆ ਕੇ ਮਿੰਨਤਾਂ ਕਰਦੇ ਹੋਣ, ਉਹਨਾਂ

ਵਿਚੋਂ ਕੋਈ ਉਸ ਦੇ ਸਾਹਮਣੇ ਇਸ ਤਰ੍ਹਾਂ ਯੂਨੀਅਨ ਵਾਲਿਆਂ ਨਾਲ ਖੜ੍ਹ ਜਾਵੇਗਾ। ਆਪਣੇ ਫਾਰਮ ਵਿਚ ਇਹ ਅਜੀਬ ਗੱਲ ਵਾਪਰਦੀ ਦੇਖ ਕੇ ਉਹ ਬੌਂਦਲ ਗਿਆ ਸੀ। ਉਸ ਨੇ ਤਾਂ ਸੋਚਿਆ ਸੀ ਕਿ ਉਸ ਦੇ ਹੱਥ ਵਿਚ ਬੰਦੂਕ ਦੇਖ ਕੇ ਯੂਨੀਅਨ ਵਾਲੇ ਡਰਦੇ ਦੌੜ ਜਾਣਗੇ। ਪਰ ਇਹ ਤਾਂ ਗੱਲ ਹੀ ਉਸ ਦੀ ਆਸ ਤੋਂ ਬਿਲਕੁਲ ਉਲਟ ਹੋ ਗਈ ਸੀ।

ਬੰਦੂਕ ਦੁਆਲ਼ੇ ਉਸ ਦੇ ਹੱਥਾਂ ਦੀ ਪਕੜ ਢਿੱਲੀ ਹੋ ਗਈ। ਉਸ ਨੂੰ ਹੁਣ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਕਰੇ। ਉਹ ਗੁੱਸੇ ’ਚ ਆਪਣੀ ਪਿਕ-ਅੱਪ ਵਲ ਨੂੰ ਮੁੜਿਆ। ਤੁਰਿਆ ਜਾਂਦਾ ਇਕ ਪਲ ਲਈ ਰੁਕਿਆ ਅਤੇ ਪਿੱਛੇ ਮੁੜ ਕੇ ਬੋਲਿਆ, “ਮੈਂ ਤੁਹਾਨੂੰ ਕੱਲ੍ਹੇ ਕੱਲ੍ਹੇ ਨੂੰ ਦੇਖ ਲਊਂਗਾ, ਮੈਂ ਕੋਈ ਕੱਲ੍ਹ ਨਈਂ ਜੰਮਿਆ, ਮੈਨੂੰ ਪਤਾ ਤੁਹਾਡੇ ਅਰਗਿਆਂ ਨੂੰ ਕਿਵੇਂ ਠੀਕ ਕਰੀਦਾ”।

ਉਹ ਪਿਕ-ਅੱਪ ਵਿਚ ਜਾ ਬੈਠਾ। ਪਿਕ-ਅੱਪ ਦਾ ਦਰਵਾਜ਼ਾ ਬੰਦ ਕਰਨ ਲੱਗੇ ਨੂੰ ਉਸ ਨੂੰ ਝਉਲਾ ਜਿਹਾ ਪਿਆ ਜਿਵੇਂ ਕੈਬਿਨਾਂ ਦੇ ਦਰਵਾਜ਼ੇ ਹੌਲ਼ੀ ਹੌਲ਼ੀ ਖੁੱਲ੍ਹ ਰਹੇ ਹੋਣ। ਉਸ ਦੀਆਂ ਅੱਖਾਂ ਅੱਗੇ ਹਨੇਰਾ ਜਿਹਾ ਪੱਸਰਨ ਲੱਗਾ। ਜਦੋਂ ਉਸ ਨੇ ਪਿਕ-ਅੱਪ ਤੋਰੀ ਤਾਂ ਉਸ ਨੂੰ ਜਾਪਿਆ ਜਿਵੇਂ ਉਸ ਦੀ “ਨ੍ਹੇਰੀ” ਲੋਕਾਂ ਦੇ ਤੂਫਾਨ ਤੋਂ ਬਚਣ ਲਈ ਵਾਹੋ ਦਾਹੀ ਭੱਜ ਪਈ ਹੋਵੇ।

❍●❍●❍●

# ਚੱਕਰ

"ਭਾ ਜੀ ਤੁਸੀਂ ਪਹਿਲੇ ਇਕ ਡਰਿੰਕ ਲੋ - ਬਾਕੀ ਕੀ ਬਾਤ ਬਾਦ ਮੇ ਕਰੇਂਗੇ"।

"ਦੇਖ ਡੇਲ ਸਿਹਾਂ ਮੈਂ ਤੈਨੂੰ ਕਈ ਵਾਰੀ ਦੱਸ ਚੁੱਕਾਂ - ਤੂੰ ਹੁਣ ਹਟ ਜਾ ਇਹਨਾਂ ਚਾਲਿਆਂ ਤੋਂ। ਸਾਲ਼ਿਆ ਕੋਈ ਕੰਮ ਨਾ, ਕਾਰ ਨਾ, ਸਵੇਰੇ ਈ ਨਸ਼ੇ ਨਾਲ ਰੱਜਿਆਂ ਫਿਰਦਾਂ"।

"ਭਾ ਜੀ ਵੋ ਤੁਮਾਰੀ ਬਾਤ ਠੀਕ ਹੈ - ਮੈਂ ਮੰਨਦਾ ਹੂੰ - ਲੇਕਨ ਹੁਣ ਤੋਂ ਮੁਝੇ ਏਕ ਨਵੀਂ ਜਾਬ ਮਿਲੀ ਹੈ ਨਾ"।

"ਨਵੀਂ ਜਾਬ ਤੈਨੂੰ ਕਿਹੜੀ ਮਿਲ ਗਈ ਏਦਾਂ ਦੀ। ਕਮਲ਼ਾ ਨਾ ਬਣਿਆਂ ਕਰ। ਹੁਣ ਤੂੰ ਐਂ ਕਰ - ਜਾਹ ਘਰ ਜਾ ਕੇ ਸੌਂ। ਕੱਲ੍ਹ ਨੂੰ ਵੇਲੇ ਸਿਰ ਉੱਠ ਕੇ ਆ ਜਾਈਂ, ਕੰਮ ਬਹੁਤ ਆ ਇਸ ਵੀਕੇ ਆਪਣੇ ਕੋਲ"।

"ਅਬ ਹਮ ਕਾਮ ਨਹੀਂ ਕਰਤੇ ਭਾ ਜੀ - ਤੁਮ ਬਾਤ ਸਮਝੋ - ਅਪਨੇ ਕੋ ਨਈ ਜਾਬ ਮਿਲੀ - ਫਸਟ ਕਲਾਸ"।

"ਸਿਰ ਦੇਖ ਕਿਵੇਂ ਮਾਰਦਾ ਆ। ਸਾਲ਼ਿਆ ਛਿੱਟ ਦਾਰੂ ਦੀ ਨਾਲ ਈ ਤੇਰਾ ਸਾਰਾ ਸਰੀਰ ਡਿਸਕੋ ਕਰਨ ਲੱਗ ਪੈਂਦਾ ਆ, ਕੁਛ ਖਾਇਆ ਪੀਆ ਕਰ। ਕਿਤੇ ਐਦਾਂ ਈ ਦਾਰੂ ਪੀ ਕੇ ਹਿਲਦੇ ਨੇ ਟੁੱਟ ਜਾਣਾ ਆਂ ਤੈਂ"।

"ਭਾ ਜੀ ਹਮ ਆਪ ਜੈਸੇ ਪਹਿਲਵਾਨ ਤੋਂ ਹੈ ਨਹੀਂ, ਲੇਕਨ ਫਿਰ ਵੀ ਤੁਮ ਹਮਾਰੀ ਫਿਕਰ ਨਾ ਕਰੋ, ਆਪਾਂ ਇਕ ਦੰਮ ਸ੍ਟੀਲ ਆਂ ਕਦੀ ਟੁੱਟਣ ਨਈਂ ਲੱਗਾ। ਅਬ ਏਕ ਲੋ ਨਾ ਡਰਿੰਕ। ਹਮਾਰੀ ਖੁਸੀ ਕੋ ਤੁਮ ਆਪਣੀ ਖੁਸੀ ਨਹੀਂ ਮੰਨਦੇ ਕਿਆ। ਲੋ ਏਕ ਤੋ ਜ਼ਰੂਰ ਪੀਓ"।

"ਤੇਰੇ 'ਤੇ ਕੋਈ ਗੁੱਸਾ ਵੀ ਭਲਾ ਕੀ ਕਰੇ? ਇਕ ਤੂੰ ਉੱਦਾਂ ਗੱਲ ਕਰਦਾ ਹਵਾ 'ਚ ਬਾਂਸ ਆਂਗ ਝੂਲਦਾ ਰਹਿੰਨਾਂ, ਦੂਜੀ ਤੇਰੀ ਬੋਲੀ ਇੱਦਾਂ ਦੀ ਆ ਪਈ ਤੂੰ ਜਦੋਂ ਵੀ ਗੱਲ ਕਰਦਾਂ ਆਪਣੇ ਆਪ ਹਾਸਾ ਆ ਜਾਂਦਾ ਆ। ਸਾਲ਼ਿਆ ਫੀਜੀ 'ਚ ਇਹ ਕਿਹੜੀ ਬੋਲੀ ਬੋਲਦੇ ਰਹੇਂ ਆਂ ਤੁਸੀਂ। ਨਾ ਇਹ ਪੰਜਾਬੀ ਆ ਨਾ ਹਿੰਦੀ ਆ, ਨਾ ਗੁਜਰਾਤੀ, ਤੇ ਵਿਚੇ ਅੱਧੀ ਅੰਗਰੇਜ਼ੀ ਬੋਲਦਾ ਰਹਿੰਦਾ ਆਂ ਤੂੰ"।

"ਬੋਲੀ ਕਾ ਕਿਆ ਹੈ ਭਾ ਜੀ ਅਬ ਕਨੇਡਾ ਮੇਂ ਹੈਂ ਤਾਂ ਅੰਗਰੇਜੀ ਬੋਲੇਂਗੇ। ਬਾਪ ਦਾਦਾ ਤੋਂ ਹਮਾਰੇ ਪੰਜਾਬ ਸੇ ਗਏ ਥੇ ਫੀਜੀ ਕੋ। ਲੇਕਿਨ ਉੱਧਰ ਹਿੰਦੀ ਜ਼ਿਆਦਾ ਬੋਲਤੇ ਥੇ ਤੋ ਸਭ ਨੇ ਹਿੰਦੀ ਬੋਲਨੀ ਸ਼ੁਰੂ ਕਰ ਦਿੱਤੀ"।

"ਉਹ ਤਾਂ ਮੈਨੂੰ ਪਤਾ ਤੇਰੇ ਵੱਡੇ ਪੰਜਾਬ ਤੋਂ ਈ ਗਏ ਸੀ ਪਰ ਜਿੱਦਾਂ ਤੂੰ ਸਭ ਕੁਝ ਮਿਕਸ ਕਰ ਦਿੰਨਾਂ ਉਹ ਬੜਾ ਫੱਨੀ ਲਗਦਾ ਆ"।

"ਹਾਂ ਹਾਂ ਹੱਸੋ ਭਾ ਜੀ ਤੁਮ ਖ਼ੂਬ ਹਸੋਂ ਹਮ ਪਰ। ਆਪ ਹਮਾਰੇ ਭਾ ਜੀ ਠਹਿਰੇ ਨਾ। ਲੇਕਿਨ ਅੱਜ ਹਮਾਰੀ ਖੁਸੀ ਤੇ ਹੱਸੋ, ਹਮ ਪੇ ਨਹੀਂ"।

"ਖ਼ੁਸ਼ੀ ਤੇਰੀ ਦਾ ਪਤਾ ਵੀ ਲੱਗੇ"।

"ਇਹ ਤਾਂ ਹੋਈ ਨਾ ਬਾਤ। ਤੇ ਫਰਾਈਡ ਚਿਕਨ ਕਾ ਪੀਸ ਵੀ ਸਾਥ ਲੋ। ਖਾਸ ਆਪ ਕੇ ਲਈ ਹੀ ਤੋ ਲਾਇਆ ਹੂੰ। ਹਾਂ ਹਾਂ ਬੋਲੋ ਸਰਾਬ ਕੈਸੀ ਲੱਗੀ? ਤੇ ਘਰ ਕਾ ਮਾਲ ਹੈ ਏਕ ਦੰਮ ਜ਼ਾਲਮ"।

"ਇਹ ਕਿਧਰੋਂ ਹੱਥ ਲੱਗ ਗਿਆ ਤੇਰੇ?"

"ਬੱਸ ਅਬ ਤੁਮ ਦੇਖਦੇ ਜਾਓ, ਤੇ ਨਸਾ ਕਿਆ, ਔਰ ਬਹੁਤ ਕੁਛ ਹਾਥ ਲਗੇਗਾ ਅਪਨੇ"।

"ਕੁਛ ਦੱਸੇਂਗਾ ਵੀ ਕਿ ਸਵੇਰ ਦੀ ਪੀਤੀ ਮੇਰੇ 'ਤੇ ਈ ਖੇੜੀਂ ਜਾਵੇਂਗਾ"।

"ਦੱਸੇਂਗੇ ਦੱਸੇਂਗੇ ਭਾ ਜੀ ਖੁਲ ਕਰ ਦੱਸੇਂਗੇ ਪਹਿਲੇ ਜਰਾ ਤੁਮ ਮੂਡ 'ਚ ਤਾਂ ਆਓ"।

"ਲਗਦਾ ਅੱਜ ਕੰਮ ਨਈਂ ਕਰਨ ਦਿੰਦਾ ਤੂੰ ਮੈਨੂੰ"।

"ਅਰੇ ਭਾ ਜੀ ਤੁਮ ਸ਼ਹਿਨਸ਼ਾਹ ਬੰਦੇ ਹੋ, ਤਹਾਨੂੰ ਕੀ ਗਾਹਟਾ। ਏਕ ਦਿਨ ਕੰਮ ਨਾ ਵੀ ਕੀਆ ਤਾਂ ਕਿਆ ਤੇਰੀ ਕਿਸ੍ਹਤ ਟੁੱਟ ਜਾਣੀ ਏ। ਹਮਾਰੀ ਤਰਫ ਦੇਖੋ ਕੋਈ ਫਿਕਰ ਈ ਨਹੀਂ ਹੈ, ਔਰ ਉੱਪਰ ਸੇ ਯੇ ਨਈ ਜਾਬ ਮਿਲ ਗਈ ਆਪਾਂ ਕੋ। ਅੱਬ ਆਪਾਂ ਕਿਸੇ ਦੀ ਪਰਵਾਹ ਨਈਂ ਮੰਨਦੇ। ਅੱਛਾ ਬੋਲੋ ਮਾਲ ਕੈਸਾ ਲੱਗਾ?"

"ਸ਼ਰਾਬ ਤਾਂ ਤੇਰੀ ਸੱਚੀਂ ਬਹੁਤ ਖਰੀ ਆ, ਤੇਰੇ ਹੱਥ ਲੱਗੀ ਕਿਥੋਂ ਏਨੀ ਵਧੀਆ ਚੀਜ? ਕਿਸੇ ਖਾਸ ਜਾਣਕੀਰ ਬੰਦੇ ਦੀ ਬਣਾਈ ਚੀਜ ਆ?"

"ਹਾਂ ਬੰਦਾ ਵੀ ਖਾਸ ਈ ਹੈ ਭਾ ਜੀ। ਔਰ ਕੱਲ੍ਹੀ ਸ਼ਰਾਬ ਈ ਨਹੀਂ ਅੱਬ ਹੋਰ ਵੀ ਬਹੁਤ ਕੁਛ ਲੱਗੇਗਾ ਹਮਾਰੇ ਹਾਥ ਤੁਮ ਦੇਖਤੇ ਰਹਿਨਾ। ਹਮ ਨੇ ਵੀ ਅੱਛੇ ਕਰਮ ਕੀਏ ਹੈ ਪਿਛਲੇ ਜਨਮ ਮੇਂ। ਬਸ ਉਸੀ ਕੇ ਬਦਲੇ ਮੇਂ ਯੇ ਕਿਸਮਤ ਮਿਲੀ ਹੈ ਆਪਾਂ ਨੂੰ। ਅਰੇ ਆਪ ਔਰ ਲੋ ਨਾ ਥੋੜ੍ਹੀ ਹੋਰ"।

"ਥੋੜ੍ਹੀ ਪਾ ਕੰਜਰਾ, ਅਜੇ ਤਾਂ ਸਵੇਰ ਦਾ ਦਾਂ ਨਾਲ ਕੁਛ ਖਾਧਾ ਵੀ ਨਹੀਂ। ਅੱਜ ਫਰਾਈਡੇ ਸੀ, ਜਾਂ ਤਾਂ ਤਕਾਲਾਂ ਨੂੰ ਆਉਂਦਾ ਫੇਰ ਤਾਂ ਤੇਰੇ ਨਾਲ ਬੈਠ ਕੇ ਪੀ ਵੀ ਲੈਂਦੇ ਚੰਗੀ ਤਰ੍ਹਾਂ"।

“ਤਕਾਲਾਂ ਕੋ ਵੀ ਪੀ ਲਾਂ ਗੇ। ਤਕਾਲਾਂ ਕੋ ਹਮਨੇ ਕਿਆ ਕੀਰਤਨ ਕਰਨਾ, ਯਹੀ ਤਕਾਲਾਂ ਕੋ ਵੀ ਕਰੇਂਗੇ। ਅਪਨੀ ਖੁਸੀ ਕੀ ਬਾਤ ਹੈ, ਕਿਸੀ ਸੇ ਆਗਿਆ ਥੋੜ੍ਹੋ ਲੇਨੀ ਹੈ ਹਮਨੇ। ਔਰ ਆਜ ਤੋ ਖਾਸ ਖੁਸੀ ਕਾ ਮੌਕਾ ਹੈ ਨਾ”।

“ਕੁਛ ਪੱਲੇ ਤਾਂ ਪਾਉਂਦਾ ਨਈਂ ਕਾਹਦੀ ਤੇਰੀ ਖੁਸ਼ੀ ਕੀ ਬਾਤ ਹੈ। ਕਿੱਡਾ ਸਾਲ਼ੇ ਦਾ ਵਿਆਹ ਧਰਿਆ ਇਹਦਾ”।

“ਅਰੇ ਭਾ ਜੀ ਕੁਸ ਐਸੀ ਹੀ ਗੱਲ ਹੈ। ਸ਼ਾਦੀ ਕਾ ਮਾਮਲਾ ਵੀ ਹੈ ਇਸ ਮੇਂ”।

“ਤੇਰਾ ਵੀ ਪਤਾ ਨੀ ਲਗਦਾ ਪਤੰਦਰ ਦਾ। ਕਦੀ ਤਾਂ ਕਹਿੰਨਾਂ ਨਵੀਂ ਜਾਬ ਮਿਲੀ ਆ ਤੇ ਹੁਣ ਸ਼ਾਦੀ ਦੀਆਂ ਗੱਲਾਂ ਵੀ ਕਰਨ ਲੱਗ ਪਿਆਂ”।

“ਭਾ ਜੀ ਬਾਤ ਕੁਛ ਐਸੀ ਹੀ ਹੈ ਗੋਲ ਮੋਲ ਸੀ। ਜਾਬ ਵੀ ਹੈ ਔਰ ਵੀਚ ਮੇਂ ਸ਼ਾਦੀ ਕਾ ਵੀ ਚੱਕਰ ਹੈ। ਬਤਾਤੇ ਹੈਂ ਆਪ ਕੋ ਸਭ। ਜਰਾ ਔਰ ਲੋ ਨਾ”।

“ਅੱਛਾ ਮੈਂ ਆਪੇ ਪੀ ਲਉਂਗਾ ਜਿੰਨੀ ਪੀਣੀ ਹੋਈ, ਤੂੰ ਵਿਚੋਂ ਗੱਲ ਦੱਸ ਕੀ ਆ? ਕਿਹੜੀ ਲਾਟਰੀ ਨਿਕਲੀ ਆ ਤੇਰੀ?”

“ਅਰੇ ਲਾਟਰੀ ਸੇ ਕਿਆ ਬਨਤਾ ਹੈ, ਪੈਸਾ ਈ ਤੋ ਹੋਤਾ ਹੈ ਸਿਰਫ ਉਸ ਮੇ, ਯੇ ਉਸ ਸੇ ਕਹੀਂ ਅੱਛੀ ਖਬਰ ਹੈ”।

“ਸਹੁਰਿਆ ਬਕ ਵੀ ਹੁਣ ਕੁਛ”।

“ਨਰਾਜ ਨਾ ਹੋ ਭਾ ਜੀ। ਬਤਾਏ ਦੇਤੇ ਹੈ ਆਪ ਨੂੰ ਖੁਸੀ ਕੀ ਬਾਤ ਵੀ। ਹਾਂ ਅਰੇ ਘੜੀ ਕੀ ਤਰਫ ਦੇਖੋ ਵਕਤ ਵੀ ਤੋ ਕਾਫੀ ਹੋ ਗਿਆ ਹੈ ਨਾ, ਮੇਰਾ ਬਾਸ ਵੀ ਤੋ ਵਾਪਸ ਆ ਜਾਏਗਾ”।

“ਬਾਸ ਕਿਹੜਾ ਉਏ ਤੇਰਾ?”

“ਵੋਹੀ ਜੋ ਅਬੀ ਮੈਨੂੰ ਏਥੇ ਛੋਡ ਕੇ ਗਿਆ ਹੈ, ਉਹੀ ਮੇਰਾ ਬਾਸ ਹੈ ਨਾ”।

“ਮੇਰੇ ਕੋਲ ਏਨੀ ਦੇਰ ਕੰਮ ਕਰਦਾ ਰਿਹਾਂ, ਮੈਨੂੰ ਤਾਂ ਬਾਸ ਕਿਹਾ ਨਹੀਂ ਤੈਂ ਕਦੀ”।

“ਆਪ ਤੋ ਹਮਾਰੇ ਭਾ ਜੀ ਠਹਿਰੇ ਬਾਸ ਥੋੜ੍ਹੀ ਹੈਂ। ਆਪਕੇ ਸਾਥ ਤੋ ਹਮਾਰਾ ਪਿਆਰ ਹੈ ਭਾ ਜੀ”।

“ਉਹ ਤੇਰਾ ਕਾਹਦਾ ਬਾਸ ਆ? ਇਹ ਉਹੀ ਬੰਦਾ ਨਈਂ ਸੀ ਜਿਹਦੀ ਬੇਸਮਿੰਟ ਵਿਚ ਤੂੰ ਰਹਿੰਦਾ ਹੁੰਦਾ ਸੀ?”

“ਹਾਂ ਉਹੀ ਹੈ, ਅਬ ਭੀ ਮੈਂ ਉੱਥੇ ਹੀ ਰਹਿਤਾ ਹੂੰ ਨਾ”।

“ਅੱਗੇ ਤਾਂ ਤੂੰ ਦੱਸਦਾ ਹੁੰਦਾ ਸੀ ਪਈ ਬੜਾ ਕੱਟੜ ਜਿਹੀ ਕਿਸਮ ਦਾ ਧਾਰਮਿਕ ਜਿਹਾ ਬੰਦਾ ਆ”।

“ਪਹਿਲੇ ਹੁੰਦਾ ਸੀ ਥੋੜ੍ਹਾ, ਕਭੀ ਕਭੀ ਐਸੀ ਬਾਤੇਂ ਕਰਤਾ ਥਾ, ਅਬ ਤੋ ਨਹੀਂ ਹੈ। ਬੜਾ ਖਾਨੇ ਪੀਨੇ ਵਾਲਾ ਆਦਮੀ ਹੈ”।

“ਅੱਛਾ”

“ਉਸੀ ਨੇ ਮੁਝੇ ਹਾਇਰ ਕੀਆ ਹੈ ਨਾ ਅਪਨੇ ਕਾਮ ਕੇ ਲਈ”।

“ਉਹਨੇ ਆਪਣੇ ਕਿਹੜੇ ਕੰਮ ਲਈ ਤੈਨੂੰ ਹਾਇਰ ਕਰ ਲਿਆ ਬਈ”।

“ਵਾਹ ਵਾਹ ਨਸਾ ਤੋ ਏਕ ਦੰਮ ਕਮਾਲ ਕਾ ਹੈ। ਮੂੰਹ ਮੇਂ ਵੱਖਰਾ ਈ ਸੁਆਦ ਛੋੜ ਦੇਤਾ ਹੈ, ਹੈ ਨਾ? ਭਾ ਜੀ ਆਪ ਵੀ ਏਕ ਡਰਿੰਕ ਔਰ ਲੋ ਨਾ”।

“ਦੇਖ ਸਾਲ਼ਾ ਸਿਰ ਕਿੱਦਾਂ ਮਾਰਦਾ ਜਿੱਦਾਂ ਕੱਟੀ ਦੇ ਮੱਖੀਆਂ ਲੜਦੀਆਂ ਹੋਣ। ਥੋੜ੍ਹੀ ਡੱਫ ਸਹੁਰਿਆ ਸਵੇਰੇ ਸਵੇਰੇ। ਹੋਰ ਦੋ ਮਿੰਟਾਂ ਤਕ ਤੈਂ ਐਥੇ ਈ ਮੂਧਾ ਹੋ ਜਾਣੈ”।

“ਰਾਤ ਭਰ ਸੇ ਪੀਤੇ ਰਹੇਂ ਹਮ, ਬਸ ਅਬ ਘਰ ਜਾ ਕਰ ਸੋ ਜਾਏਂਗੇ। ਮੈਂ ਨੇ ਅਪਨੇ ਬਾਸ ਸੇ ਕਹਾ ਕਿ ਪਹਿਲੇ ਮੈਂ ਅਪਨੇ ਭਾ ਜੀ ਕੇ ਸਾਥ ਬਹੁਤ ਜ਼ਰੂਰੀ ਬਾਤ ਕਰਨੀ ਹੈ, ਸੋ ਆ ਗਿਆ”।

“ਦੱਸਿਆ ਤਾਂ ਅਜੇ ਤਕ ਤੈਂ ਕੁਛ ਹੈ ਨਈਂ”।

“ਬਤਾਨੇ ਤੋ ਲਗਾ ਥਾ। - ਤੇ ਜੋ ਭਾਈ ਸੈਬ ਹੈ ਨਾ ਜਿਸ ਕੇ ਪਾਸ ਮੈਂ ਰਹਿਤਾ ਹੂੰ। ਬਸ ਇਸੀ ਨੇ ਦੀ ਹੈ ਜਾਬ ਮੁਝੇ”।

“ਜਾਬ ਦਿੱਤੀ ਆ ਤੈਨੂੰ?”

“ਹਾਂ ਹਾਂ ਭਾ ਜੀ ਜਾਬ। ਔਰ ਜਾਬ ਭੀ ਮਜੇ ਕੀ ਦੀ ਹੈ। “ਬੋਲਾ ਡੇਲ ਸਾਬ ਤੁਮ ਹਮਾਰੇ ਸਿਰ ਪੇ ਐਸ਼ ਕਰੋ।” ਮੈਂ ਨੇ ਕਹਾ ਤੋ ਕਰਾਈਏ ਭਾਈ ਸੈਬ ਮੈਨੂੰ ਕੀ ਇਤਰਾਜ ਹੈ”।

“ਬਿਨਾਂ ਈ ਕਿਸੇ ਗੱਲ ਤੋਂ ਤੈਨੂੰ ਐਸ਼ ਕਰਾਊਗਾ ਉਹੋ?”

“ਅਰੇ ਗੱਲ ਤੋ ਹੈ ਬੀਚ ਮੇਂ, ਐਸਾ ਨਹੀਂ ਹੈ, ਬਾਤ ਤੋ ਅਬੀ ਆਪ ਕੋ ਮੈਂ ਨੇ ਬਤਾਈ ਨਹੀਂ ਨਾ। ਔਰ ਨਹੀਂ ਲੇਂਗੇ ਆਪ?”

“ਮੈਨੂੰ ਤਾਂ ਲਗਦਾ ਡੇਲ ਤੂੰ ਕੁਛ ਦੱਸਣਾ ਵੀ ਨਈਂ। ਤੇਰਾ ਤਾਂ ਹੁਣ ਸਰ ਗਿਆ ਲਗਦਾ”।

“ਭਾ ਜੀ ਤੁਮ ਡੇਲ ਕੋ ਨਹੀਂ ਜਾਨਤੇ ਹੋ, ਇਤਨੀ ਛੇਤੀਂ ਨਹੀਂ ਸਰਤਾ ਅਪਨਾ”।

“ਤੂੰ ਚੇਅਰ ਤੋ ਨਾ ਡਿੱਗ ਪਈਂ ਭਰਾਵਾ, ਸਿੱਧਾ ਹੋ ਕੇ ਬੈਠ। ਨਾਲੇ ਆਹ ਸਿਗਰਟ ਦਾ ਧੂੰਆਂ ਪਰਾਂਹ ਨੂੰ ਮਾਰ। ਸਾਲ਼ਾ ਬੰਗਿਆਂ ਆਲ਼ੇ ਇੰਜਣ ਜਿੰਨਾ ਧੂੰਆਂ ਛੱਡਦਾ”।

"ਆਪ ਸਿਗਰਟ ਸੇ ਬੜੇ ਚਲਤੇ ਹੈਂ ਮੇਰਾ ਬਾਸ ਤੋ..."

"ਅੱਛਾ ਹੁਣ ਤੂੰ ਸਿੱਧੀ ਗੱਲ ਦੱਸ ਵਿਚੋਂ ਕੀ ਆ?"

"ਅੱਛਾ ਤੋ ਯੇ ਜੋ ਮੇਰਾ ਬਾਸ ਹੈ ਨਾ, "ਕਹਿਨੇ ਲੱਗਾ ਡੇਲ ਤੁਮ ਅਬ ਐਸ਼ ਕਰੋ ਔਰ ਹਮਾਰਾ ਏਕ ਕਾਮ ਕਰ ਦੋ।" ਮੈਂ ਬੋਲਿਆ ਕਾਮ ਕਿਆ ਹੈ ਭਾਈ ਸਾਬ? ਤੋ ਕਹਿਨੇ ਲੱਗਾ "ਕਾਮ ਵੀ ਬਤਾਤਾ ਹੂੰ ਪਹਿਲੇ ਹਾਂ ਤੋ ਕਰੋ ਕਿ ਤੁਮ ਮੇਰਾ ਕਾਮ ਕਰੋਗੇ?" ਮੈਂ ਬੋਲਿਆ ਕਾਮ ਬਤਾਇਆ ਨਹੀਂ ਤੋਂ ਯੈਸ ਕੈਸੇ ਕਹਿ ਦਿਆਂ। ਕਹਿਨੇ ਲਗਾ "ਆਪ ਕੋ ਤੋਂ ਮਾਲਮ ਹੀ ਹੈ ਕਿ ਮੇਰੀ ਘਰ ਵਾਲ਼ੀ ਕੈਸੇ ਮੁਝ ਸੇ ਲੜਤੀ ਝਗੜਤੀ ਰਹਿਤੀ ਹੈ।" ਮੈਂ ਨੇ ਕਹਾ ਹਾਂ ਭਾਈ ਸਾਬ ਵੋ ਤੋ ਹੈ ਈ"।

"ਤੈਨੂੰ ਪਤਾ ਪਈ ਉਹਨਾਂ ਦਾ ਲੜਾਈ ਝਗੜਾ ਹੁੰਦਾ ਰਹਿੰਦਾ ਆ?"

"ਮੁਝੇ ਸਭ ਮਾਲਮ ਹੈ। ਤੇ ਸਰਾਬ ਪੀਤਾ ਹੈ ਔਰ ਉਸਕੇ ਭਾਈਓਂ ਕੋ ਗਾਲੀ ਦੇਤਾ ਹੈ। ਵੋ ਇਸਕੋ ਘਰ ਸੇ ਬਾਹਰ ਨਿਕਾਲ ਦੇਤੀ ਹੈ। ਮੇਰੇ ਪਾਸ ਹੀ ਤੋ ਫਿਰ ਆਤਾ ਹੈ ਰਾਤ ਕੋ"।

"ਤੇਰੇ ਨਈਂ ਚਾਰ ਛਿੱਤਰ ਮਾਰਦੀ ਉਹੋ"।

"ਭਾ ਜੀ ਮੇਰੇ ਕਿਉਂ ਛਿੱਤਰ ਮਾਰੇਗੀ ਵੋਹ? ਪਾਂਚ ਸੌ ਬੇਸਮਿੰਟ ਕਾ ਕਿਰਾਇਆ ਦੇਤਾ ਹੂੰ, ਔਰ ਉਸਕੇ ਸਰਾਬੀ ਖਾਵੰਦ ਕੋ ਸਾਂਭ ਲੇਤਾ ਹੂੰ। ਬੋਲੋ ਕਿਉਂ ਮਾਰੇਗੀ ਮੁਝੇ? ਤੁਮ ਨਹੀਂ ਜਾਨਤੇ ਬਹੁਤ ਸਮਾਰਟ ਔਰਤ ਹੈ ਵੋ ਭੀ, ਉਸ ਨੇ ਸਭ ਹਿਸਾਬ ਕਤਾਬ ਲਗਾਇਆ ਹੂਆ ਹੋਤਾ ਹੈ। ਵੈਸੇ ਭੀ ਆਪ ਮੇਰੀ ਫਿਕਰ ਨਾ ਕਰੋ, ਕੌਨ ਮਾਰੇਗਾ ਮੁਝੇ?"

"ਗੱਲ ਤਾਂ ਤੇਰੀ ਠੀਕ ਆ ਤੈਂ ਹੱਥ ਲਾਏ ਤੇ ਡਿੱਗ ਪੈਣਾ ਆਂ ਅਗਲਾ ਜੇਲ ਤੁਰਿਆ ਫਿਰੂ"।

"ਅੱਛਾ ਛੋੜੋ ਮੇਰੀ ਬਾਤ, ਆਪਕੋ ਖੁਸੀ ਕੀ ਬਾਤ ਬਤਾਤਾ ਹੂੰ। ਤੋ ਯੇ ਸਾਬ ਬੋਲੇ ਕਿ ਮੈਂ ਆਪਨੀ ਜਨਾਨੀ ਕੋ ਸਬਕ ਸਿਖਾਨਾ ਚਾਹਤਾ ਹੂੰ। ਤੋ ਏਸ ਨੇ ਮੁਝੇ ਦੱਸਿਆ ਕਿ ਜਬ ਪਿਛਲੇ ਸਾਲ ਦੇਸ ਕੋ ਗਿਆ ਥਾ ਤਾਂ ਵਹਾਂ ਏਕ ਔਰ ਔਰਤ ਸੇ ਸ਼ਾਦੀ ਰਚਾ ਲੀ ਏਸ ਨੇ"।

"ਜਾ ਉਏ ਏਦਾਂ ਕਿੱਦਾਂ ਕਰ ਸਕਦਾ ਆ ਉਹੋ? ਸਿਆਣਾ ਬਿਆਣਾ ਬੰਦਾ ਆ"।

"ਦੇਖਨੇ ਕੋ ਹੀ ਲਗਤਾ ਹੈ। ਭਾ ਜੀ ਤੁਮ ਬਹੁਤ ਸੀਧੇ ਸਾਧੇ ਹੋ, ਤੁਮ ਤੋ ਸਮਝਤੇ ਹੋ ਕਿ ਜਿਸ ਨੇ ਭੀ ਪਗੜੀ ਬੰਧੀ ਉਹ ਧਰਮਾਤਮਾ ਹੋਤਾ ਹੈ, ਐਸਾ ਨਹੀਂ ਹੈ ਭਾ ਜੀ ਇਸ ਦੁਨੀਆਂ ਮੇਂ। ਯੇ ਸਾਬ ਭੀ ਦੇਖਨੇ ਕੋ ਐਸੇ ਲਗਤੇ ਹੈ ਅੰਦਰ ਸੇ ਬਾਤ ਛੋੜੀਏ"।

"ਅੱਛਾ ਇਹਨੇ ਦੱਸਿਆ ਨਈ ਕਿਸੇ ਨੂੰ ਪਈ ਮੈਂ ਵਿਆਹ ਕਰਾ ਕੇ ਆਇਆਂ?"

"ਕਿਸੀ ਕੋ ਵੀ ਨਹੀਂ ਬਤਾਇਆ, ਬਸ ਇਕੱਲ੍ਹਾ ਮੁਝੇ ਹੀ ਬਤਾਇਆ ਹੈ"।

“ਜਦੋਂ ਦਾ ਦੇਸੋਂ ਆਇਆ ਆਪਣੀ ਜਨਾਨੀ ਦੇ ਨਾਲ ਈ ਰਹੀ ਜਾਂਦਾ ਆ ਪਰ ਉਹਨੂੰ ਦੱਸਿਆ ਕੁਛ ਨਹੀਂ?”

“ਹਾਂ ਤੋ ਔਰ ਕਿਆ। ਆਪ ਤੋ ਏਕ ਦੰਮ ਸੀਧੇ ਹੈ ਖੰਭੇ ਕੀ ਤਰ੍ਹਾਂ ਭਾ ਜੀ, ਆਪ ਕੋ ਨਹੀਂ ਮਾਲੂਮ ਦੁਨੀਆ ਕਿਆ ਕਰਤੀ ਹੈ ਅੱਜ ਕਲ। ਤੇ ਦੋਨੋ ਮਰਦ ਔਰਤ ਏਕ ਦੂਸਰੇ ਕੇ ਸਾਥ ਉੱਪਰ ਸੇ ਠੀਕ ਹੈਂ, ਅੰਦਰ ਸੇ ਏਕ ਦੂਸਰੇ ਸੇ ਹਰ ਬਾਤ ਕੀ ਚੋਰੀ ਰਖਤੇ ਹੈਂ ਯੇ। ਏਕ ਦੂਸਰੇ ਕੇ ਖਿਲਾਫ ਨਫਰਤ ਸੇ ਭਰੇ ਹੂਏ ਹੈਂ। ਵੋ ਭੀ ਤੋ ਮੁਝੇ ਬਹੁਤ ਕੁਛ ਬਤਾ ਦੇਤੀ ਹੈ ਇਸ ਕੇ ਬਾਰੇ ਮੇਂ। ਹਾਂ ਐਸਾ ਹੈ ਭਾ ਜੀ। ਅਬ ਐਸਾ ਕਰੋ ਕਿ ਏਕ ਡਰਿੰਕ ਤੁਮ ਹੋਰ ਲੇ ਲੋ”।

“ਪਹਿਲਾਂ ਗੱਲ ਤਾਂ ਪੂਰੀ ਕਰ ਲੈ”।

“ਗੱਲ ਤੋ ਹੋ ਗਈ ਪੂਰੀ। ਯੇ ਸਾਬ ਅੱਬ ਚਾਹਤੇ ਹੈਂ ਕਿ ਮੈਂ ਇਸਕੀ ਦੂਸਰੀ ਬੀਵੀ ਕੋ ਪੰਜਾਬ ਸੇ ਯਹਾਂ ਮੰਗਾ ਦੂੰ। ਯਾਨੀ ਅਪਨੀ ਤਰਫ ਸੇ ਉਸਕੀ ਇਮੀਗਰੇਸਨ ਕੀ ਚਿੱਠੀ ਭਰਾਂ”।

“ਤਾਂ ਇਹ ਆ ਤੇਰੀ ਜਾਬ”।

“ਹਾਂ ਯੇ ਹੈ ਹਮਾਰੀ ਨਈ ਜਾਬ। ਅਬ ਬੋਲੋ ਕਿਆ ਕਹਿਤੇ ਹੋ, ਹੈ ਨਾ ਖੁਸੀ ਕੀ ਬਾਤ? ਜਿਤਨੀ ਦੇਰ ਵੋਹ ਨਹੀਂ ਆਤੀ ਹਮ ਐਸ ਕਰੇਂਗੇ। ਦਾਰੂ ਭਾਈ ਸਾਬ ਖੁਦ ਘਰ ਹੀ ਬਨਾ ਲੇਤੇ ਹੈਂ। ਖਰਚ ਪਾਨੀ ਭੀ ਦੇਤੇ ਰਹੇਂਗੇ। ਔਰ ਮੁਝੇ ਕਿਆ ਚਾਹੀਏ?”

‘ਤੇ ਜੇ ਤੂੰ ਫਸ ਗਿਆ?”

“ਕਿਆ ਫਸ ਗਿਆ ਭਾ ਜੀ, ਯਹਾਂ ਤੋ ਕਤਲ ਕਰ ਕੇ ਲੋਕ ਬਚ ਜਾਂਦੇ ਆ। ਹਮਨੇ ਤੋ ਥੋੜ੍ਹਾ ਸਾ ਇਮੀਗਰੇਸਨ ਕੇ ਪਾਸ ਝੂਠ ਈ ਬੋਲਨਾ ਹੈ। ਵੈਸੇ ਝੂਠ ਵੀ ਕਿਆ ਹੈ। ਹਮ ਕਹਾਂ ਸਾਦੀ ਸੁਦਾ ਹੈਂ ਕਿ ਕੋਈ ਸੱਕ ਕਰੇ”।

“ਤੈਨੂੰ ਕਿਹਾ ਤਾਂ ਹੈ ਬਈ ਕਰਾ ਲੈ ਵਿਆਹ, ਤੂੰ ਮੰਨੇਂ ਵੀ ਕਿਸੇ ਤਰ੍ਹਾਂ”।

“ਅਬ ਸਾਦੀ ਨਹੀਂ ਕਰਾਨੀ ਹੈ ਹਮ ਨੇ, ਏਕ ਦਫਾ ਕਰਾ ਕਰ ਦੇਖ ਲੀ। ਬੱਸ। ਵੈਸੇ ਬਹੁਤ ਬੁਰਾ ਕੀਆ ਉਸ ਔਰਤ ਨੇ ਮੇਰੇ ਸਾਥ ਭਾ ਜੀ”।

“ਬੁਰਾ ਉਹਨੇ ਕੀਤਾ ਕਿ ਤੂੰ? ਚਿੜੀ ਜਿੰਨੀ ਜਾਨ ਆਂ ਤੇਰੇ ’ਚ ਤਾਂ ਤੂੰ ਦਾਰੂ ਪੀ ਕੇ ਉਹਨੂੰ ਕੁੱਟਣ ਤੁਰ ਪੈਂਦਾ ਸੀ”।

“ਤੋ ਕਿਆ ਦੂਸਰੇ ਲੋਕ ਐਸਾ ਨਹੀਂ ਕਰਤੇ? ਹਮਾਰੇ ਬਾਪ ਦਾਦਾ ਯਹੀ ਕਰਤੇ ਆਏ ਹੈਂ। ਯੇ ਸਾਲਾ ਕੈਨੇਡਾ ਕਾ ਚੱਕਰ ਈ ਕੁਸ ਐਸਾ ਹੈ”।

“ਡੇਲ ਸਿਹਾਂ ਤੂੰ ਸ਼ੁਕਰ ਕਰ ਜਨਾਨੀ ਤੇਰੀ ਸ਼ਰੀਫ ਸੀ। ਉਦੋਂ ਸਾਡੇ ਆਖੇ ਲਗ ਕੇ ਤੈਨੂੰ ਮਾਫ ਕਰ ਦਿੱਤਾ ਨਹੀਂ ਤਾਂ ਅਜੇ ਵੀ ਤੈਂ ਅੰਦਰੇ ਈ ਹੱਡੀਆਂ ਰਗੜਦੇ ਹੋਣਾ ਸੀ”।

“ਅਰੇ ਭਾ ਜੀ ਯੇ ਖੁਸੀ ਕੇ ਮੌਕੇ ਪਰ ਤੁਮ ਕਿਆ ਬਾਤੇਂ ਲੇ ਬੈਠੇ। ਲੋ ਯੇ ਆਖਰੀ ਡਰਿੰਕ ਲੋ ਔਰ ਮੇਰਾ ਬਾਸ ਅਭੀ ਆਨੇ ਵਾਲਾ ਹੀ ਹੈ ਔਰ ਮੈਂ ਚਲਾ”।

“ਡਰਿੰਕ ਦੇ ਮਾਰ ਗੋਲੀ ਤੂੰ ਸਹੁਰਿਆ ਕੋਈ ਅਕਲ ਦੀ ਗੱਲ ਕਰ। ਜੇ ਇਹਦੀ ਜਨਾਨੀ ਦੇ ਭਰਾਵਾਂ ਨੇ ਤੇਰੀਆਂ ਲੱਤਾਂ ਭੰਨੀਆਂ ਫੇਰ? ਮੇਰੀ ਮੰਨੇ ਤਾਂ ਏਸ ਚੱਕਰ ’ਚ ਨਾ ਪੈ”।

“ਅਬ ਤੋ ਪੈ ਗਏ ਭਾ ਜੀ। ਪਾਂਚ ਹਜ਼ਾਰ ਕੈਸ਼ ਦੀਆ ਹੈ ਏਸ ਨੇ ਤੋ ਪਾਂਚ ਹਜਾਰ ਬਾਅਦ ਮੇਂ ਦੇਗਾ”।

“ਪਰ ਇਹ ਗੱਲ ਉੱਦਾਂ ਈ ਚੰਗੀ ਨਈਂ। ਕਿਸੇ ਸ਼ਰੀਫ ਔਰਤ ਨਾਲ ਧੋਖਾ ਕਰਨਾ ਕਿੱਧਰ ਦੀ ਚੰਗੀ ਗੱਲ ਆ। ਬੰਦਿਆਂ ਆਂਗ ਕੰਮ ਕਰ ਕੇ ਆਪਣਾ ਰੋਟੀ ਪਾਣੀ ਦਾ ਤੋਰ, ਇਹ ਕੀ ਗਲਤ ਜਿਹੀਆਂ ਗੱਲਾਂ ’ਚ ਪਈ ਜਾਨੈ ਤੂੰ ਡੇਲ?”

“ਤੁਮ ਕੋ ਬਾਤ ਸਮਝ ਮੇਂ ਨਹੀਂ ਆਏਗੀ ਭਾ ਜੀ। ਬਹੁਤ ਸਾਫ ਤਬੀਅਤ ਕੇ ਹੈਂ ਆਪ। ਇਸੀ ਲੀਏ ਮੈਂ ਆਪ ਕੀ ਇੱਜ਼ਤ ਕਰਤਾ ਹੂੰ। ਆਪ ਗਾਲੀ ਵੀ ਦੇਤੇ ਹੈਂ ਤੋ ਮੈਂ ਕੁਛ ਨਹੀਂ ਕਹਿਤਾ। ਅਸਲ ਵਿਚ ਆਪ ਕੋ ਪਗੜੀ ਬਾਂਧਨੀ ਚਾਹੀਏ”।

“ਇਹ ਕੀ ਜਬਲ਼ੀਆਂ ਮਾਰਨ ਲੱਗ ਪਿਆਂ। ਮੈਂ ਤਾਂ ਤੈਨੂੰ ਇਹ ਕਹਿਨਾਂ ਪਈ ਏਸ ਗਲਤ ਕੰਮ ’ਚ ਨਾ ਪੈ। ਕਿਸੇ ਨਾਲ ਧੋਖਾ ਕਰਨਾ ਚੰਗਾ ਨਹੀਂ ਹੁੰਦਾ”।

“ਕੌਨ ਕਿਸ ਕੇ ਸਾਥ ਧੋਖਾ ਕਰਤਾ ਹੈ, ਕੌਨ ਜਾਨੇ? ਕਿਆ ਮਾਲੂਮ ਹੈ ਵੋਹ ਔਰਤ ਜੋ ਪੰਜਾਬ ਸੇ ਆ ਰਹੀ ਹੈ ਉਸਕਾ ਅਪਨਾ ਹੀ ਕੋਈ ਚੱਕਰ ਹੋ? ਵਰਨਾ ਕੌਨ ਐਸੇ ਆਦਮੀ ਕੇ ਸਾਥ ਬਿਨਾਂ ਕੁਛ ਜਾਨੇ ਸਾਦੀ ਕਰਤਾ ਹੈ, ਬੋਲੋ?”

“ਮੈਂ ਤਾਂ ਸਿਰਫ ਤੇਰੇ ਭਲੇ ਲਈ ਕਹਿੰਨਾਂ”।

“ਮੁਝੇ ਮਾਲੂਮ ਹੈ ਭਾ ਜੀ। ਆਪ ਕਭੀ ਗਲਤ ਬਾਤ ਨਹੀਂ ਕਹਿਤੇ। ਲੇਕਿਨ ਅਬ ਮੇਰਾ ਕਿਆ ਹੈ? ਥੋੜ੍ਹੀ ਦੇਰ ਖਾਨੇ ਪੀਨੇ ਕੋ ਖੂਬ ਮਿਲੇਗਾ, ਨਸਾ ਮਿਲੇਗਾ। ਬਾਅਦ ਮੇਂ ਜੋ ਹੋਗਾ ਦੇਖਾ ਜਾਏਗਾ। ਲੋ ਮੇਰਾ ਬਾਸ ਆ ਗਿਆ। ਅੱਛਾ ਭਾ ਜੀ ਸਾਮ ਕੋ ਹੋਰ ਨਸਾ ਲੈ ਕੇ ਆਵਾਂ?”

“ਨਸ਼ਾ ਲੈ ਕੇ ਨਈਂ, ਜਦੋਂ ਤੈਨੂੰ ਸੁਰਤ ਆਈ ਤਾਂ ਆਵੀਂ ਬੈਠ ਕੇ ਗੱਲ ਕਰਾਂਗੇ। ਸਹੁਰਿਆ ਇਹੋ ਜਿਹੇ ਗਲਤ ਬੰਦੇ ਦੇ ਚੱਕਰ ’ਚ ਫਸ ਕੇ ਸਾਰੀ ਉਮਰ ਪਛਤਾਏਂਗਾ”।

“ਭਾ ਜੀ ਹਮਾਰਾ ਕਿਆ ਹੈ? ਕਿਉਂ ਫਿਕਰ ਕਰਤੇ ਹੋ ਹਮਾਰਾ ਤੁਮ? ਨਾ ਕੋਈ ਅਪਨਾ ਹੈ, ਨਾ ਕਿਸੀ ਕੇ ਹਮ ਹੈਂ? ਚਾਰ ਦਿਨ ਐਸ ਕਰੇਂਗੇ। ਔਰ ਕਿਆ ਰੱਖਾ ਹੈ ਇਸ ਦੁਨੀਆਂ ਮੇਂ? ਲੋ ਵੋ ਆ ਗਿਆ ਮੇਰਾ ਬਾਸ”।

“ਤੂੰ ਕੱਲ੍ਹ ਨੂੰ ਨ੍ਹਾ ਧੋ ਕੇ ਸੁਰਤ ’ਚ ਹੋ ਕੇ ਆਈਂ, ਸਮਝਿਆ” ’ਚ।

"ਬਹੁਤ ਅੱਛੇ ਹੋ ਤੁਮ ਭਾ ਜੀ, ਲੇਕਿਨ ਹਮਾਰਾ ਫਿਕਰ ਨਾ ਕਰੋ। ਤੁਮ ਯੇ ਬਤਾਓ ਕਿ ਕਭੀ ਕਿਸੀ ਔਰ ਕੋ ਮਿਲੀ ਹੈ ਐਸੀ ਜਾਬ, ਹਾਂ ਬੋਲੋ? ਯੇ ਕਿਸਮਤ ਕੀ ਬਾਤ ਹੋਤੀ ਹੈ ਭਾ ਜੀ ਐਂਵੇ ਈ ਨਈਂ ਮਿਲਤੀ ਅੱਛੀ ਜੌਬੇਂ ਸਮਝੇ। ਵੋ ਦੇਖੋ ਹਾਰਨ ਮਾਰ ਰਹਾ ਹੈ ਬਾਸ ਮੇਰਾ। ਜਾਤਾ ਹੂੰ ਅਬ। ਫਿਰ ਮਿਲਤੇ ਹੈਂ"।

"ਹੌਲ਼ੀ ਉਏ ਹੌਲ਼ੀ ਸਹੁਰਿਆ, ਧਿਆਨ ਨਾਲ ਤੁਰ, ਨਹੀਂ ਤਾਂ ਸੱਟ ਲੁਆਏਂਗਾ ਡਿੱਗ ਕੇ ..."

❍●❍●❍●

**ਲੇਖਕ ਬਾਰੇ**



ਸਾਧੂ ਬਿਨਿੰਗ 1967 ਤੋਂ ਕਨੇਡਾ ਰਹਿ ਰਿਹਾ ਹੈ। ਹੁਣ ਤੱਕ (2025) ਉਸ ਦੀਆਂ ਵੀਹ ਦੇ ਕਰੀਬ ਪੁਸਤਕਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿੱਚ ਪੰਜ ਕਾਵਿ ਸੰਗ੍ਰਹਿ, ਤਿੰਨ ਕਹਾਣੀ ਸੰਗ੍ਰਹਿ, ਇਕ ਨਾਵਲ ਸ਼ਾਮਲ ਹਨ। ਉਸ ਦੀਆਂ ਸਾਹਿਤਕ ਰਚਨਾਵਾਂ ਪੰਜਾਬੀ ਦੇ ਮੈਗਜ਼ੀਨਾਂ ਨਾਲ ਨਾਲ ਕਨੇਡਾ ਅਮਰੀਕਾ ਦੇ ਅੰਗ੍ਰੇਜ਼ੀ ਦੇ ਕਈ ਸਥਾਪਤ ਮੈਗਜ਼ੀਨਾਂ ਅਤੇ ਪਾਕਿਸਤਾਨ ਦੇ ਕੁਝ ਰਸਾਲਿਆਂ ਵਿੱਚ ਵੀ ਛਪੀਆਂ ਹਨ। ਸਾਧੂ ਬਿਨਿੰਗ ਦੀਆਂ ਰਚਨਾਵਾਂ ਪੰਜਾਬੀ ਅਤੇ ਅੰਗਰੇਜ਼ੀ ਦੇ ਸੱਠ ਤੋਂ ਉੱਪਰ ਸੰਗ੍ਰਹਿਆਂ ਵਿੱਚ ਸ਼ਾਮਲ ਹਨ।

ਉਹ ਕਨੇਡਾ ਤੋਂ ਨਿਕਲਣ ਵਾਲੇ ਪੰਜਾਬੀ ਮੈਗਜ਼ੀਨ ਵਤਨੋਂ ਦੂਰ ਦਾ ਸੰਪਾਦਕ, ਵਤਨ ਦਾ ਸਹਿ-ਸੰਪਾਦਕ, ਅੰਗ੍ਰੇਜ਼ੀ ਮੈਗਜ਼ੀਨ ਅੰਕੁਰ ਦੀ ਕੁਲੈਕਟਿਵ ਦਾ ਮੈਂਬਰ ਅਤੇ ਰੰਗ ਅਤੇ ਈਵਿੰਟ ਮੈਗਜ਼ੀਨਾਂ ਦੇ ਬੋਰਡਾਂ 'ਤੇ ਵੀ ਰਿਹਾ ਹੈ। ਉਸ ਨੇ 'ਲੈਸਨ ਆਫ ਏ ਡਿਫਰਿੰਟ ਕਾਈਂਡ' ਅਤੇ 'ਜਗੀਰੂ ਲੰਬੜ' ਤੋਂ ਬਿਨਾਂ ਸੁਖਵੰਤ ਹੁੰਦਲ ਅਤੇ ਵੈਨਕੂਵਰ ਸੱਥ ਦੀ ਟੀਮ ਨਾਲ ਮਿਲ਼ ਕੇ 'ਪਿਕਟ ਲਾਈਨ', ਅਤੇ 'ਲੱਤਾਂ ਦੇ ਭੂਤ' ਵਰਗੇ ਦਰਜਨ ਤੋਂ ਉੱਪਰ ਨਾਟਕ ਲਿਖੇ ਅਤੇ ਪੇਸ਼ ਕੀਤੇ ਹਨ। ਇਸੇ ਤਰ੍ਹਾਂ ਵਿਦਿਅਕ, ਇਤਿਹਾਸਕ ਅਤੇ ਸਮਾਜਿਕ ਵਿਸ਼ਿਆਂ ਬਾਰੇ ਵੀਡੀਓ ਸਕਰਿਪਟ ਲਿਖੇ ਅਤੇ ਸਹਿ ਨਿਰਦੇਸ਼ਨਾ ਦਾ ਕੰਮ ਵੀ ਕੀਤਾ ਹੈ। ਇਨ੍ਹਾਂ ਵਿੱਚੋਂ ਕੁਝ ਦੇ ਨਾਂ ਹਨ: ਬੋਤਲ ਦਾ ਟੁੱਟਣਾ, ਡਿਸਪਲਿਨ, ਸੈਲਫ ਇਸਟੀਮ, ਕਮਿਊਨੀਕੇਸ਼ਨ, ਨੋ ਸਮਾਲ ਮੈਟਰ ਅਤੇ ਕਾਮਾਗਾਟਾ ਮਾਰੂ।

ਉਹਨੇ ਸੁਖਵੰਤ ਹੁੰਦਲ ਨਾਲ ਮਿਲ਼ ਕੇ ਕਨੇਡਾ ਵਿਚਲੇ ਪੰਜਾਬੀਆਂ ਦੇ ਇਤਿਹਾਸ ਬਾਰੇ 'ਸੰਘਰਸ਼ ਦੇ ਸੌ ਵਰ੍ਹੇ' ਅਤੇ ਕਨੇਡਾ ਵਿੱਚ ਭਾਰਤੀਆਂ ਦੇ ਵੋਟ ਦੇ ਹੱਕ ਲਈ

ਕੀਤੀ ਜੱਦੋ-ਜਹਿਦ ਬਾਰੇ ਖੋਜ ਦੀਆਂ ਕਿਤਾਬਾਂ ਲਿਖੀਆਂ ਹਨ ਅਤੇ ਕੁਝ ਕਿਤਾਬਾਂ ਦੀ ਸੰਪਾਦਨਾ ਵੀ ਕੀਤੀ ਹੈ। ਇਸੇ ਤਰ੍ਹਾਂ ਉਸ ਨੇ ਸੁਖਵੰਤ ਹੁੰਦਲ ਅਤੇ ਗੁਰਮੇਲ ਰਾਏ ਨਾਲ ਮਿਲ਼ ਕੇ ਸਾਧੂ ਸਿੰਘ ਧਾਮੀ ਦਾ ਨਾਵਲ 'ਮਲੂਕਾ' ਅਤੇ ਕੁਝ ਹੋਰ ਕਿਤਾਬਾਂ ਅੰਗ੍ਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤੀਆਂ ਹਨ। ਕਰਤਾਰ ਕੌਰ ਢਿੱਲੋਂ ਅਤੇ ਸ਼ਾਨਾ ਸਿੰਘ ਬਾਲਡਵਿਨ ਦੀਆਂ ਲਿਖਤਾਂ ਦੇ ਨਾਲ ਨਾਲ ਕੁਝ ਹੋਰ ਰਚਨਾਵਾਂ ਵੀ ਅਨੁਵਾਦ ਕੀਤੀਆਂ ਹਨ। ਇਕ ਕਾਵਿ ਸੰਗ੍ਰਹਿ 'ਜੰਗਲ ਦੇ ਵਿਰੁੱਧ' ਦੀ ਸੰਪਾਦਨਾ ਸੁਖਪਾਲ ਸੰਘੇੜਾ ਨਾਲ ਰਲ਼ ਕੇ ਕੀਤੀ ਹੈ।

ਸਾਧੂ ਬਿਨਿੰਗ ਨੇ 1988 ਤੋਂ ਲੈ ਕੇ 2008 ਤੱਕ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿੱਚ ਪੰਜਾਬੀ ਪੜ੍ਹਾਈ ਹੈ ਅਤੇ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਉਣ ਲਈ ਚਾਰ ਕਿਤਾਬਾਂ ਵੀ ਤਿਆਰ ਕੀਤੀਆਂ ਹਨ। ਸਾਹਿਤ ਅਤੇ ਸਭਿਆਚਾਰ ਨਾਲ ਸਸੰਬੰਧਤ ਕਈ ਜਥੇਬੰਦੀਆਂ ਦਾ ਮੋਢੀ ਮੈਂਬਰ ਵੀ ਰਿਹਾ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ ਪੰਜਾਬੀ ਕਲਚਰਲ ਐਸੋਸੀਏਸ਼ਨ, ਪੰਜਾਬੀ ਸਾਹਿਤ ਸਭਾ ਵੈਨਕੂਵਰ ਜੋ ਹੁਣ ਲੇਖਕ ਮੰਚ ਦੇ ਨਾਂ ਨਾਲ ਜਾਣੀ ਜਾਂਦੀ ਹੈ, ਵੈਨਕੂਵਰ ਸੱਥ, ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ। ਉਹ ਲੰਮੇ ਸਮੇਂ ਤੋਂ ਰਾਈਟਰਜ਼ ਯੂਨੀਅਨ ਆਫ ਕੈਨੇਡਾ ਦਾ ਵੀ ਮੈਂਬਰ ਹੈ; ਬੀ ਸੀ ਆਰਟਸ ਬੋਰਡ, ਅਤੇ ਹੈਰੀਟੇਜ ਐਸੋਸੀਏਸ਼ਨ ਦਾ ਵੀ ਮੈਂਬਰ ਰਿਹਾ ਹੈ। ਉਹ ਕਨੇਡਾ ਵਿੱਚ ਘਟ ਗਿਣਤੀ ਬੋਲੀਆਂ ਦੇ ਹੱਕਾਂ ਲਈ ਹੁੰਦੀਆਂ ਸਰਗਰਮੀਆਂ ਅਤੇ ਕਈ ਕਾਂਨਫਰੰਸਾਂ ਵਿੱਚ ਹਿੱਸਾ ਲੈ ਚੁੱਕਾ ਹੈ।

ਉਹਨੂੰ ਕਾਫੀ ਸਾਰੇ ਇਨਾਮ ਸਨਮਾਨ ਵੀ ਪ੍ਰਾਪਤ ਹੋਏ ਹਨ ਜਿਨ੍ਹਾਂ ਵਿਚ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਲੋਂ 2019 ਵਿਚ ਦਿੱਤੀ ਗਈ ਆਨਰੇਰੀ ਡਿਗਰੀ ਡੀ. ਲਿੱਟ. ਵੀ ਸ਼ਾਮਲ ਹੈ।